ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 09 | 06 March 2019 to 12 March 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

ਅੰਦਰ ਪੜ੍ਹੋ


03
ਭਾਈਚਾਰਾ
ਸਿੱਖ ਪੰਚਾਇਤ ਧੜਿਆਂ ਦੀ ਰਾਜਨੀਤੀ ਦੀ ਬਜਾਏ ਇਕ ਇਕਾਈ ਵਜੋਂ ਕੰਮ ਕਰੇਗੀ


07
ਖ਼ਬਰਸਾਰ
ਅਭਿਨੰਦਨ ਦੀ ਰਿਹਾਈ ਮੋਦੀ ਦੀ ਬੰਬ ਗੁਗਲੀ 'ਤੇ ਇਮਰਾਨ ਦਾ ਛੱਕਾ


09
ਖਾਸ ਖ਼ਬਰ
ਭਾਰਤ-ਪਾਕਿ ਜੰਗ ਨਾਲ ਪੰਜਾਬ ਤੇ ਸਿੱਖਾਂ ਦੀ ਹੋ ਸਕਦੀ ਹੈ ਤਬਾਹੀ



20
ਵਿਸ਼ੇਸ਼ ਰਿਪੋਰਟ
ਏਅਰ ਸਟ੍ਰਾਈਕ ਤੋਂ ਬਾਅਦ ਸਿੱਧੂ ਤੇ ਹੋਰਨਾਂ ਨੇ ਮੋਦੀ ਘੇਰਿਆ

## ਦੱਖਣੀ-ਏਸ਼ੀਆਈ ਅਮਨ ਲਈ ਖਤਰਾ ਬਣਿਆ ਭਗਵਾਂਵਾਦ

# ਜੰਗਬਾਜ਼ ਮੋਦੀ-ਮੀਡੀਆ ਦਾ ਫਿਰਕੂ ਤਾਂਡਵ'

### ਘੁਸਕਰ ਮਾਰੇਂਗੇ-ਨਰਿੰਦਰ ਮੋਦੀ : ਨਿਊਜ਼ ਐਂਕਰ ਨੇ ਫੌਜੀ ਵਰਦੀ ਪਾ ਕੇ ਪੜ੍ਹੀਆਂ ਖਬਰਾਂ

- ਜੰਗ ਛਿੜੀ ਤਾਂ ਰੋਕਣੀ ਵਸੋਂ ਬਾਹਰ ਹੋਵੇਗੀ-ਇਮਰਾਨ
- ਜੰਗ ਦਾ ਮਾਹੌਲ ਬਣਾ ਕੇ ਭਾਜਪਾ ਦੇ ਪਰਚਾਰ 'ਚ ਜੁਟੇ ਟੀਵੀ ਐਂਕਰ
- ਸ਼ਹੀਦ ਜਵਾਨਾਂ ਦੇ ਅੰਤਮ ਸੰਸਕਾਰ ਸਮੇਂ ਵੀ ਭੜਕਾਊ ਬਿਆਨਬਾਜ਼ੀ
- ਝੂਠੀਆਂ ਖ਼ਬਰਾਂ ਤੇ ਨਫਰਤੀ ਪਰਚਾਰ ਕਾਰਨ ਲੋਕਾਂ 'ਚ ਸਹਿਮ

**ਚੰਡੀਗੜ੍ਹ/ਜਲੰਧਰ : ਬਿਊਰੋ ਨਿਊਜ਼**
ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਉਨ੍ਹਾਂ ਦੀ ਸਮੁੱਚੀ ਕੈਬਨਿਟ, ਭਾਰਤੀ ਜਨਤਾ ਪਾਰਟੀ ਦੇ ਹਰ ਛੋਟੇ-ਵੱਡੇ ਆਗੂ ਤੇ ਦੇਸ਼ ਭਰ ਦੀਆਂ ਹਿੰਦੂਤਵੀ ਜਥੇਬੰਦੀਆਂ ਦੇ ਆਗੂਆਂ ਨੇ ਭਾਰਤ-ਪਾਕਿਸਤਾਨ ਦਰਮਿਆਨ ਲਗਾਤਾਰ ਟਕਰਾਅ ਦਾ ਮਾਹੌਲ ਬਣਾ ਕੇ ਰੱਖਣ ਤੇ ਇਸ ਨੂੰ ਜੰਗ ਵੱਲ ਲੈ ਕੇ ਜਾਣ ਦਾ ਖ਼ੂਨੀ-ਖੇਲ ਖੇਡਿਆ ਜਾ ਰਿਹਾ ਹੈ। ਅੱਗੇ ਇਸ ਬਲਦੀ ਉਤੇ ਤੇਲ ਪਾਉਣ ਦਾ ਕੰਮ ਭਾਰਤ ਦਾ ਹਿੰਦੂਵਾਦੀ ਮੀਡੀਆ ਕਰ ਰਿਹਾ ਹੈ। ਇਸ ਦੌਰਾਨ ਬਹੁਤੇ ਹਿੰਦੀ-ਅੰਗਰੇਜ਼ੀ ਚੈਨਲਾਂ ਦੀ ਭੂਮਿਕਾ ਭੜਕਾਊ ਤੇ ਅੱਗ ਲਾਊ ਰਹੀ ਹੈ। ਭਾਵੇਂ ਇਸ ਤਰ੍ਹਾਂ ਦੀ ਗੈਰ-ਮਿਆਰੀ ਤੇ ਨਫਰਤ ਫੈਲਾਉਣ ਵਾਲੀ ਪੱਤਰਕਾਰੀ ਕਰਨ ਵਿਚ ਪਾਕਿਸਤਾਨੀ

ਬਾਕੀ ਸਫ਼ਾ 29 'ਤੇ



## ਨਰਿੰਦਰ ਮੋਦੀ ਬਨਾਮ ਗੋਦੀ ਮੀਡੀਆ

14 ਫ਼ਰਵਰੀ ਨੂੰ ਪੁਲਵਾਮਾ ਵਿੱਚ ਹੋਏ ਆਤਮਘਾਤੀ ਹਮਲੇ ਵਿੱਚ ਸੀਆਰਪੀਐੱਫ਼ ਦੇ 41 ਜਵਾਨਾਂ ਦੇ ਸ਼ਹੀਦ ਹੋਣ ਤੋਂ ਬਾਅਦ ਭਾਰਤੀ ਮੀਡੀਆ ਜਿਵੇਂ ਬੇਲਗਾਮ ਹੀ ਹੋ ਗਿਆ ਹੈ। ਐਂਕਰ ਹੀ ਸਰਕਾਰੀ ਬੁਲਾਰੇ ਬਣ ਬੈਠੇ ਹਨ ਤੇ ਸੱਚ ਨੂੰ ਭੁੱਲ ਬੈਠੇ ਹਨ। ਪੁਲਵਾਮਾ ਹਮਲੇ ਤੋਂ ਬਾਅਦ ਇਹ ਖ਼ਬਰ ਦਿੱਤੀ ਗਈ ਕਿ ਹਮਲੇ ਵਿੱਚ 350 ਕਿਲੋ ਵਿਸਫੋਟਕ ਪਦਾਰਥ ਵਰਤਿਆ ਗਿਆ ਸੀ। ਇਸ ਦੇ ਨਾਲ ਇੱਕ ਗੱਡੀ ਦਾ ਢੰਡੋਰਾ ਪਿੱਟਿਆ ਜਾਂਦਾ ਰਿਹਾ ਕਿ ਉਸ ਰਾਹੀਂ ਅਟੈਕ ਕੀਤਾ ਗਿਆ। ਜਾਂਚ ਏਜੰਸੀਆਂ ਨੇ ਇਨ੍ਹਾਂ ਦੋਹਾਂ ਗੱਲਾਂ ਨੂੰ ਹੀ ਗਲਤ ਸਾਬਤ ਕੀਤਾ। ਫਿਰ ਮੀਡੀਆ ਖਾਸ ਕਰ ਨਿਊਜ਼ ਚੈਨਲਾਂ ਵੱਲੋਂ ਸ਼ਹੀਦ ਜਵਾਨਾਂ ਦੇ ਅੰਤਮ ਸੰਸਕਾਰ ਦੀਆਂ ਤਸਵੀਰਾਂ ਦਿਖਾਉਣ ਸਮੇਂ ਉਨ੍ਹਾਂ ਦੇ ਪਰਿਵਾਰਾਂ ਪਾਸੋਂ ਬਦਲਾ ਲੈਣ ਦੇ ਬਿਆਨ ਪ੍ਰਸਾਰਿਤ ਕਰਕੇ ਜੰਗ-ਜੰਗ ਦਾ ਚੀਕ-ਚਿਹਾੜਾ ਪਾਇਆ ਗਿਆ। ਪੁਲਵਾਮਾ ਹਮਲੇ ਤੋਂ ਤੁਰੰਤ ਬਾਅਦ ਜੰਮੂ-ਕਸ਼ਮੀਰ ਦੇ ਗਵਰਨਰ ਨੇ ਇਹ ਗੱਲ ਮੰਨੀ ਸੀ ਕਿ ਇਸ ਹਮਲੇ ਵਿੱਚ ਸੂਹੀਆ ਏਜੰਸੀਆਂ ਦੀ ਨਾਕਾਮੀ ਸਾਬਤ ਹੋਈ ਹੈ,

## ਟਾਂਵਾ-ਟਾਂਵਾ ਦੀਪ ਜਗੇ...

ਰਵੀਸ਼ ਕੁਮਾਰ ਪਿਛਲੇ 20 ਸਾਲਾਂ ਤੋਂ ਐਨਡੀ. ਟੀਵੀ. ਨਾਲ ਕੰਮ ਕਰ ਰਿਹਾ ਹੈ ਅਤੇ ਪੂਰੇ ਭਾਰਤ ਵਿਚ ਸਟੀਕ ਤੇ ਸੱਚੀ ਪੱਤਰਕਾਰੀ ਲਈ ਜਾਣਿਆ ਜਾਂਦਾ ਹੈ। ਰਵੀਸ਼ ਕੁਮਾਰ ਦਾ ਕਹਿਣਾ ਹੈ ਕਿ ਐਨਡੀ. ਟੀਵੀ. ਨੇ ਹਮੇਸ਼ਾ ਜ਼ਿੰਮੇਵਾਰੀ ਵਾਲੀ ਪੱਤਰਕਾਰੀ ਕੀਤੀ ਹੈ। ਜੇ ਤੁਸੀਂ ਇਮਾਨਦਾਰ ਹੋ, ਲੋਕ ਹਿੱਤਾਂ ਲਈ ਪੱਤਰਕਾਰੀ ਕਰਦੇ ਹੋ ਤਾਂ ਚੈਨਲ ਅਤੇ ਪ੍ਰੋਗਰਾਮਾਂ ਦੀ



ਰੂਪ-ਰੇਖਾ ਇਹੀ ਹੋਵੇਗੀ। ਅਜਿਹੀਆਂ ਜ਼ਮੀਨੀ ਹਕੀਕਤਾਂ ਪੇਸ਼ ਕਰਨੀਆਂ ਤੁਹਾਡੀ ਜ਼ਿੰਮੇਵਾਰੀ ਰਹੇਗੀ, ਜਿਹੜੀਆਂ ਐਨਡੀ. ਟੀਵੀ. ਪ੍ਰਾਈਮ ਟਾਈਮ ਵਿਚ ਪੇਸ਼ ਕਰਦਾ ਹੈ। ਅਫ਼ਸੋਸ ਕਿ ਵਰਤਮਾਨ ਸਮਿਆਂ ਵਿਚ ਇਹ ਸਿਹਤਮੰਦ ਮੁਕਾਬਲੇ ਦੀ ਭਾਵਨਾ ਨਹੀਂ ਰਹੀ ਹੈ। ਇਸ ਦੀ ਜਗ੍ਹਾ ਟੀਆਰਪੀ., ਬ੍ਰੇਕਿੰਗ ਨਿਊਜ਼, ਸਭ ਤੋਂ ਪਹਿਲਾਂ ਅਤੇ ਨੰਬਰ ਇਕ ਨੇ ਲੈ ਲਈ ਹੈ। ਰਵੀਸ਼ ਕੁਮਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਤੁਸੀਂ ਲੋਕਤੰਤਰ ਦੇ ਜ਼ਿੰਮੇਵਾਰ ਨਾਗਰਿਕਾਂ

ਬਾਕੀ ਸਫ਼ਾ 29 'ਤੇ

### *ਰਿਪੋਰਟ 'ਚ ਖੁਲਾਸਾ*

## ਪੰਜਾਬ ਪੁਲੀਸ ਕਰ ਰਹੀ ਹੈ ਮਨੁੱਖੀ ਹੱਕਾਂ ਦਾ ਘਾਣ

**ਚੰਡੀਗੜ੍ਹ/ਵਿਸ਼ਵ ਭਾਰਤੀ :** ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਵੱਧ ਘਾਣ ਖੁਦ ਪੰਜਾਬ ਪੁਲੀਸ ਵਲੋਂ ਹੀ ਕੀਤਾ ਜਾਂਦਾ ਹੈ। ਇਹੀ ਨਹੀਂ, ਸੀਨੀਅਰ ਪੁਲੀਸ ਅਫ਼ਸਰ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਮੁਲਾਜ਼ਮ ਤੇ ਅਫ਼ਸਰਾਂ ਨੂੰ ਬਚਾਉਣ ਲਈ ਟਿੱਲ ਲਾ ਦਿੰਦੇ ਹਨ। ਇਹ ਤੱਥ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਵਿਚ ਉਜਾਗਰ ਕੀਤੇ ਗਏ ਹਨ

ਬਾਕੀ ਸਫ਼ਾ 29 'ਤੇ

# ਤਖ਼ਤ ਸ੍ਰੀ ਪਟਨਾ ਸਾਹਿਬ ਦੇ ਐਕਟਿੰਗ ਜਥੇਦਾਰ ਬਣੇ ਗਿ. ਰਾਜਿੰਦਰ ਸਿੰਘ

**ਅੰਮ੍ਰਿਤਸਰ/ਏਟੀ ਨਿਊਜ਼ :**
ਅਨੈਤਿਕਤਾ, ਆਚਰਣਹੀਣਤਾ ਤੇ ਧੱਕੇਸ਼ਾਹੀ ਦੇ ਦੋਸ਼ਾਂ ਹੇਠ ਘਿਰੇ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵਲੋਂ ਦਿਤੇ ਅਸਤੀਫੇ ਨੂੰ ਤਖਤ ਸਾਹਿਬ ਪ੍ਰਬੰਧਕੀ ਬੋਰਡ ਦੀ ਇਕੱਤਰਤਾ ਨੇ ਪ੍ਰਵਾਨ ਕਰ ਲਿਆ ਹੈ। ਨਵੇਂ ਜਥੇਦਾਰ ਬਾਰੇ ਕੋਈ ਸਪਸ਼ਟ ਫੈਸਲਾ ਨਾ ਕਰਦਿਆਂ ਪ੍ਰਬੰਧਕੀ ਬੋਰਡ ਨੇ ਤਖਤ ਸਾਹਿਬ ਵਿਖੇ ਮੁਖ ਗ੍ਰੰਥੀ ਦੀ ਸੇਵਾ ਨਿਭਾਅ ਰਹੇ ਭਾਈ ਰਜਿੰਦਰ ਸਿੰਘ ਨੂੰ ਅਗਲੇ ਹੁਕਮਾਂ ਤੀਕ ਅੰਦਰੂਨੀ ਸੇਵਾ ਸੰਭਾਲ ਦੀ ਜਿੰਮੇਵਾਰੀ ਸੌਂਪ ਦਿੱਤੀ ਹੈ।ਦੂਸਰੇ ਪਾਸੇ ਅਕਾਲ ਤਖਤ



ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਗਿਆਨੀ ਇਕਬਾਲ ਸਿੰਘ ਉਪਰ ਲੱਗੇ ਦੋਸ਼ਾਂ ਦੀ ਜਾਂਚ ਜਾਰੀ ਰਹੇਗੀ ।ਪਹਿਲਾਂ ਤੋਂ ਗਠਿਤ 7 ਮੈਂਬਰੀ ਕਮੇਟੀ ਵਿੱਚ ਤਖਤ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਦੋ ਮੈਂਬਰ ਵੀ ਸ਼ਾਮਿਲ ਕੀਤੇ ਜਾਣਗੇ। ਉਨ੍ਹਾਂ ਕਿਹਾ ਹੈ ਕਿ ਦੋਸ਼ੀ ਪਾਏ ਜਾਣ ਤੇ ਗਿਆਨੀ ਇਕਬਾਲ ਸਿੰਘ ਅਕਾਲ ਤਖਤ ਸਾਹਿਬ ਉਤੇ ਤਲਬ ਵੀ ਕੀਤੇ ਜਾ ਸਕਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੀ ਪਹਿਲਾਂ ਤੋਂ ਤੈਅ ਇੱਕਤਰਤਾ ਹੋਈ ਜਿਸ ਵਿੱਚ ਪ੍ਰਧਾਨ ਅਵਤਾਰ ਸਿੰਘ ਹਿੱਤ, ਮੀਤ ਪਰਧਾਨ ਇੰਦਰਜੀਤ ਸਿੰਘ, ਸੁਰਿੰਦਰ ਸਿੰਘ ਰੁਮਾਲਿਆਂਵਾਲਾ, ਗੋਬਿੰਦ ਸਿੰਘ ਲੌਂਗੋਵਾਲ, ਕਮਿੱਕਰ ਸਿੰਘ, ਰਾਜਾ ਸਿੰਘ,

ਬਾਕੀ ਸਫ਼ਾ 29 'ਤੇ

SINGH CPA PLLC
Making Businesses Tax Efficient
Tax Planning
Bookkeeping/ Payroll
Sales & Occupancy Taxes
Corporate & Individual Taxes
Barjinderjit Singh, CPA
Serving Clients in All 48 States
700 Central Expressway South, Suite 400 Allen, TX. 75013
(214) 210-9600
bill@mysinghcpa.com
www.mysinghcpa.com

22
GET FLAT 22 CENTS DISCOUNT AT TA TravelCenters of America PETRO Stopping Centers
We also offer Line of Credit for Fuel Card
Additional Services with our Fuel Card
✓ National Tire Program ✓ PM & Light Mechanical
✓ 24 Hour Dedicated Repair Service
TRANS-ALLIANCE
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
1.888.795.7035 www.trans-alliance.com

FLEET ONE OVER THE ROAD
FACTORING PROGRAM TO MEET YOUR NEEDS
WITH RATES STARTING AS LOW AS 1%
- A program custom-built to match your fleet's needs – backed by a FDIC-Insured financial partner in WEX Bank.
- Free same day funding
- Free collection management services
- Real-time credit check service
95% Advance in 24 Hours For Trucking Companies
Call for a Quote
(855)641-6955

ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ Foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਰੇ ਕੰਮ ਦੀ 100% ਗਾਰੰਟੀ
Padam Builders
Bhupinder S. Padam
PH : 510-565-6667
Email: padambuilders@gmail.com

ਵਰਕਰਾਂ ਦੀ ਲੋੜ
ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਂਸਟੋਰੈਂਟ ਵਿਚ ਕੰਮ ਕਰਨ ਵਾਲੇ Dish Washer ਦੀ ਲੋੜ ਹੈ।
ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ।
ਸੰਪਰਕ ਕਰੋ:
Gurpreet Singh Sohal :
707-498-9325
Email : redwoodpetroleum@gmail.com



1984
audiobook
ਅਣਚਿਤਵਿਆ ਕਹਿਰ
ਬੋਲਦੀ ਕਿਤਾਬ
ਅਜਮੇਰ ਸਿੰਘ
ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ
ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।
ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਂਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।
ਬੋਲਦੀਆਂ ਕਿਤਾਬਾਂ ਸੁਣਨ ਲਈ
(1) ਸਿੱਖ ਸਿਆਸਤ ਦੀ ਐਂਡਰਾਇਡ ਐਪ ਗੂਗਲ ਪਲੇਅ ਸਟੋਰ Google Play ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।
ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ
ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।
ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:
+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com




Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ
ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ
ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ
ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines
Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਗੁਰਦੁਆਰਾ ਸਾਹਿਬ ਫਰੀਮੌਂਟ ਮਸਲਾ : ਸੰਗਤ ਵੱਲੋਂ ਖ਼ਾਲਸਾ ਧੜੇ ਦੁਆਰਾ ਬਣਾਈ ਗੈਰਕਾਨੂੰਨੀ ਕਮੇਟੀ ਰੱਦ

**ਫਰੀਮੌਂਟ/ਏਟੀ ਨਿਊਜ਼ :** ਬੀਤੇ ਐਤਵਾਰ ਗੁਰਮੀਤ ਸਿੰਘ ਖਾਲਸਾ ਧੜੇ ਦੁਆਰਾ ਕੁੱਝ ਦਿਨ ਪਹਿਲਾਂ ਗੈਰਕਾਨੂੰਨੀ ਤਰੀਕੇ ਨਾਲ ਬਣਾਈ ਕਮੇਟੀ ਨੂੰ ਸੰਗਤ ਦੀ ਪ੍ਰਵਾਨਗੀ ਨਹੀਂ ਮਿਲ ਸਕੀ। ਯਾਦ ਰਹੇ ਕਿ ਸੰਨ 2012 ਤੋਂ ਗੁਰਦੁਆਰਾ ਸਾਹਿਬ ਫਰੀਮੌਂਟ ਦੇ ਸਾਰੇ ਧੜਿਆਂ ਨੇ ਮਿਲ ਕੇ ਸਿੱਖ ਪੰਚਾਇਤ ਨੂੰ ਹੋਂਦ ਵਿਚ ਲਿਆਂਦਾ ਸੀ ਅਤੇ ਇਸ ਕਰਕੇ ਗੁਰਦੁਆਰਾ ਸਾਹਿਬ ਦਾ ਮਾਹੌਲ ਬਹੁਤ ਸ਼ਾਂਤੀ ਵਾਲਾ ਰਿਹਾ। ਗੁਰਦੁਆਰਾ ਸਾਹਿਬ ਵਿਚ 4 ਮਿਲੀਅਨ ਡਾਲਰ ਦੀ ਇਮਾਰਤ ਸੰਗਤ ਨੇ ਬਿਨਾ ਕਰਜ਼ਾ ਲਏ ਖੜ੍ਹੀ ਕੀਤੀ। ਸਕੂਲ ਅਤੇ ਬੱਚਿਆਂ ਦੇ ਪ੍ਰੋਗਰਾਮ ਵੀ ਬਹੁਤ ਵਧੀਆ ਚਲਦੇ ਰਹੇ ਪਰ ਗੁਰਮੀਤ ਸਿੰਘ ਦੀ ਸਿਆਸਤ ਨੇ ਇਕ ਵਾਰ ਮੁੜ ਇਸ ਵਿਚ ਖੜੋਤ ਲਿਆ ਦਿੱਤੀ ਹੈ। ਪਿਛਲੇ ਸਾਲ ਤੋਂ ਹੀ ਗੁਰਮੀਤ ਸਿੰਘ ਧੜਾ ਇਸ ਪ੍ਰਬੰਧ ਤੋਂ ਸ਼ੰਤੁਸ਼ਟ ਨਹੀਂ ਸੀ ਕਿਉਂਕਿ ਇਸ ਸਿਸਟਮ ਵਿਚ ਕਿਸੇ ਬੰਦੇ ਦੀ ਨਿੱਜੀ ਅਹਿਮੀਅਤ ਘੱਟ ਸੀ ਤੇ ਸਾਰਾ ਪਰਬੰਧ ਇਕ ਆਪਸੀ ਇਕਰਾਰਨਾਮੇ ਨਾਲ ਚੱਲਦਾ ਸੀ, ਜਿਸ ਵਿਚ ਚੌਧਰ ਤੇ ਆਪਹੁਦਰੇ ਫੈਸਲੇ ਲੈਣ ਦੀ ਜਗ੍ਹਾ ਨਹੀਂ ਸੀ। ਗੁਰਮੀਤ ਸਿੰਘ ਧੜਾ ਕੁੱਝ ਕਾਰਨਾਂ, ਜਿਸ ਵਿਚ ਐਸਪੀ ਸਿੰਘ ਦੇ ਰੇਡੀਓ ਦੀ ਮਦਦ ਵੀ ਸ਼ਾਮਿਲ ਸੀ, ਕਰਕੇ ਖਫਾ ਹੋ ਗਿਆ ਅਤੇ ਸਿੱਖ ਪੰਚਾਇਤ ਨੂੰ ਤੋੜਨ ਦੀਆਂ ਚਾਲਾਂ ਚੱਲਣ ਲੱਗਾ। ਇਸ ਸਿਸਟਮ ਰਾਹੀਂ ਹੀ ਗੁਰੂ ਗਰੰਥ ਸਾਹਿਬ ਅੱਗੇ ਖੜ੍ਹ ਕੇ ਮੌਜੂਦਾ ਸਿੰਘ ਚੁਣੇ ਗਏ ਸਨ। ਚੁਣੇ ਹੋਏ ਸਿੰਘਾਂ ਵਿੱਚੋਂ ਹਰਮਿੰਦਰ ਸਿੰਘ ਨੇ ਆਪਣੇ ਧੜੇ ਨਾਲ ਤੇ ਇਕਰਾਰਨਾਮੇ ਨਾਲ ਧੋਖਾ ਕਰਕੇ ਕੁੱਝ ਅਜਿਹੇ ਮੁੱਦਿਆਂ ‘ਤੇ ਡਿਕਟੇਟਰਾਨਾ ਫੈਸਲੇ ਲੈਣੇ ਆਰੰਭ ਕਰ ਦਿੱਤੇ, ਜਿਸ ਕਰਕੇ 23 ਨਵੰਬਰ ਨੂੰ ਗੁਰਦੁਆਰਾ ਸਾਹਿਬ ਵਿਚ ਖਾਲਸਾ ਧੜੇ ਦੇ ਦਰਸ਼ਨ ਸੰਧੂ ਨੇ ਕੰਵਲਜੀਤ ਸਿੰਘ ਉਤੇ ਸਿਰੀ ਸਾਹਿਬ ਨਾਲ ਵਾਰ ਕੀਤੇ। ਉਹ ਮਸਲਾ ਹਾਲਾਂ ਚੱਲ ਹੀ ਰਿਹਾ ਸੀ ਕਿ 15 ਸਾਲ ਤੋਂ ਚੱਲ ਰਹੇ ਨਾਨਕਸ਼ਾਹੀ ਕੈਲੰਡਰ ਨੂੰ ਹਟਾ ਕੇ ਬਿਕਰਮੀ ਕੈਲੰਡਰ ਲਾਗੂ ਕਰ ਦਿੱਤਾ। ਉਸ ਮਸਲੇ ਤੋਂ ਬਾਅਦ ਇਕ 11 ਮੈਂਬਰੀ ਕਮੇਟੀ ਬਣਾ ਦਿੱਤੀ ਤੇ ਮੌਜੂਦਾ ਕਮੇਟੀ ਭੰਗ ਕਰ ਦਿੱਤੀ। ਕਮੇਟੀ ਬਣਾਉਣ ਲਈ ਪੰਜ ਸਿੰਘ ਹਾਜ਼ਰ ਹੋਣੇ ਜ਼ਰੂਰੀ ਹਨ ਪਰ ਇਹਨਾਂ ਤਿੰਨ ਮੈਂਬਰਾਂ ਨੇ ਹੀ ਕਮੇਟੀ ਬਣਾਉਣ ਦਾ ਫੈਸਲਾ ਥੋਪ ਦਿੱਤਾ, ਜਿਹੜਾ ਇਸ ਐਤਵਾਰ ਸੰਗਤ ਨੇ ਪੰਜ ਜੈਕਾਰਿਆਂ ਨਾਲ ਰੱਦ ਕਰ ਦਿੱਤਾ ਹੈ। ਇਹਨਾਂ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਨੂੰ ਆਪਣੇ ਅਧਿਕਾਰ ਖੇਤਰ ਦਾ ਹੀ ਨਹੀਂ ਪਤਾ। ਇਹਨਾਂ ਕੋਲ ਕਮੇਟੀ ਭੰਗ ਕਰਨ ਦੀ ਕੋਈ ਤਾਕਤ ਹੀ ਨਹੀਂ ਹੈ। ਪਿਛਲੇ ਸੱਤ ਸਾਲ ਤੋਂ ਗੁਰਮਤਿ ਸਿਧਾਂਤ ਅਨੁਸਾਰ ਹੀ ਸਾਰੇ ਫ਼ੈਸਲੇ ਲਏ ਜਾਂਦੇ ਸਨ ਪਰ ਇਹ ਹੁਣ ਧਾਰਮਿਕ ਰੀਤਾਂ ਨੂੰ ਤਿਲਾਂਜਲੀ ਦੇ ਕੇ ਕਾਰਪੋਰੇਟ ਕਾਨੂੰਨ ਨਾਲ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਉਣ ਦੀ ਵਕਾਲਤ ਕਰਨ ਲੱਗ ਪਏ ਹਨ।

ਗੁਰਦੁਆਰਾ ਸਾਹਿਬ ਸਟੇਜ ਕਮੇਟੀ ਦੇ ਕੁੱਲ 6 ਮੈਂਬਰ ਹਨ ਅਤੇ ਹਰ ਮਹੀਨੇ ਆਪਣੀ ਵਾਰੀ ਅਨੁਸਾਰ ਹਰੇਕ ਮੈਂਬਰ ਸੇਵਾ ਕਰਦਾ ਹੈ। ਇਸ ਮਹੀਨੇ ਸਟੇਜ ਦੀ ਸੇਵਾ ਕੰਵਲਜੀਤ ਸਿੰਘ ਕੋਲ ਹੈ ਪਰ ਖਾਲਸਾ ਧੜੇ ਨੇ ਧੱਕਾ ਕਰਦੇ ਹੋਏ ਕਿਹਾ ਕਿ ਇਸ ਨੂੰ ਸਟੇਜ ਨਹੀਂ ਦਿੱਤੀ ਜਾਵੇਗੀ ਤੇ ਨਵੀਂ ਕਮੇਟੀ ਚਾਰਜ ਸਾਂਭੇਗੀ ਪਰ ਸੰਗਤ ਨੇ ਇਹ ਗਲਤ ਕੰਮ ਨਹੀਂ ਹੋਣ ਦਿੱਤਾ। ਇਸ ਦੌਰਾਨ ਸਟੇਜ ਸੈਕਟਰੀ ਦਵਿੰਦਰ ਸਿੰਘ ਨੇ ਸੰਗਤ ਅੱਗੇ ਪ੍ਰਸਤਾਵ ਰੱਖਿਆ ਤੇ ਕਿਹਾ ਕਿ ਗੁਰਮੀਤ ਸਿੰਘ ਧੜੇ ਨੇ ਜੋ ਕਮੇਟੀ ਬਣਾਈ ਹੈ, ਅਸੀਂ ਉਸ ਨੂੰ ਰੱਦ ਕਰਦੇ ਹਾਂ, ਤਾਂ ਸੰਗਤ ਨੇ ਪੰਜ ਜੈਕਾਰਿਆਂ ਨਾਲ ਇਸ ਪ੍ਰਸਤਾਵ ਨੂੰ ਪ੍ਰਵਾਨਗੀ ਦੇ ਦਿੱਤੀ।

ਗੁਰਦੁਆਰਾ ਸਾਹਿਬ ਦੇ ਪ੍ਰਧਾਨ ਤੇ ਸੁਪਰੀਮ ਕੌਂਸਲ ਮੈਂਬਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ ਰੋਜ਼ਮਰ੍ਹਾ ਦੇ ਕੰਮ ਪ੍ਰਬੰਧਕ ਕਮੇਟੀ ਕਰਦੀ ਹੈ ਤੇ ਸੁਪਰੀਮ ਕੌਂਸਲ ਜ਼ਿਆਦਾ ਦਖ਼ਲ ਨਹੀਂ ਦੇ ਸਕਦੀ। ਸਾਡੀ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਨੂੰ ਬੇਨਤੀ ਹੈ ਕਿ ਉਹ ਹੁਣ ਕਮੇਟੀ ਦੇ ਕੰਮਾਂ ਵਿਚ ਦਖ਼ਲ ਨਾ ਦੇਣ ਅਤੇ ਸਟੇਜ ਦੀ ਸੇਵਾ ਕੰਵਲਜੀਤ ਸਿੰਘ ਨੂੰ ਕਰਨ ਦੇਣ। ਅਗਲੇ ਮਹੀਨਿਆਂ ਵਿਚ ਉਹਨਾਂ ਦੀ ਵੀ ਵਾਰੀ ਆ ਹੀ ਜਾਣੀ ਹੈ। ਇਸ ਘਟਨਾਕ੍ਰਮ ਦੌਰਾਨ ਗੁਰਦੁਆਰਾ ਸਾਹਿਬ ਪੁਲਿਸ ਵੀ ਆਈ। ਉਨ੍ਹਾਂ ਨੇ ਦੇਖਿਆ ਕਿ ਕੋਈ ਲੜਾਈ ਝਗੜਾ ਨਹੀਂ ਹੈ ਤੇ ਵਾਪਸ ਜਾਣਾ ਚਾਹਿਆ ਪਰ ਗੁਰਚਰਨ ਮਾਨ, ਜਿਸ ਨੂੰ ਸਾਰੀ ਸੰਗਤ ਗੁਰੂ ਗ੍ਰੰਥ ਸਾਹਿਬ ਅੱਗੇ ਝੂਠੀ ਸਹੁੰ ਖਾਣ ਵਾਲੇ ਵਜੋਂ ਜਾਣਦੀ ਹੈ, ਨੇ ਪੁਲਿਸ ‘ਤੇ ਜ਼ੋਰ ਪਾਇਆ ਕਿ ਉਹ ਦੀਵਾਨ ਹਾਲ ਵਿਚ ਜਾਣ। ਪੁਲਿਸ ਵਾਲੇ ਨੇ ਉਸ ਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ।

ਇਕ ਸੁਪਰੀਮ ਕੌਂਸਲ ਮੈਂਬਰ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਇੱਕ ਹੋਰ ਘਿਨਾਉਣੀ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ ਗਈ। ਭਾਈ ਅੰਮ੍ਰਿਤਪਾਲ ਸਿੰਘ, ਜੋ ਕਿ ਕਈ ਸਾਲਾਂ ਤੋਂ ਗੁਰਦੁਆਰਾ ਸਾਹਿਬ ਸੇਵਾ ਕਰਦੇ ਆ ਰਹੇ ਹਨ ਤੇ ਤਕਰੀਬਨ ਦੋਹਾਂ ਧੜਿਆਂ ਨਾਲ ਸਬੰਧ ਵੀ ਠੀਕ ਰੱਖਦੇ ਹਨ, ਨੇ ਜਦੋਂ ਇਸ ਬਹਿਸ ਵਿਚ ਬੱਚਿਆਂ ਨੂੰ ਪਾਸੇ ਰਹਿਣ ਲਈ ਕਿਹਾ ਤਾਂ ਉਸ ਵੇਲੇ ਹੈਰਾਨੀ ਹੋਈ ਕਿ ਇਨ੍ਹਾਂ ਲੋਕਾਂ ਨੇ ਆਪਣੇ ਬੱਚਿਆਂ ਨੂੰ ਕਿਵੇਂ ਝੂਠ ਬੋਲਣਾ ਸਿਖਾਇਆ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਅੰਮ੍ਰਿਤਪਾਲ ਨੇ ਸਾਨੂੰ Bully ਕੀਤਾ ਹੈ। ਉਹ ਗੱਲ ਵੱਖਰੀ ਹੈ ਕਿ ਪੁਲਿਸ ਨੇ ਬੱਚਿਆਂ ‘ਤੇ ਯਕੀਨ ਨਹੀਂ ਕੀਤਾ ਪਰ ਬੱਚਿਆਂ ਨੂੰ ਇਸ ਤਰ੍ਹਾਂ ਢਾਲ ਬਣਾ ਕੇ ਵਰਤਣ ਦੀ ਭਾਈ ਅੰਮ੍ਰਿਤਾਲ ਸਿੰਘ ਨੇ ਨਿਖੇਧੀ ਕੀਤੀ ਤੇ ਸੁਆਲ ਕੀਤਾ ਕਿ ਬੱਚੇ ਸਾਰਿਆਂ ਦੇ ਸਾਂਝੇ ਹੁੰਦੇ ਹਨ ਅਤੇ ਅਸੀਂ ਅੱਜ ਬੱਚਿਆਂ ਨੂੰ ਕਾਨੂੰਨ ਕੋਲ ਝੂਠ ਬੋਲਣ ਦੀ ਸਿੱਖਿਆ ਦੇ ਰਹੇ ਹਾਂ।

## ਸਿੱਖ ਪੰਚਾਇਤ ਧੜਿਆਂ ਦੀ ਰਾਜਨੀਤੀ ਦੀ ਬਜਾਏ ਇਕ ਇਕਾਈ ਵਜੋਂ ਕੰਮ ਕਰੇਗੀ





**ਫਰੀਮੌਂਟ/ਏਟੀ ਨਿਊਜ਼ :** ਐਤਵਾਰ ਸ਼ਾਮ ਨੂੰ ਸਿੱਖ ਪੰਚਾਇਤ ਨੇ ਫਰੀਮੌਂਟ ਦੀ ਸੰਗਤ ਲਈ ਇਕ ਇਕੱਠ ਸੱਦਿਆ ਜਿਸ ਵਿਚ 300 ਤੋਂ ਵੱਧ ਸਿੱਖ ਸੰਗਤਾਂ ਨੇ ਹਿੱਸਾ ਲਿਆ। ਸਿੱਖ ਪੰਚਾਇਤ ਨੇ ਆਪਣੇ ਨਿਸ਼ਾਨੇ ਤੇ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਹੋਏ ਸਪੱਸ਼ਟ ਕੀਤਾ ਕਿ ਸਿੱਖ ਪੰਚਾਇਤ ਇਕ ਇਕਾਈ ਵਜੋਂ ਕੰਮ ਕਰੇਗੀ, ਇਹ ਕੋਈ ਧੜਿਆਂ ਦਾ ਸਮੂਹ ਨਹੀਂ ਹੈ। ਇਸ ਮੀਟਿੰਗ ਵਿਚ ਗੁਰਮੀਤ ਸਿੰਘ ਧੜੇ ਵਲੋਂ ਕੀਤੀਆਂ ਕੋਝੀਆਂ ਹਰਕਤਾਂ ਦਾ ਖੁੱਲ੍ਹ ਕੇ ਜ਼ਿਕਰ ਕੀਤਾ ਗਿਆ। ਇਹ ਗੱਲ ਸਾਹਮਣੇ ਸਬੂਤ ਵਜੋਂ ਆਈ ਕਿ ਗੁਰਮੀਤ ਸਿੰਘ ਧੜਾ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਹਥਿਆਉਣ ਲਈ ਕਿਸੇ ਦੀ ਵੀ ਕਿਰਦਾਰਕੁਸ਼ੀ ਤੇ ਸਰਕਾਰ ਨੂੰ ਸ਼ਿਕਾਇਤਾਂ (ਮੁਖਬਰੀ) ਕਰ ਸਕਦਾ ਹੈ। ਪਿਛਲੇ ਸਾਲਾਂ ਵਿਚ ਇਨ੍ਹਾਂ ਵਲੋਂ ਕੀਤੀਆਂ ਅਜਿਹੀਆਂ ਹਰਕਤਾਂ ਦੇ ਚਿੱਠੇ ਵੱਡੀ ਸਕਰੀਨ ‘ਤੇ ਸੰਗਤ ਨੂੰ ਦਿਖਾਏ ਗਏ। ਸਿੱਖ ਪੰਚਾਇਤ ਦੇ ਸਾਰੇ ਹੀ ਬੁਲਾਰਿਆਂ ਨੇ ਪਿਛਲੇ ਸਮੇਂ ਵਿਚ ਗੁਰੂ ਦੀ ਹਾਜ਼ਰੀ ਵਿਚ ਲਏ ਹੁਕਮਨਾਮੇ ਅਤੇ ਖਾਧੀਆਂ ਸਹੁੰਆਂ ਉਤੇ ਚੱਲਣ ਦੀ ਵਚਨਬੱਧਤਾ ਦੁਹਰਾਈ। ਸਟੇਜ ਸੈਕਟਰੀ ਦੀ ਸੇਵਾ ਭਾਈ ਦਵਿੰਦਰ ਸਿੰਘ ਨੇ ਨਿਭਾਈ। ਮੀਟਿੰਗ ਦੀ ਸ਼ੁਰੂਆਤ ਕਰਦੇ ਹੋਏ ਡਾਕਟਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਜਿਹੜੇ ਬੰਦੇ ਸਿੱਖ ਪੰਚਾਇਤ ਬਣਾਉਣ ਵਿਚ ਸ਼ਾਮਿਲ ਸਨ ਤੇ ਜੇ ਉਹ ਹੀ ਲਏ ਹੁਕਮਨਾਮੇ ਦੇ ਪਾਬੰਦ ਨਾ ਰਹਿਣ ਤਾਂ ਬਹੁਤ ਅਫ਼ਸੋਸ ਵਾਲੀ ਗੱਲ ਹੈ। ਇਸੇ ਤਰਾਂ ਭਾਈ ਰਾਮ ਸਿੰਘ, ਭਾਈ ਐਚਪੀ ਸਿੰਘ, ਭਾਈ ਜਸਵਿੰਦਰ ਸਿੰਘ ਜੰਡੀ ਨੇ ਆਪਣੇ ਤਜਰਬੇ ਸਾਂਝੇ ਕੀਤੇ। ਭਾਈ ਗੁਰਬੀਰ ਸਿੰਘ ਨੇ ਆਪਣੀ ਭਾਵਪੂਰਕ ਤਕਰੀਰ ਵਿਚ ਉਸਾਰੀ ਲਈ ਐਚਪੀ ਸਿੰਘ ਵੱਲੋਂ ਕੀਤੀ ਮਿਹਨਤ ਦਾ ਜ਼ਿਕਰ ਕੀਤਾ। ਭਾਈ ਜਸਜੀਤ ਸਿੰਘ ਨੇ ਐਸਪੀ ਸਿੰਘ ਤੇ ਗੁਰਮੀਤ ਸਿੰਘ ਵੱਲੋਂ ਸਾਲ 2003 ਵਿਚ ਕੀਤੀਆਂ ਮੀਟਿੰਗਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਪੰਥ ਦੀ ਭਲਾਈ ਲਈ ਅਸੀਂ ਇਹਨਾਂ ਵੱਲੋਂ ਕੀਤਾ ਹਰ ਧੱਕਾ ਭੁੱਲ ਕੇ ਇਹਨਾਂ ਨੂੰ ਪ੍ਰਬੰਧ ਵਿਚ ਸਾਥੀ ਬਣਾਇਆ ਪਰ ਇਹ ਬੰਦੇ ਅੰਦਰੋਂ ਨਹੀਂ ਬਦਲੇ ਤੇ ਸਿੱਖ ਪੰਚਾਇਤ ਤੇ ਗੁਰ ਸਿਧਾਂਤ ਨਾਲ ਵੀ ਧੋਖਾ ਕਰ ਗਏ। ਉਹਨਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਆਪਾਂ ਗੁਰ ਸਿਧਾਂਤ ਅਨੁਸਾਰ ਸਿੱਖ ਪੰਚਾਇਤ ਦੇ ਇਕਰਾਰਨਾਮੇ ‘ਤੇ ਹੀ ਪਹਿਰਾ ਦੇਣਾ ਹੈ, ਸਾਡੇ ਕੋਲ ਕੋਈ ਹੋਰ ਰਾਹ ਨਹੀਂ ਹੈ। ਭਾਈ ਜਸਦੇਵ ਸਿੰਘ ਨੇ ਆਪਣੀ ਪੀੜ ਸਾਂਝੀ ਕਰਦੇ ਹੋਏ ਦੱਸਿਆ ਕਿ ਗੁਰਮੀਤ ਸਿੰਘ ਵਰਗਿਆਂ ਦੇ ਜਿਹੜੇ ਧਾਰਮਿਕ ਸ਼ਖ਼ਸੀਅਤ ਵਾਲੇ ਬਿੰਬ ਬਣੇ ਹੋਏ ਸਨ, ਉਹ ਇੱਕ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਰਗੇ ਛੋਟੇ ਮੁਫ਼ਾਦ ਨੂੰ ਲੈ ਕੇ ਟੁੱਟਦੇ ਦੇਖੇ ਹਨ।




# ਰਾਜਨੀਤਕ ਸ਼ਰਣ ਦੀ ਉਡੀਕ ਕਰ ਰਹੇ ਸਿੱਖਾਂ ’ਤੇ ਅਣਮਨੁੱਖੀ ਤਸ਼ੱਦਦ

### *ਕੰਨੈਕਟੀਕਟ ਸਿੱਖਾਂ ਨੇ ਮਸਲਾ ਨੈਸ਼ਨਲ ਪੱਧਰ ’ਤੇ ਉਭਾਰਿਆ*




**ਨੌਰਵਿੱਚ (ਕੰਨੈਕਟੀਕਟ)/ਹੁਸਨ ਲੜੋਆ ਬੰਗਾ:** ਟਰੰਪ ਸਰਕਾਰ ਵਲੋਂ ਬਾਹਰਲੇ ਮੁਲਕਾਂ ਤੋਂ ਆ ਰਹੇ ਲੋਕਾਂ ਤੇ ਜਿੱਥੇ ਪਾਬੰਦੀ ਲਾਈ ਜਾ ਰਹੀ ਹੈ, ਉਥੇ ਮੈਕਸੀਕੋ ਦਾ ਬਾਰਡਰ ਟੱਪ ਕੇ ਆਏ ਲੋਕ ਵੀ ਇਸ ਦਾ ਸ਼ਿਕਾਰ ਬਣ ਰਹੇ ਹਨ। ਰਾਜਨੀਤਕ ਸ਼ਰਨ ਉਡੀਕ ਰਹੇ ਸਿੱਖਾਂ ਵਲੋਂ ਦੱਸਿਆ ਜਾ ਰਿਹਾ ਹੈ ਕਿ ਅਮਰੀਕਨ ਏਜੰਸੀ ‘ਆਈਸੀਈ’ ਵਲੋਂ ਫਲੈਕਸਟਨ, ਜੋਰਗਿਆ ਦੀ ਜੇਲ੍ਹ ਵਿਚ ਬੰਦ ਪੰਜਾਬੀਆਂ ‘ਤੇ ਅਣਮਨੁੱਖੀ ਤਸ਼ੱਦਦ ਹੋ ਰਿਹਾ ਹੈ। ਇਸ ਮਸਲੇ ਨੂੰ ਸਵਰਨਜੀਤ ਸਿੰਘ ਖ਼ਾਲਸਾ ਵਲੋਂ ਨੈਸ਼ਨਲ ਪੱਧਰ ’ਤੇ ਉਭਾਰਨ ਲਈ ਅਮਰੀਕੀ ਕਾਂਗਰਸਮੈਨਾਂ ਅਤੇ ਸੈਨੇਟਰਾਂ ਨਾਲ ਇਕ ਖਾਸ ਮੀਟਿੰਗ ਕੀਤੀ ਗਈ ਤੇ ਸਿੱਖਾਂ ’ਤੇ ਅਮਰੀਕੀ ਏਜੰਸੀ ਵਲੋਂ ਕੀਤੇ ਜਾ ਰਹੇ ਤਸ਼ੱਦਦ ਬਾਰੇ ਦੱਸਿਆ ਗਿਆ। ਖਾਲਸਾ ਨੇ ਦੱਸਿਆ ਕਿ ਸਿੱਖਾਂ ਦਾ ਅਮਰੀਕਾ ਆਉਣ ਦਾ ਮੂਲ ਕਾਰਨ ਭਾਰਤ ਸਰਕਾਰ ਵਲੋਂ ਸੰਨ 1984 ਵਿਚ ਹੋਇਆ ਸਿੱਖ ਕਤਲੇਆਮ ਸੀ। ਉਨ੍ਹਾਂ ਦੱਸਿਆ ਕਿ ਅੱਜ ਵੀ ਨੌਜਵਾਨ ਮੁੰਡਿਆਂ ਨੂੰ ਭਾਰਤ ਸਰਕਾਰ ਵਲੋਂ ਖਾਲਿਸਤਾਨ ਸਬੰਧੀ ਪੁਸਤਕਾਂ ਰੱਖਣ ਕਾਰਨ ਉਮਰ ਕੈਦ ਦੀ ਸਜ਼ਾ ਦਿੱਤੀ ਜਾ ਰਹੀ ਹੈ। ਖ਼ਾਲਸਾ ਨੇ ਦੱਸਿਆ ਕਿ ਇਸ ਮਾਹੌਲ ਵਿਚ ਸਿੱਖਾਂ ਨੂੰ ਭਾਰਤ ਵਾਪਸ ਭੇਜਣਾ ਮੌਤ ਦੇ ਮੂੰਹ ਵਿਚ ਪਾਉਣ ਬਰਾਬਰ ਹੈ।

ਇਸ ਮੀਟਿੰਗ ਵਿਚ ਨਿਊਯਾਰਕ ਤੋਂ ਰੇਸ਼ਮ ਸਿੰਘ ਤੇ ਰਵਿੰਦਰਬੀਰ ਸਿੰਘ ਵੀ ਸ਼ਾਮਲ ਹੋਏ, ਜਿਨ੍ਹਾਂ ਦੇ ਭਰਾ ਇਸ ਸਮੇਂ ਜੋਰਗਿਆ ਦੀ ਜੇਲ੍ਹ ਵਿਚ ਬੰਦ ਹਨ। ਰੇਸ਼ਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਭਰਾ ਹਰਪ੍ਰੀਤ ਸਿੰਘ ਨੂੰ ਕੱਪੜੇ ਲਾਹ ਕੇ ਠੰਢਾ ਪਾਣੀ ਪਾਇਆ ਗਿਆ ਤੇ ਦੋ ਦਿਨ ਠੰਢੇ ਕਮਰੇ ਵਿਚ ਰੱਖਿਆ ਗਿਆ। ਸਾਰੀ ਗੱਲਬਾਤ ਸੁਣਨ ਤੋਂ ਬਾਅਦ ਕਾਂਗਰਸਮੈਨ ਦੇ ਦਫ਼ਤਰ ਨੇ ਉਨ੍ਹਾਂ ਨੂੰ ਭਰੋਸਾ ਦੁਆਇਆ ਕਿ ਉਹ ਕੋਈ ਠੋਸ ਕਦਮ ਚੁੱਕ ਕੇ ਉਨ੍ਹਾਂ ਦੇ ਭਰਾਵਾਂ ਦੀ ਸਾਰ ਲੈਣਗੇ।

# ਭਾਰਤ ’ਚ ਸਸਤੀ ਜ਼ਹਿਰੀਲੀ ਸ਼ਰਾਬ ਨਾਲ ਹੋ ਰਹੀਆਂ ਨੇ ਮੌਤਾਂ

- **ਕਈ ਪਰਿਵਾਰ ਅਤੇ ਔਰਤਾਂ ਦੇ ਸੁਹਾਗ ਉਜੜੇ ਤੇ ਬੱਚੇ ਅਨਾਥ ਹੋਏ**



**ਜਲੰਧਰ/ਏਟੀ ਨਿਊਜ਼ :**ਪੂਰੇ ਭਾਰਤ ਵਿਚ ਸ਼ਰਾਬ ਅਤੇ ਹੋਰ ਨਸ਼ਿਆਂ ਦਾ ਸੇਵਨ ਲਗਾਤਾਰ ਵਧ ਰਿਹਾ ਹੈ ਅਤੇ ਉਸੇ ਅਨੁਪਾਤ ਵਿਚ ਅਪਰਾਧ ਵੀ ਵਧ ਰਹੇ ਹਨ। ਸ਼ਰਾਬ ਦੀ ਵਰਤੋਂ ਨਾਲ ਵਡੀ ਗਿਣਤੀ ਵਿਚ ਔਰਤਾਂ ਦੇ ਸੁਹਾਗ ਉੱਜੜ ਰਹੇ ਹਨ, ਬੱਚੇ ਅਨਾਥ ਹੋ ਰਹੇ ਹਨ ਤੇ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦਾ ਘੁਣ ਖੋਖਲਾ ਕਰ ਰਿਹਾ ਹੈ। ਆਮ ਤੌਰ ’ਤੇ ਲੋਕਾਂ ਨੂੰ ਸ਼ਰਾਬ ਦੀ ਲਤ ਲੱਗਦੀ ਹੈ ਅਤੇ ਜਦੋਂ ਉਹ ਆਰਥਿਕ ਤੰਗੀ ਕਾਰਨ ਸ਼ਰਾਬ ਖਰੀਦਣ ਦੇ ਯੋਗ ਨਹੀਂ ਰਹਿੰਦੇ ਤਾਂ ਸਸਤੇ ਨਸ਼ਿਆਂ ਤੇ ਨਕਲੀ ਸ਼ਰਾਬ ਦਾ ਇਸਤੇਮਾਲ ਸ਼ੁਰੂ ਕਰਕੇ ਆਪਣੀ ਜ਼ਿੰਦਗੀ ਬਰਬਾਦ ਕਰ ਬੈਠਦੇ ਹਨ। ਇਸ ਦੇ ਬਾਵਜੂਦ ਸਰਕਾਰਾਂ ਨੇ ਇਸ ਪਾਸਿਓਂ ਅੱਖਾਂ ਮੀਚੀਆਂ ਹੋਈਆਂ ਹਨ, ਕਿਉਂਕਿ ਸਾਡੇ ਸੱਤਾਧਾਰੀ ਨੇਤਾ ਤਾਂ ਸ਼ਰਾਬ ਨੂੰ ਨਸ਼ਾ ਹੀ ਨਹੀਂ ਮੰਨਦੇ ਅਤੇ ਇਸ ਦੀ ਵਿਕਰੀ ਤੋਂ ਹੋਣ ਵਾਲੀ ਭਾਰੀ ਆਮਦਨ ਨੂੰ ਉਹ ਗੁਆਉਣਾ ਨਹੀਂ ਚਾਹੁੰਦੇ।

ਇਹ ਅਟੱਲ ਸੱਚਾਈ ਹੈ ਕਿ ਸ਼ਰਾਬ ਇਕ ਨਸ਼ਾ ਅਤੇ ਜ਼ਹਿਰ ਹੈ, ਜਿਸ ਦੇ ਸੇਵਨ ਨਾਲ ਲਿਵਸ ਸਿਰੋਸਿਸ, ਹਾਈ ਬਲੱਡ ਪ੍ਰੈਸ਼ਰ, ਡਿਪਰੇਸ਼ਨ, ਅਨੀਮੀਆ, ਗਠੀਆ, ਨਾੜੀ ਰੋਗ, ਮੋਟਾਪਾ, ਦਿਲ ਦੇ ਰੋਗ ਆਦਿ ਤੋਂ ਇਲਾਵਾ ਔਰਤਾਂ ਵਿਚ ਗਰਭਪਾਤ, ਗਰਭ ਵਿਚਲੇ ਬੱਚੇ ਦੀ ਸਿਹਤ ’ਤੇ ਉਲਟਾ ਅਸਰ ਅਤੇ ਵੱਖ-ਵੱਖ ਵਿਕਾਰਾਂ ਤੋਂ ਪੀੜਤ ਬੱਚਿਆਂ ਦੇ ਜਨਮ ਵਰਗੀਆਂ ਸਮੱਸਿਆਵਾਂ ਹੁੰਦੀਆਂ ਹਨ। ਨਕਲੀ ਸ਼ਰਾਬ ਬਣਾਉਣ ਲਈ ਵੱਖ-ਵੱਖ ਹਾਨੀਕਾਰਕ ਕੈਮੀਕਲਜ਼ ਤੋਂ ਇਲਾਵਾ ਕਿਰਲੀ, ਸੱਪ ਵਰਗੇ ਜ਼ਹਿਰੀਲੇ ਜੰਤੂਆਂ ਤੇ ਦਰਦ ਨਿਵਾਰਕ ਕਾਲੀ ਮੱਲ੍ਹਮ ਵਰਗੀਆਂ ਚੀਜ਼ਾਂ ਦਾ ਵੀ ਇਸਤੇਮਾਲ ਕੀਤਾ ਜਾਂਦਾ ਹੈ। ਸ਼ਰਾਬ ਪੀਣ ਦੇ ਭਿਆਨਕ ਨਤੀਜੇ ਇਕ ਵਾਰ ਫਿਰ ਉਦੋਂ ਸਾਹਮਣੇ ਆਏ, ਜਦੋਂ ਯੂ. ਪੀ., ਉੱਤਰਾਖੰਡ, ਆਸਾਮ ਤੇ ਆਂਧਰਾ ਪ੍ਰਦੇਸ਼ ਵਿਚ ਸਿਰਫ ਫਰਵਰੀ ਮਹੀਨੇ ਵਿਚ ਹੀ ਜ਼ਹਿਰੀਲੀ ਸ਼ਰਾਬ ਪੀਣ ਨਾਲ 300 ਦੇ ਲੱਗਭੱਗ ਦੀ ਮੌਤ ਹੋ ਗਈ। ਯੂਪੀ ਤੇ ਉੱਤਰਾਖੰਡ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਘੱਟੋ-ਘੱਟ 109 ਵਿਅਕਤੀ ਮਾਰੇ ਗਏ, ਜਦ ਕਿ ਆਸਾਮ ਵਿਚ 157 ਵਿਅਕਤੀਆਂ ਦੀ ਮੌਤ ਹੋਈ। ਆਂਧਰਾ ਪ੍ਰਦੇਸ਼ ਦੇ ਵਿਸ਼ਾਖਾਪਟਨਮ ਵਿਚ ਕੈਮੀਕਲ ਵਾਲੀ ਜ਼ਹਿਰੀਲੀ ਸ਼ਰਾਬ ਪੀਣ ਨਾਲ 7 ਲੋਕਾਂ ਨੇ ਆਪਣੀਆਂ ਅੱਖਾਂ ਦੀ ਰੌਸ਼ਨੀ ਗੁਆ ਲਈ। ਹਮੇਸ਼ਾ ਵਾਂਗ ਦੁਰਘਟਨਾ ਵਾਪਰ ਜਾਣ ਤੋਂ ਬਾਅਦ ਸੰਬੰਧਿਤ ਸੂਬਾ ਸਰਕਾਰਾਂ ਵਲੋਂ ਵੱਖ-ਵੱਖ ਥਾਵਾਂ ’ਤੇ ਛਾਪੇਮਾਰੀ ਤੇ ਕਈ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਮਾਤਰਾ ਵਿਚ ਨਕਲੀ ਸ਼ਰਾਬ ਜ਼ਬਤ ਕੀਤੀ ਗਈ। ਉਕਤ ਮੌਤਾਂ ਪਿੱਛੇ ਸ਼ਰਾਬ ਵਿਚ ਮਿਥਾਈਲ ਐਲਕੋਹਲ ਜਾਂ ਮੈਥਾਨੋਲ ਨਾਮੀ ਜ਼ਹਿਰੀਲਾ ਕੈਮੀਕਲ ਹੋਣ ਦਾ ਸ਼ੱਕ ਹੈ, ਜੋ ਭਾਰਤ ਵਿਚ ਸ਼ਰਾਬ ਨਾਲ ਹੋਣ ਵਾਲੀਆਂ ਮੌਤਾਂ ਦਾ ਵੱਡਾ ਕਾਰਨ ਮੰਨਿਆ ਜਾਂਦਾ ਹੈ। ਮਾਹਿਰਾਂ ਅਨੁਸਾਰ ਮਿਥਾਈਲ ਐਲਕੋਹਲ ਬਹੁਤ ਖਤਰਨਾਕ ਹੁੰਦਾ ਹੈ ਅਤੇ ਇਸ ਦਾ ਅਸਰ ਦਿਮਾਗ, ਅੱਖਾਂ ਅਤੇ ਲਿਵਰ ਤੇ ਪੈਂਦਾ ਹੈ। ਇਸ ਨਾਲ ਵਿਅਕਤੀ ਜਾ ਤਾਂ ਅੰਨਾ ਹੋ ਜਾਂਦਾ ਹੈ ਜਾਂ ਉਸ ਦੀ ਮੌਤ ਹੋ ਜਾਂਦੀ ਹੈ ਤੇ ਇਸ ਦੇ ਲਈ ਮਿਥਾਈਲ ਐਲਕੋਹਲ ਦੀ ਥੋੜ੍ਹੀ ਜਿਹੀ ਮਾਤਰਾ ਹੀ ਕਾਫੀ ਹੁੰਦੀ ਹੈ। ਮਿਥਾਈਲ ਐਲਕੋਹਲ ਮੁੱਖ ਤੌਰ ’ਤੇ ਪੇਂਟ ਤੇ ਪਲਾਈਵੁੱਡ ਇੰਡਸਟਰੀ ਵਿਚ ਇਸਤੇਮਾਲ ਹੁੰਦੀ ਹੈ। ਯੂਪੀ ਤੇ ਉੱਤਰਾਖੰਡ ਵਿਚ ਛਾਪੇਮਾਰੀ ਦੌਰਾਨ ਜ਼ਬਤ ਕੀਤੀ ਗਈ ਸ਼ਰਾਬ ਵਿਚ ਚੂਹੇਮਾਰ ਦਵਾਈ ਮਿਲਾਉਣ ਦਾ ਸ਼ੱਕ ਵੀ ਪ੍ਰਗਟਾਇਆ ਜਾ ਰਿਹਾ ਹੈ। ਵਿਸ਼ਾਖਾਪਟਨਮ ਵਿਚ ਸ਼ਰਾਬ ਨਾਲ ਹੋਈਆਂ ਮੌਤਾਂ ਲਈ ਸ਼ਰਾਬ ਬਣਾਉਣ ਲਈ ਇਸਤੇਮਾਲ ਕੀਤੇ ਗਏ ਜ਼ਹਿਰੀਲੇ ਕੈਮੀਕਲਜ਼ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਉਕਤ ਘਟਨਾਵਾਂ ਲਈ ਜਿੱਥੇ ਸਸਤੀ ਜ਼ਹਿਰੀਲੀ ਸ਼ਰਾਬ ਬਣਾ ਕੇ ਵੇਚਣ ਵਾਲੇ ਮੌਤ ਦੇ ਵਪਾਰੀ ਜ਼ਿੰਮੇਵਾਰ ਹਨ, ਉੱਥੇ ਹੀ ਸੰਬੰਧਿਤ ਸੂਬਿਆਂ ਦਾ ਪ੍ਰਸ਼ਾਸ਼ਨ ਵੀ ਇਸ ਦੇ ਲਈ ਘੱਟ ਜ਼ਿੰਮੇਵਾਰ ਨਹੀਂ, ਜੋ ਨਾਜਾਇਜ਼ ਸ਼ਰਾਬ ਦੇ ਧੰਦੇ ’ਤੇ ਰੋਕ ਲਾਉਣ ਵਿਚ ਨਾਕਾਮ ਸਿੱਧ ਹੋ ਰਿਹਾ ਹੈ। ਇਸ ਲਈ ਜਿੱਥੇ ਜ਼ਹਿਰੀਲੀ ਸ਼ਰਾਬ ਦੇ ਵਪਾਰੀਆਂ ’ਤੇ ਸ਼ਿਕੰਜ਼ਾ ਕੱਸਣ ਅਤੇ ਉਨ੍ਹਾਂ ਨੂੰ ਸਖ਼ਤ ਸਜ਼ਾ ਦੇਣ ਦੀ ਲੋੜ ਹੈ, ਉੱਥੇ ਹੀ ਜ਼ਹਿਰੀਲੀ ਸ਼ਰਾਬ ਕਾਰਨ ਹੋਣ ਵਾਲੀਆਂ ਮੌਤਾਂ ਰੋਕਣ ਲਈ ਪ੍ਰਸ਼ਾਸ਼ਨ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਲੋੜ ਹੈ ਅਤੇ ਜਿੱਥੇ ਕਿਤੇ ਵੀ ਜ਼ਹਿਰੀਲੀ ਸ਼ਰਾਬ ਪੀਣ ਨਾਲ ਮੌਤਾਂ ਹੋਣ, ਉੱਥੇ ਦੇ ਸਥਾਨਕ ਪ੍ਰਸ਼ਾਸ਼ਨ ਵਿਰੁੱਧ ਵੀ ਕਾਰਵਾਈ ਕੀਤੀ ਜਾਣਾ ਚਾਹੀਦੀ ਹੈ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਲੁਧਿਆਣਾ ਵਿਚ ਹੋਈ ਦੂਜੀ ਪੰਥਕ ਅਸੈਂਬਲੀ

## *ਸਿੱਖ ਸੰਸਥਾਵਾਂ ਨੂੰ ਬਾਦਲ ਪਰਿਵਾਰ ਦੀ ਗ਼ੁਲਾਮੀ ਤੋਂ ਅਜ਼ਾਦ ਕਰਵਾਉਣ ਦਾ ਸੱਦਾ*



**ਲੁਧਿਆਣਾ/ਗੁਰਪ੍ਰੀਤ ਸਿੰਘ ਮਹਿਦੂਦਾਂ :** ਸਥਾਨਕ ਗੁਰੂ ਨਾਨਕ ਦੇਵ ਭਵਨ ਵਿਖੇ ਵੱਖ ਵੱਖ ਪੰਥਕ ਜੱਥੇਵੰਦੀਆਂ ਅਤੇ ਪੰਥ ਦਰਦੀਆਂ ਵੱਲੋਂ ਦੂਜੀ ਪੰਥਕ ਅਸੈਂਬਲੀ ਦਾ ਆਯੋਜਨ ਕੀਤਾ ਗਿਆ ਜਿਸ ਦਾ ਸਪੀਕਰ ਸੁਖਦੇਵ ਸਿੰਘ ਭੌਰ ਸਾਬਕਾ ਜਨਰਲ ਸਕੱਤਰ ਐਸਜੀਪੀਸੀ ਨੂੰ ਬਣਾਇਆ ਗਿਆ। ਸ. ਭੌਰ ਅਤੇ ਪੰਥਕ ਅਸੈਂਬਲੀ ਵਿੱਚ ਪਹੁੰਚੇ ਹੋਰਨਾਂ ਬੁੱਧੀਜੀਵੀਆਂ ਵਿਚ ਰੋਜ਼ਾਨਾ ਪਹਿਰੇਦਾਰ ਦੇ ਮੁੱਖ ਸੰਪਾਦਕ ਸ. ਜ਼ਸਪਾਲ ਸਿੰਘ ਹੇਰਾਂ, ਗਿਆਨੀ ਕੇਵਲ ਸਿੰਘ, ਗੁਰਤੇਜ ਸਿੰਘ ਆਈਏਐਸ, ਗੁਰਦਰਸ਼ਨ ਸਿੰਘ ਢਿੱਲੋਂ, ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ, ਐਸਜੀਪੀਸੀ ਮੈਂਬਰ ਜ਼ਸਵੰਤ ਸਿੰਘ ਪੁੜੈਣ, ਹਰਸਿਮਰਨ ਸਿੰਘ, ਪ੍ਰੋ. ਸੁਖਪ੍ਰੀਤ ਸਿੰਘ ਉਦੋਕੇ, ਗਿਆਨੀ ਜਗਤਾਰ ਸਿੰਘ ਜਾਚਕ, ਜਸਪਾਲ ਸਿੰਘ ਸਿੱਧੂ, ਐਡਵੋਕੇਟ ਨਵਕਿਰਨ ਸਿੰਘ, ਸੁਖਜੀਤ ਸਿੰਘ ਖੋਸਾ, ਰਜਿੰਦਰ ਸਿੰਘ ਚੰਡੀਗੜ੍ਹ, ਐਡਵੋਕੇਟ ਜਸਵਿੰਦਰ ਸਿੰਘ, ਖੁਸ਼ਹਾਲ ਸਿੰਘ ਚੰਡੀਗੜ੍ਹ, ਡਾ. ਕੁਲਵੰਤ ਕੌਰ, ਆਦਿ ਨੇ ਕਿਹਾ ਕਿ ਅੱਜ ਸਿੱਖ ਕੌਮ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ ਜਿਨ੍ਹਾਂ ਦਾ ਜਲਦੀ ਅਤੇ ਸਥਾਈ ਹੱਲ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ਼ ਕੇਵਲ ਧਾਰਮਿਕ ਸਮੱਸਿਆਵਾਂ ਦੇ ਹੱਲ ਦੀ ਹੀ ਨਹੀ ਬਲਕਿ ਸਿੱਖਾਂ ਦੀਆਂ ਹੋਰਨਾਂ ਸਮੱਸਿਆਵਾਂ ਜਿਵੇਂ ਕਿ ਸਿੱਖ ਬੱਚਿਆਂ ਦੀ ਪੜ੍ਹਾਈ ਅਤੇ ਸਿੱਖ ਨੌਜਵਾਨਾਂ ਦੇ ਰੁਜ਼ਗਾਰ ਦੀ ਸਮੱਸਿਆ ਵੀ ਹੱਲ ਹੋਣੀ ਚਾਹੀਦੀ।

ਉਨ੍ਹਾਂ ਕਿਹਾ ਕਿ ਸਿੱਖ ਕੌਮ ਵਿੱਚ ਆਏ ਨਿਘਾਰ ਲਈ ਬਾਦਲ ਪਰਿਵਾਰ ਮੁੱਖ ਦੋਸ਼ੀ ਹੈ ਇਸ ਲਈ ਬਾਦਲ ਪਰਿਵਾਰ ਦੇ ਪ੍ਰਭਾਵ ਹੇਠਾਂ ਤੋਂ ਐਸਜੀਪੀਸੀ, ਅਕਾਲੀ ਦਲ ਅਤੇ ਸ੍ਰੀ ਅਕਾਲ ਤਖਤ ਸਾਹਿਬ ਕੱਢਣੇ ਬਹੁਤ ਜ਼ਰੂਰੀ ਹਨ। ਪੰਥ ਦਰਦੀਆਂ ਨੇ ਕਿਹਾ ਕਿ ਤਿੰਨਾਂ ਸੰਸਥਾਵਾਂ ਨੂੰ ਬਾਦਲ ਪਰਿਵਾਰ ਤੋਂ ਮੁਕਤ ਕਰਕੇ ਬਹੁਤ ਸਾਰੀਆਂ ਸਮੱਸਿਆ ਦਾ ਹੱਲ ਸੌਖਿਆਂ ਜ਼ਰੂਰ ਹੋ ਜਾਵੇਗਾ ਪਰ ਸਾਡਾ ਮਨੋਰਥ ਇਸ ਤੋਂ ਵੀ ਅੱਗੇ ਵਿਸ਼ਵ ਪੱਧਰ ਤੇ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਜਮਾਤ ਪੈਦਾ ਕਰਨਾ ਹੈ। ਇਸ ਮੌਕੇ ਡਾ: ਹਰਸ਼ਰਨ ਕੌਰ, ਚਮਕੌਰ ਸਿੰਘ, ਐਡਵੋਕੇਟ ਜਸਵਿੰਦਰ ਸਿੰਘ, ਐਡਵੋਕੇਟ ਜਸਵਿੰਦਰ ਸਿੰਘ ਸ੍ਰੀ ਫਤਿਹਗੜ੍ਹ ਸਾਹਿਬ, ਐਡਵੋਕੇਟ ਨਵਕਿਰਨ ਸਿੰਘ, ਗਿਆਨੀ ਜਗਤਾਰ ਸਿੰਘ ਜਾਚਕ, ਮੱਲ ਸਿੰਘ ਅਤੇ ਹੋਰ ਨਾਮਵਰ ਸਿੱਖ ਹਸਤੀਆਂ ਵੀ ਹਾਜ਼ਰ ਸਨ।

# ਭਾਈ ਲਾਹੌਰੀਆ ਤੋਂ ਤਿਹਾੜ ਜੇਲ੍ਹ ਪ੍ਰਸ਼ਾਸਨ ਵੱਲੋਂ ਖੋਹਿਆ ਬਿਸਤਰਾ ਅਦਾਲਤ ਨੇ ਦਿਵਾਇਆ



**ਨਵੀਂ ਦਿੱਲੀ/ਏਟੀ ਨਿਊਜ਼ :** ਭਾਰਤ ਵਿਚ ਜੇਲ੍ਹਾਂ ਵਿਚ ਬੰਦ ਸਿੱਖ ਬੰਦੀਆਂ ਨਾਲ ਆਨੇ-ਬਹਾਨੇ ਕਿਹੋ ਜਿਹਾ ਮਾੜਾ ਵਿਵਹਾਰ ਕੀਤਾ ਜਾਂਦਾ ਹੈ, ਇਸ ਦੀ ਤਾਜ਼ਾ ਉਦਾਹਰਣ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਦੇ ਤਿਹਾੜ ਜੇਲ ਪ੍ਰਸ਼ਾਸਨ ਨੂੰ ਕੀਤੇ ਇਕ ਹੁਕਮ ਵਿਚੋਂ ਸਾਫ ਝਲਕਦੀ ਹੈ। ਅਦਾਲਤ ਨੇ ਹੁਕਮ ਦਿੱਤੇ ਹਨ ਕਿ ਉਹ ਉਮਰ ਕੈਦ ਦੀ ਸਜ਼ਾ ਭੋਗ ਰਹੇ 57 ਸਾਲਾ ਭਾਈ ਦਇਆ ਸਿੰਘ ਲਾਹੌਰੀਆ ਦੀ ਵਿਗੜੀ ਹੋਈ ਸਿਹਤ ਨੂੰ ਵੇਖਦੇ ਹੋਏ ਇਕ ਬਿਸਤਰੇ ਤੇ ਇਕ ਸਟੂਲ ਦੀ ਸਹੂਲਤ ਦੇਵੇ। ਭਾਈ ਦਇਆ ਸਿੰਘ ਲਾਹੌਰੀਆ ਦੇ ਵਕੀਲ ਸ. ਹਰਪ੍ਰੀਤ ਸਿੰਘ ਹੋਰਾ ਨੇ ਅਦਾਲਤ ਨੂੰ ਦੱਸਿਆ ਕਿ ਸਾਲ 2017 ਵਿਚ ਭਾਈ ਲਾਹੌਰੀਆ ਨੂੰ ਬਿਸਤਰੇ ਤੇ ਸਟੂਲ ਦੀ ਸਹੂਲਤ ਦਿੱਤੀ ਗਈ ਸੀ। ਬਾਅਦ ਵਿਚ ਜੇਲ੍ਹ ਪ੍ਰਸ਼ਾਸਨ ਨੇ ਪਿਛਲਾ ਰਿਕਾਰਡ ਨਾ ਹੋਣ ਦਾ ਬਹਾਨਾ ਬਣਾ ਕੇ ਇਹ ਦੇਣ ਤੋਂ ਨਾਂਹ ਕਰ ਦਿੱਤੀ। ਸੁਣਵਾਈ ਪਿਛੋਂ ਅਦਾਲਤ ਨੇ ਨਿਯਮਾਂ ਮੁਤਾਬਕ ਭਾਈ ਲਾਹੌਰੀਆ ਨੂੰ ਬਿਸਤਰਾ ਤੇ ਸਟੂਲ ਦਿੱਤੇ ਜਾਣ ਦੀ ਹਦਾਇਤ ਦਿੱਤੀ ਹੈ।

ਵਧੀਕ ਸੈਸ਼ਨ ਤੇ ਫ਼ਾਸਟ ਟ੍ਰੈਕ ਜੱਜ ਸਤੀਸ਼ ਕੁਮਾਰ ਅਰੋੜਾ ਦੀ ਅਦਾਲਤ ਵਿਚ ਵਕੀਲ ਸ. ਹਰਪ੍ਰੀਤ ਸਿੰਘ ਹੋਰਾ ਨੇ ਤੁਰਤ ਸੁਣਵਾਈ ਦੀ ਅਰਜ਼ੀ ਦਾਖ਼ਲ ਕਰ ਕੇ ਮੰਗ ਕੀਤੀ ਕਿ 57 ਸਾਲਾ ਲਾਹੌਰੀਆ ਜੋੜਾਂ ਦੇ ਦਰਦ ਦੀ ਬਿਮਾਰੀ ਆਰਥੇਰਾਈਟਸ, ਕਮਰ ਦਰਦ, ਗਰਦਨ ਦੀ ਦਰਦ ਤੇ ਹੋਰ ਬਜ਼ੁਰਗੀ ਦੀ ਉਮਰ ਦੀਆਂ ਬੀਮਾਰੀਆਂ ਨਾਲ ਪੀੜਤ ਹਨ ਜਿਸ ਕਰ ਕੇ, ਰੋਜ਼ਾਨਾ ਦੀਆਂ ਮੁਢਲੀਆਂ ਕਿਰਿਆਵਾਂ ਕਰਨ ਵਿਚ ਉਨ੍ਹਾਂ ਨੂੰ ਔਕੜ ਹੁੰਦੀ ਹੈ। ਉਨ੍ਹਾਂ ਨੂੰ ਹੱਡੀਆਂ ਦੇ ਡਾਕਟਰ ਨੇ ਹੇਠਾਂ ਫਰਸ਼ 'ਤੇ ਚੌਕੜੀ ਮਾਰ ਕੇ ਬੈਠਣ ਦੀ ਸਖ਼ਤ ਮਨਾਹੀ ਕੀਤੀ ਹੋਈ ਹੈ ਜਿਸ ਕਰ ਕੇ, ਉਨ੍ਹਾਂ ਨੂੰ ਸੌਣ ਤੇ ਬੈਠਣ ਲਈ ਬਿਸਤਰਾ ਤੇ ਸਟੂਲ ਦਿੱਤਾ ਜਾਵੇ ਤਾਂ ਕਿ ਉਨ੍ਹਾਂ ਦੇ ਜੋੜਾਂ ਤੇ ਸਰੀਰ ਨੂੰ ਹੋਰ ਨੁਕਸਾਨ ਹੋਣ ਤੋਂ ਬਚਾਇਆ ਜਾ ਸਕੇ। ਮਾਮਲੇ ਦੀ ਅਗਲੀ ਸੁਣਵਾਈ 20 ਮਾਰਚ ਨੂੰ ਹੋਵੇਗੀ।

## ਝੂਠੀ ਹੈ ਪੁਲਵਾਮਾ ਹਮਲੇ ਬਾਰੇ ਵਾਇਰਲ ਹੋਈ ਆਡੀਓ-ਵੀਡਿਓ

**ਚੰਡੀਗੜ੍ਹ/ਬਿਊਰੋ ਨਿਊਜ਼ :** ਸੋਸ਼ਲ ਮੀਡੀਆ ਉਤੇ ਪੁਲਵਾਮਾ ਹਮਲੇ ਬਾਰੇ ਭਾਰਤੀ ਜਨਤਾ ਪਾਰਟੀ ਦੇ ਉਚ ਆਗੂਆਂ ਰਾਜਨਾਥ ਸਿੰਘ ਤੇ ਅਮਿਤ ਸ਼ਾਹ ਦੀ ਆਵਾਜ਼ ਵਾਲੀ ਕਿਸੇ ਗੁੰਮਨਾਮ ਔਰਤ ਨਾਲ ਕਥਿਤ ਤੌਰ 'ਤੇ ਹੋ ਰਹੀ ਫੋਨ ਕਾਲ ਦੀ ਆਡੀਓ ਕਲਿੱਪ ਵਾਲੀ ਵੀਡਿਓ ਝੂਠੀ ਹੈ। ਇਕ ਵਿਦੇਸ਼ ਬੈਠੇ ਪੱਤਰਕਾਰ ਨੇ ਫੇਸਬੁੱਕ ਉਤੇ ਲਾਈਵ ਹੋ ਕੇ ਇਹ ਆਡੀਓ ਲੋਕਾਂ ਨੂੰ ਸੁਣਾਈ ਜੋ ਜੰਗਲ ਦੀ ਅੱਗ ਵਾਂਗ ਫੈਲੀ। ਤਿੰਨ ਘੰਟੇ ਵਿਚ ਹੀ ਇਹ ਵੀਡਿਓ ਤਿੰਨ ਮਿਲੀਅਨ ਲੋਕਾਂ ਨੇ ਦੇਖੀ। ਅਵੀ ਡਾਂਡੀਆਂ ਨਾਂ ਦੇ ਇਸ ਪੱਤਰਕਾਰ ਨੇ ਇਹ ਕਾਰਾ ਕਿਸੇ ਸਾਜ਼ਿਸ਼ ਤਹਿਤ ਕੀਤਾ ਜਾਂ ਅਣਜਾਣੇ ਹੀ ਉਹ ਜੋਸ਼ ਵਿਚ ਆ ਕੇ ਇਸ ਦਾ ਸ਼ਿਕਾਰ ਬਣਿਆ, ਇਹ ਹਾਲਾਂ ਜਾਂਚ ਦਾ ਵਿਸ਼ਾ ਹੈ ਪਰ ਇਸ ਆਡੀਓ ਦੇ ਜਾਅਲੀ ਹੋਣ ਬਾਰੇ ਇਸ ਨੂੰ ਗਹੁ ਸੁਣਨ ਉਤੇ ਹੀ ਪਤਾ ਲੱਗ ਜਾਂਦਾ ਹੈ। ਇਸ ਆਡੀਓ ਕਲਿੱਪ ਵਿਚ ਬੀਜੇਪੀ ਆਗੂਆਂ ਰਾਜਨਾਥ ਸਿੰਘ ਤੇ ਅਮਿਤ ਸ਼ਾਹ ਦੀ ਆਵਾਜ਼ ਨੂੰ ਉਨ੍ਹਾਂ ਦੇ ਵੱਖ-ਵੱਖ ਭਾਸ਼ਣਾਂ ਵਿਚੋਂ ਕੱਟ ਕਰ ਕੇ ਇਕ ਔਰਤ ਨਾਲ ਫੋਨ ਕਾਲ ਦੇ ਰੂਪ ਵਿਚ ਫਿੱਟ ਕੀਤਾ ਗਿਆ, ਜਿਸ ਵਿਚ ਉਹ ਪੈਸੇ ਲੈ ਕੇ ਹਮਲਾ ਕਰਵਾਉਣ ਦੀ ਗੱਲ ਕਰ ਰਹੀ ਹੈ। ਫਿਲਹਾਲ ਇਸ ਵੀਡਿਓ ਨੂੰ ਡਾਂਡੀਆਂ ਨੇ ਆਪਣੇ ਫੇਸਬੁੱਕ ਅਕਾਊਂਟ ਤੋਂ ਤਾਂ ਹਟਾ ਦਿੱਤਾ ਹੈ ਪਰ ਇਹ ਯੂ-ਟਿਊਬ ਅਤੇ ਟਵਿੱਟਰ ਉਤੇ ਧੜਾਧੜ ਚੱਲ ਰਹੀ ਹੈ।

## ਕਸ਼ਮੀਰੀ ਖਾੜਕੂ ਆਗੂ ਮਸੂਦ ਅਜ਼ਹਰ ਦੀ ਮੌਤ ਬਾਰੇ ਅਟਕਲਾਂ

**ਨਵੀਂ ਦਿੱਲੀ/ਏਟੀ ਨਿਊਜ਼ :** ਖ਼ਤਰਨਾਕ ਅਤਿਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ ਸੰਸਥਾਪਕ ਮਸੂਦ ਅਜ਼ਹਰ ਦੀ ਗੁਰਦੇ ਫੇਲ੍ਹ ਹੋਣ ਦੀ ਸੰਭਾਵਨਾ ਜਤਾਈ ਗਈ ਹੈ। ਰਿਪੋਰਟਾਂ ਮੁਤਾਬਕ ਉਸ ਦਾ ਰਾਵਲਪਿੰਡੀ ਦੇ ਫ਼ੌਜੀ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਉਸ ਨੂੰ ਰੈਗੂਲਰ ਡਾਇਲਸਿਸ 'ਤੇ ਰੱਖਿਆ ਹੋਇਆ ਹੈ। ਇਹ ਗੱਲ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਵੱਲੋਂ ਮਸੂਦ ਦੇ 'ਬੇਹੱਦ ਬਿਮਾਰ' ਹੋਣ ਦੇ ਦਾਅਵੇ ਮਗਰੋਂ ਸਾਹਮਣੇ ਆਈ ਹੈ। ਇਕ ਸੀਨੀਅਰ ਸੁਰੱਖਿਆ ਅਧਿਕਾਰੀ ਮੁਤਾਬਕ ਮਸੂਦ ਅਜ਼ਹਰ ਪਾਕਿਸਤਾਨ ਫ਼ੌਜ ਦੇ ਹੈੱਡਕੁਆਰਟਰ ਰਾਵਲਪਿੰਡੀ ਦੇ ਫ਼ੌਜੀ ਹਸਪਤਾਲ ਵਿਚ ਦਾਖ਼ਲ ਹੈ ਤੇ ਕਾਫ਼ੀ ਬਿਮਾਰ ਹੈ। ਕੁਰੈਸ਼ੀ ਨੇ ਪਹਿਲਾਂ ਮੰਨਿਆ ਸੀ ਕਿ ਅਜ਼ਹਰ ਪਾਕਿ ਵਿਚ ਹੈ ਤੇ ਕਾਫ਼ੀ ਬਿਮਾਰ ਹੈ। ਉਨ੍ਹਾਂ ਕਿਹਾ ਸੀ ਕਿ ਉਹ ਐਨਾ ਬਿਮਾਰ ਹੈ ਕਿ ਬਿਸਤਰਾ ਵੀ ਛੱਡਣ ਤੋਂ ਅਸਮਰੱਥ ਹੈ। ਜੈਸ਼ ਮੁਖੀ ਮਸੂਦ ਓਸਾਮਾ ਬਿਨ ਲਾਦੇਨ ਦਾ ਕਰੀਬੀ ਰਿਹਾ ਹੈ। ਉਸ 'ਤੇ ਯੂਕੇ ਦੀਆਂ ਮਸਜਿਦਾਂ ਵਿਚ ਜੇਹਾਦ ਨੂੰ ਸ਼ਹਿ ਦੇਣ ਦੇ ਵੀ ਦੋਸ਼ ਲਗਦੇ ਰਹੇ ਹਨ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.







Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS





Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ





ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਜਸਟਿਸ ਗੁਰਨਾਮ ਸਿੰਘ ਜਾਂਚ ਪੜਤਾਲ ਕਮਿਸ਼ਨ, ਪੰਜਾਬ

# ਹਵਾਲਾ ਨਕੋਦਰ ਘਟਨਾ

## ਜਾਂਚ ਪੜਤਾਲ ਰਿਪੋਰਟ

ਚੰਡੀਗੜ੍ਹ, ਅਕਤੂਬਰ 31, 1986

**4 ਫਰਵਰੀ 1986 ਨੂੰ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਪੈਂਦੇ ਕਸਬਾ ਨਕੋਦਰ ਵਿਖੇ ਇਕ ਹੌਲਨਾਕ ਕਾਂਡ ਵਾਪਰਿਆ ਸੀ। ਅਖੌਤੀ ਸ਼ਿਵ ਸੈਨਿਕਾਂ ਨੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਬੇਅਦਬੀ ਕੀਤੀ ਸੀ। ਸਿੱਖ ਸੰਗਤਾਂ ਨੇ ਜਦੋਂ ਰੋਸ ਵਿਚ ਅਮਨ-ਪੂਰਵਕ ਜਲੂਸ ਕੱਢਿਆ ਤਾਂ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਦੇ ਲਾਠੀਚਾਰਜ ਕੀਤਾ। ਇਸ ਦੌਰਾਨ ਚਾਰ ਸਿੱਖ ਨੌਜਵਾਨ ਸ਼ਹੀਦ ਹੋਏ ਤੇ ਸੈਂਕੜੇ ਜ਼ਖ਼ਮੀ ਹੋਏ। ਇਸ ਬਾਬਤ ਤਤਕਾਲੀਨ ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਨੇ ਜਾਂਚ ਵਾਸਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਸਥਾਪਨਾ ਕੀਤੀ ਸੀ, ਜਿਸ ਦੀ ਰਿਪੋਰਟ ਲੰਮਾ ਸਮਾਂ ਦਬਾ ਕੇ ਰੱਖਣ ਤੋਂ ਬਾਅਦ ਸਾਲ 2001 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਵਿਧਾਨ ਸਭਾ 'ਚ ਪੇਸ਼ ਹੋਈ ਪਰ ਬਾਦਲ ਸਰਕਾਰ ਨੇ ਵੀ ਕੋਈ ਕਾਰਵਾਈ ਕਰਨ ਦੀ ਥਾਂ ਇਸ ਰਿਪੋਰਟ ਨੂੰ ਮੁੜ ਨੱਪ ਲਿਆ। ਲੰਮੀ ਜੱਦੋਜਹਿਦ ਤੋਂ ਬਾਅਦ ਆਖਿਰ ਮੁੜ ਇਸ ਰਿਪੋਰਟ ਨੂੰ ਬਾਹਰ ਲਿਆਉਣ ਵਿਚ ਕਾਮਯਾਬੀ ਮਿਲੀ ਹੈ। ਅਦਾਰਾ "ਅੰਮ੍ਰਿਤਸਰ ਟਾਈਮਜ਼" ਵੱਲੋਂ ਜਸਟਿਸ ਗੁਰਨਾਮ ਸਿੰਘ ਰਿਪੋਰਟ ਦਾ ਹੂਬਹੂ ਉਤਾਰਾ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ-ਸੰਪਾਦਕ।**

### ਭਾਗ ਤੀਜਾ

(ਲੜੀ ਜੋੜਨ ਲਈ ਪਿਛਲੇ ਅੰਕ ਵੇਖੋ)

22. ਸ੍ਰੀ ਗੋਪਾਲ ਸਿੰਘ ਘੁੰਮਣ ਉਸ ਸਮੇਂ ਨਕੋਦਰ ਦਾ ਡੀ.ਐਸ.ਪੀ.ਸੀ, ਉਸ ਨੇ ਜੋ ਆਪਣੇ ਹਲਫ਼ੀਆ ਬਿਆਨ ਵਿਚ ਇਹ ਬਿਆਨ ਦਿੱਤਾ ਕਿ ਉਸ ਨੂੰ ਗੁਰਦੁਆਰੇ ਵਿਚ ਅੱਗ ਦਾ 11 ਵਜੇ ਸਵੇਰੇ ਮਿਤੀ 2.2.1986 ਨੂੰ ਪਤਾ ਲੱਗਾ ਅਤੇ ਉਹ ਖੁਦ ਅਤੇ ਐਸ.ਡੀ.ਐਮ.ਨਕੋਦਰ ਸ੍ਰੀ ਸੁਰਜੀਤ ਸਿੰਘ ਰਾਜਪੂਤ, ਸ੍ਰੀ ਜਸਕੀਰਤ ਸਿੰਘ ਐਸ. ਐਚ.ਓ. ਨਕੋਦਰ ਮੌਕੇ 'ਤੇ ਪਹੁੰਚੇ ਅਤੇ ਵੇਖਿਆ ਕਿ 'ਪਵਿੱਤਰ ਬੀੜਾਂ' ਹੋਰ ਸਮਾਨ ਸੜਿਆ ਪਿਆ ਹੈ। ਉਨ੍ਹਾਂ ਦੇ ਬਿਆਨ ਵਿਚ ਅੱਗੇ ਇਹ ਸ਼ਾਮਲ ਹੈ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਜਿਨ੍ਹਾਂ ਤੋਂ ਉਸ ਨੇ ਮੌਕੇ ਤੇ ਪੁੱਛ -ਪੜਤਾਲ ਕੀਤੀ ਨੇ ਇਹ ਬਿਆਨ ਦਿੱਤੇ ਕਿ ਉਨ੍ਹਾਂ ਨੂੰ ਕਿਸੇ ਸ਼ਰਾਰਤ ਦਾ ਕੋਈ ਸ਼ੱਕ ਨਹੀਂ ਕਿਉਂਕਿ ਉਨ੍ਹਾਂ ਨੇ ਕਿਸੇ ਵੀ ਵਿਅਕਤੀ ਨੂੰ ਸ਼ੱਕੀ ਹਾਲਤ ਵਿਚ ਇੱਥੇ ਘੁੰਮਦਿਆਂ ਨਹੀਂ ਵੇਖਿਆ। ਇਸੇ ਤਰ੍ਹਾਂ ਸ੍ਰੀ ਸੁਰਜੀਤ ਸਿੰਘ ਰਾਜਪੂਤ ਐਸ.ਡੀ.ਐਮ.ਨੇ ਆਪਣੇ ਹਲਫੀਆ ਬਿਆਨ ਵਿਚ ਬਿਆਨ ਕੀਤਾ ਹੈ ਕਿ ਜਦੋਂ ਕਿ ਡੀ.ਐਸ.ਪੀ. ਸਮੇਤ ਗੁਰਦੁਆਰਾ ਪਹੁੰਚੇ ਉਦੋਂ ਤੱਕ ਅੱਗ ਖਤਮ ਹੋ ਚੁੱਕੀ ਸੀ ਅਤੇ ਸੜੀਆਂ ਹੋਈਆਂ ਪਵਿੱਤਰ 'ਬੀੜਾਂ' ਅਤੇ ਸੜਿਆ ਹੋਇਆ ਹੋਰ ਸਮਾਨ ਕਮਰੇ ਵਿਚੋਂ ਬਾਹਰ ਕੱਢ ਕੇ ਵਿਹੜੇ ਵਿਚ ਰੱਖਿਆ ਹੋਇਆ ਸੀ, ਉਸਨੇ ਅੱਗੇ ਬਿਆਨ ਦਿੱਤਾ ਕਿ ਉਦੋਂ ਤੱਕ ਉਸ ਇਲਾਕੇ ਕੇ ਕਾਫ਼ੀ ਲੋਕ ਗੁਰਦੁਆਰੇ ਵਿਚ ਇਕੱਠੇ ਹੋ ਚੁੱਕੇ ਸਨ ਅਤੇ ਉਨ੍ਹਾਂ ਨੇ ਰਿਪੋਰਟ ਦਿੱਤੀ ਕਿ ਉਨ੍ਹਾਂ ਨੇ ਗੁਰਦੁਆਰੇ ਦੇ ਅੰਦਰ ਜਾਂ ਇਸ ਦੇ ਨੇੜੇ ਤੇੜੇ ਕਿਸੇ ਵਿਅਕਤੀ ਨੂੰ ਨਹੀਂ ਵੇਖਿਆ।

23. ਗੁਰਦੁਆਰਾ ਸਾਹਿਬ ਵਿਚ 'ਬੀੜਾਂ' ਦੇ ਜਲਣ ਸਬੰਧੀ ਐਫ.ਆਈ.ਆਰ.ਨੰ. 50 ਸਬੰਧੀ ਕੇਸ ਦੀ ਜਾਂਚ ਪੜਤਾਲ ਇਕ ਸਹਾਇਕ ਸਬ ਇੰਸਪੈਕਟਰ ਸ੍ਰੀ ਮੁਖਤਿਆਰ ਚੰਦ ਨੇ ਕੀਤੀ ਸੀ। ਸ੍ਰੀ ਮੁਖਤਿਆਰ ਚੰਦ ਨੇ ਐਸ.ਆਈ.ਕੇਸ ਦੀ ਪੈਰਵੀ ਵਿਚ ਸ੍ਰੀ ਜਸਕੀਰਤ ਸਿੰਘ ਐਸ.ਐਚ.ਓ. ਨਕੋਦਰ ਨਾਲ ਸ਼ਾਮਲ ਸੀ। ਸ੍ਰੀ ਜਸਕੀਰਤ ਸਿੰਘ ਨੇ ਕਮਿਸ਼ਨ ਸਾਹਮਣੇ ਇਹ ਬਿਆਨ ਦਿੱਤਾ ਸੀ ਕਿ ਉਸ ਦੀ ਜਾਂਚ ਪੜਤਾਲ ਇਹ ਦੱਸਦੀ ਹੈ ਕਿ ਅੱਗ ਦਾ ਲੱਗਣਾ ਇਤਫ਼ਾਕੀਆ ਹਾਦਸਾ ਸੀ ਅਤੇ ਇਸ ਦੇ ਲੱਗਣ ਬਾਰੇ ਕੋਈ ਸਬੂਤ ਨਹੀਂ ਪਾਇਆ ਗਿਆ।

24. ਸ੍ਰੀ ਇਜ਼ਾਹਰ ਆਲਮ ਆਈ.ਪੀ.ਐਸ. ਇਸ ਹਾਦਸੇ ਸਮੇਂ ਉਦੋਂ ਜਲੰਧਰ ਦੇ ਐਸ.ਐਸ.ਪੀ.ਸੀ। ਉਹ 3 ਫਰਵਰੀ, 1986 ਨੂੰ ਗੁਰਦੁਆਰੇ ਗਏ, ਸ੍ਰੀ ਇਜ਼ਹਾਰ ਆਲਮ ਨੇ ਆਪਣੇ ਹਲਫ਼ੀਆ ਬਿਆਨ ਵਿਚ ਅਤੇ ਕਮਿਸ਼ਨ ਦੁਆਰਾ ਰਿਕਾਰਡ ਕੀਤੇ ਗਏ ਬਿਆਨ ਵਿਚ ਕਿਹਾ ਹੈ ਕਿ ਉਸ ਨੇ ਅੱਗ ਲੱਗਣ ਦੇ ਕਾਰਨ ਦੀ ਜਾਂਚ ਪੜਤਾਲ ਕੀਤੀ ਹੈ ਅਤੇ ਉਹ ਇਸ ਸਿੱਟੇ 'ਤੇ ਪਹੁੰਚਿਆ ਹੈ ਕਿ ਅੱਗ ਅਚਾਨਕ ਲੱਗੀ ਸੀ ਅਤੇ ਇਸ ਦਾ ਕਾਰਨ ਲਾਪ੍ਰਵਾਹੀ ਸੀ। ਉਸ ਨੇ ਇਹ ਵੀ ਬਿਆਨ ਦਿੱਤਾ ਸੀ ਕਿ ਸ਼ਰਾਰਤ ਦੀ ਸੰਭਾਵਨਾ ਨੂੰ ਝੁਠਲਾਇਆ ਨਹੀਂ ਜਾ ਸਕਦਾ, ਪਰ ਜੇਕਰ ਇਹ ਸ਼ਰਾਰਤ ਸੀ ਤਾਂ ਇਹ ਗੁਰਦੁਆਰੇ ਦੇ ਗ੍ਰੰਥੀ ਦੁਆਰਾ ਹੀ ਹੋ ਸਕਦੀ ਹੈ। ਕਮਿਸ਼ਨ ਅੱਗੇ ਆਪਣੀ ਰਾਇ ਲਈ ਉਸ ਨੇ ਨਿਮਨ ਆਧਾਰ ਦਿੱਤੇ ਹਨ :-

1. ਕਿ ਜੇ ਇਹ ਕਿਸੇ ਕਿਸਮ ਦੀ ਸ਼ਰਾਰਤ ਹੈ ਤਾਂ ਜਿਹੜੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਗੁਰਦੁਆਰੇ ਵਿਚ ਪ੍ਰਕਾਸ਼ ਹੋਇਆ ਸੀ ਜਲੀ ਹੋਣੀ ਚਾਹੀਦੀ ਸੀ, ਕਿਉਂਕਿ ਇਹ ਕਿਸੇ ਵੀ ਆਦਮੀ ਲਈ ਗੁਰੂ ਗ੍ਰੰਥ ਪ੍ਰਤੀ ਸ਼ਰਧਾ ਭੇਟ ਕਰਨ ਦੇ ਬਹਾਨੇ ਕਿਸੇ ਕਿਸਮ ਦੀ ਸ਼ਰਾਰਤ ਕੀਤੀ ਜਾਣੀ ਬੜੀ ਆਸਾਨ ਸੀ।

2.ਕਿਉਂਕਿ ਉਹ ਸਾਰੀਆਂ ਪੰਜ ਬੀੜਾਂ ਜੋ



ਗੁਰਦੁਆਰੇ ਅੰਦਰ ਨਾਲ ਦੇ ਇਕ ਕਮਰੇ ਵਿਚ ਰੱਖੀਆਂ ਗਈਆਂ ਸਨ, ਜਲੀਆਂ ਨਹੀਂ ਸਨ ਅਤੇ ਇਸ ਦੇ ਉਲਟ ਉਸ ਕਮਰੇ ਵਿਚ ਜੋ ਵੀ ਚੀਜ਼ਾਂ ਰੱਖੀਆਂ ਹੋਣੀਆਂ ਸਨ ਜਿਸ ਵਿਚ ਬੀੜਾਂ ਤੇ ਤਖਤਪੋਸ਼ ਹਨ ਸਭ ਜਲ ਗਏ ਸਨ। ਪੰਜ ਬੀੜਾਂ ਵਿਚੋਂ ਚਾਰ ਬੀੜਾਂ ਨੂੰ ਜ਼ਿਆਦਾ ਨੁਕਸਾਨ ਹੋਇਆ ਸੀ ਅਤੇ ਉਨ੍ਹਾਂ ਦੇ ਕਵਰ ਉਪਰ ਕਾਲੇ ਧੱਬੇ ਸਨ। ਇਕ ਬੀੜ ਜਿਸ ਦਾ ਪ੍ਰਕਾਸ਼ ਹੋਇਆ ਸੀ ਉਸ ਦੇ ਕੁਝ ਪਤਰੇ ਜਲ ਗਏ ਸਨ ਪ੍ਰੰਤੂ ਉਹ ਵੀ ਪੂਰੀ ਤਰ੍ਹਾਂ ਨਹੀਂ ਜਲੇ ਸਨ। ਜੇਕਰ ਸ਼ਰਾਰਤ ਕਰਨ ਦੀ ਭਾਵਨਾ ਹੁੰਦੀ ਤਾਂ ਅੱਗ ਦਾ ਨਿਸ਼ਾਨਾ ਜ਼ਰੂਰ ਗ੍ਰੰਥ ਸਾਹਿਬ ਹੁੰਦਾ, ਪ੍ਰੰਤੂ ਜਿਸ ਤਰ੍ਹਾਂ ਕਿ ਤੱਥਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਨਿਸ਼ਾਨਾ ਨਹੀਂ ਸੀ।

3.ਮੈਂ ਖੁਦ ਉਸ ਥਾਂ ਤੇ ਗਿਆ, ਮੈਂ ਅੱਗ ਦੇ ਇਕ ਮਾਹਿਰ ਨੂੰ ਮੌਕੇ 'ਤੇ ਬੁਲਾਇਆ । ਉਸ ਦੀ ਰਾਇ ਨੇ ਵੀ ਮੇਰੀ ਪੜਤਾਲ ਦਾ ਸਮਰਥਨ ਕੀਤਾ। ਜਿਵੇਂ ਕਿ ਘਟਨਾ ਵਾਲੀ ਥਾਂ ਤੇ ਤੱਥ ਮੌਜੂਦ ਸਨ ਅੱਗ ਨੂੰ ਇਸ ਸਟੇਜ ਤੱਕ ਪਹੁੰਚਣ ਲਈ ਅੱਧੇ ਘੰਟੇ ਤੋਂ ਵੀ ਜ਼ਿਆਦਾ ਜਾਂ ਇਕ ਘੰਟਾ ਲੱਗਾ ਹੋਵੇਗਾ ਜਿਥੋਂ ਕਿ ਪਵਿੱਤਰ ਬੀੜਾਂ ਤੱਕ ਪਹੁੰਚੀ। ਸ਼ਰਾਰਤੀ ਤੱਤਾਂ ਦਾ ਮੁਖੀ ਮੂਰਖ ਨਹੀਂ ਹੋਵੇਗਾ ਜਿਹੜਾ ਅੱਗ ਨੂੰ ਗੁਰੂ ਗ੍ਰੰਥ ਸਾਹਿਬ ਤੱਕ ਲੱਗਣ ਨੂੰ ਇਕ ਘੰਟਾ ਦਿੰਦਾ, ਜੇਕਰ ਉਸ ਦਾ ਨਿਸ਼ਾਨਾ ਗੁਰੂ ਗ੍ਰੰਥ ਸਾਹਿਬ ਨੂੰ ਨੁਕਸਾਨ ਪਹੁੰਚਾਉਣਾ ਹੁੰਦਾ ਅਤੇ ਸਿੱਖ ਸਮੁਦਾਇ ਦੇ ਦਿਲਾਂ ਨੂੰ ਘਾਇਲ ਕਰਨਾ ਹੁੰਦਾ।

4. ਮੈਂ ਅੱਗ ਦੀ ਘਟਨਾ ਕੁਝ ਇਸ ਤਰ੍ਹਾਂ ਸਮਝ ਸਕਿਆਂ ਹਾਂ ਕਿ ਅੱਗ ਉਸ ਦਰੀ ਤੋਂ ਜਿਹੜੀ ਕਮਰੇ ਵਿਚ ਵਿਛਾਈ ਹੋਈ ਸੀ ਲਗਣੀ ਆਰੰਭ ਹੋਈ। ਬਾਅਦ ਵਿਚ ਇਕ ਤਖਤਪੋਸ਼ ਉਤਲੇ ਕੱਪੜਿਆਂ ਨੂੰ ਲੱਗੀ ਜਦੋਂਕਿ ਤਖਤਪੋਸ਼ ਅਤੇ ਮੰਜੀ ਸਾਹਿਬ ਤੇ ਲੱਗੀ। ਇਸੀ ਕਾਰਨ ਤਖਤਪੋਸ਼ ਦਾ ਵਿਚਕਾਰਲਾ ਹਿੱਸਾ ਪੂਰੀ ਤਰ੍ਹਾਂ ਜਲ ਗਿਆ, ਜਦੋਂਕਿ ਤਖਤਪੋਸ਼ ਦੇ ਉਪਰਲੇ ਹਿੱਸੇਨੂੰ ਬਹੁਤ ਨੁਕਸਾਨ ਨਹੀਂ ਪੁੱਜਾ। ਇਸ ਤੋਂ ਬਿਲਕੁਲ ਸਪੱਸ਼ਟ ਜ਼ਾਹਰ ਹੁੰਦਾ ਹੈ ਕਿ ਅੱਗ ਸ਼ਰਾਰਤ ਕਰਕੇ ਨਹੀਂ ਲਾਈ ਗਈ। ਇਹ ਸਿਰਫ਼ ਇਕ ਇਤਫਾਕ ਸੀ ਜਾਂ ਲਾਪ੍ਰਵਾਹੀ ਨਾਲ ਲੱਗੀ ਜੇਕਰ ਇਹ ਸ਼ਰਾਰਤ ਹੁੰਦੀ ਤਾਂ ਇਹ ਉਥੋਂ ਸ਼ੁਰੂ ਹੁੰਦੀ ਜਿਸ ਥਾਂ ਤੇ ਸਾਰੀਆਂ ਬੀੜਾਂ ਰੱਖੀਆਂ ਹੋਈਆਂ ਸਨ ਅਤੇ ਸਾਰੀਆਂ ਬੀੜਾਂ ਮੰਜੀ ਸਾਹਿਬ 'ਤੇ ਰੱਖੀਆਂ ਹੋਈਆਂ ਸਨ ਅਤੇ ਇਕ ਉਨ੍ਹਾਂ ਵਿਚੋਂ ਤਖਤਪੋਸ਼ ਉਪਰ ਪਈ ਹੋਈ ਸੀ।

5. ਸ਼ਰਾਰਤ ਫੈਲਾਉਣ ਵਾਲਾ ਹਮੇਸ਼ਾ ਹੀ ਅਸਾਨ ਟੀਚਾ ਅਤੇ ਸਨਸਨੀ ਫੈਲਾਉਣ ਦਾ ਢੰਗ ਲਭਦਾ ਹੈ। ਇਸ ਕੇਸ ਵਿਚ ਨਾ ਤਾਂ ਨਿਸ਼ਾਨਾ ਆਸਾਨ ਸੀ ਅਤੇ ਨਾ ਹੀ ਜਿਆਦਾ ਸਨਸਨੀ ਫੈਲਾਉਣ ਵਾਲਾ ਸੀ। ਨਿਸ਼ਾਨਾ ਨਾਲ ਵਾਲਾ ਕਮਰਾ ਸੀ ਜਿਹੜਾ ਕਿ ਆਮ ਤੌਰ 'ਤੇ ਬੰਦ ਰਹਿੰਦਾ ਹੈ ਅਤੇ ਕਮਰੇ ਦਾ ਦਰਵਾਜਾ ਬਿਲਕੁਲ ਗ੍ਰੰਥੀ ਦੇ ਘਰ ਦੇ ਨਜ਼ਦੀਕ ਵਾਲੇ ਦਰਵਾਜੇ ਦੇ ਸਾਹਮਣੇ ਸੀ। ਜੇਕਰ ਗ੍ਰੰਥੀ ਨਹੀਂ ਤਾਂ ਉਸ ਦੇ ਘਰ ਦੇ ਮੈਂਬਰ ਹਮੇਸ਼ਾ ਉਥੇ ਹਾਜ਼ਰ ਰਹਿੰਦੇ ਹਨ। ਇਹ ਬਿਲਕੁਲ ਸਨਸਨੀ ਵਾਲੀ ਨਹੀਂ ਸੀ। ਇਸ ਕਰਕੇ ਵੀ ਕਿਉਂਕਿ ਗੁਰੂ ਗ੍ਰੰਥ ਸਾਹਿਬ ਨੂੰ ਗੁਰਦੁਆਰੇ ਵਿਚ ਜਲਾਉਣਾ ਜ਼ਰੂਰੀ ਸਨਸਨੀ ਪੈਦਾ ਕਰਨ ਵਾਲਾ ਹੁੰਦਾ ਹੈ ਬਜਾਏ ਕਿ ਨਾਲ ਵਾਲੇ ਕਮਰੇ ਵਿਚ ਰੱਖੀਆਂ ਬੀੜਾਂ ਨੂੰ ਜਲਾਉਣਾ।

6.ਮੈਂ ਜਦੋਂ ਵਾਕਿਆ ਵਾਲੀ ਥਾਂ ਤੇ ਸੀ ਤਾਂ ਮੈਨੂੰ ਗੁਰਦੁਆਰੇ ਵਿਚ ਹਾਜ਼ਰ ਕਈ ਲੋਕਾਂ ਨੇ ਦੱਸਿਆ ਕਿ ਇਸ ਮੁਹੱਲੇ ਵਿਚ ਬਿਜਲੀ ਸਵੇਰੇ 5 ਵਜੇ ਅਤੇ 6 ਵਜੇ ਦੇ ਦਰਮਿਆਨ ਗਈ ਸੀ ਅਤੇ ਫਿਰ ਸਵੇਰੇ 10 ਵਜੇ ਆਈ ਸੀ। ਇਥੋਂ ਤੱਕ ਕਿ ਗੁਰਦੁਆਰਾ ਸਾਹਿਬ ਦੇ ਅੰਦਰ ਰਹਿ ਰਹੇ ਵਿਅਕਤੀਆਂ ਨੇ ਵੀ ਮੈਨੂੰ ਇਹੋ ਗੱਲ ਕੀਤੀ ਕਿ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਦੇ ਸਮੇਂ ਬਿਜਲੀ ਨਹੀਂ ਸੀ। ਇਸ ਸਥਿਤੀ ਤੋਂ ਇਉਂ ਭਾਸਦਾ ਹੈ ਕਿ ਇਕ ਪਾਸੇ ਦੇ ਕਮਰੇ ਵਿਚ ਹਨੇਰੇ ਕਾਰਨ ਰੋਸ਼ਨੀ ਦੇ ਮੰਤਵਾਂ ਨਾਲ ਮੋਮਬੱਤੀ ਵਰਗੀ ਚੀਜ਼ ਜਾਂ ਕੋਈ ਹੋਰ ਚੀਜ਼ ਜਲਾਈ ਗਈ ਸੀ ਅਤੇ ਇਸੇ ਸਦਕਾ ਹੀ ਇਹ ਦੁਰਘਟਨਾ ਵਾਪਰੀ ਅਤੇ ਜਦੋਂ ਗ੍ਰੰਥੀ ਨੂੰ ਇਸ ਸਥਿਤੀ ਦਾ ਪਤਾ ਲੱਗਾ ਉਹ ਗੁਰਦੁਆਰਾ ਸਾਹਿਬ ਵਿਚੋਂ ਬਾਹਰ ਆ ਗਿਆ ਅਤੇ ਉਸ ਦੇ ਗੁਰਦੁਆਰਾ ਸਾਹਿਬ ਦੇ ਬਾਹਰ ਆਉਣ ਬਾਅਦ ਉਸ ਦੀ ਪਤਨੀ ਨੇ ਮਦਦ ਵਾਸਤੇ ਚਿਲਾਣਾ ਸ਼ੁਰੂ ਕਰ ਦਿੱਤਾ, ਕਿਉਂਕਿ ਪਾਸੇ ਦੇ ਉਸ ਕਮਰੇ ਵਿਚ ਉਸ ਨੇ ਅੱਗ ਬਲਦੀ ਹੋਈ ਵੇਖੀ ਸੀ।

25. ਸ੍ਰੀ ਦਰਬਾਰਾ ਸਿੰਘ ਆਈ.ਏ.ਐਸ. ਜੋ ਪ੍ਰਸੰਗਤ ਸਮੇਂ ਦੌਰਾਨ ਡਿਪਟੀ ਕਮਿਸ਼ਨਰ ਵਜੋਂ ਕੰਮ ਕਰ ਰਹੇ ਸਨ ਨੇ ਕਮਿਸ਼ਨ ਨੂੰ ਦੱਸਿਆ ਕਿ ਐਸ.ਡੀ.ਐਮ. ਨਕੋਦਰ ਨੇ ਉਸ ਨੂੰ ਦੱਸਿਆ ਕਿ 'ਪਵਿੱਤਰ ਬੀੜਾਂ' ਦੇ ਜਲਣ ਸੰਬੰਧੀ ਕਿਸੇ ਵੀ ਵਿਅਕਤੀ ਦੇ ਖਿਲਾਫ਼ ਕਿਸੇ ਵੀ ਵਿਅਕਤੀ ਨੇ ਕੋਈ ਸ਼ਿਕਾਇਤ ਜਾਂ ਸ਼ੱਕ ਦਾ ਇਜ਼ਹਾਰ ਨਹੀਂ ਸੀ ਕੀਤਾ ਅਤੇ ਇਹ ਕਿ ਉਸ ਵਲੋਂ ਕਰਵਾਈ ਗਈ ਤਫ਼ਤੀਸ਼ ਤੋਂ ਇਹ ਪਤਾ ਲਗਦਾ ਹੈ ਕਿ ਅੱਗ ਦਾ ਲੱਗਣਾ ਇਤਫਾਕੀਆ ਸੀ। ਡਿਪਟੀ ਸੁਪਰਡੈਂਟ ਪੁਲਿਸ ਦੁਆਰਾ ਉਨ੍ਹਾਂ ਨੂੰ ਦਿੱਤੀ ਗਈ ਸੂਚਨਾ ਦੇ ਆਧਾਰ 'ਤੇ ਉਨ੍ਹਾਂ ਨੇ ਦੱਸਿਆ ਕਿ ਉਸਦਾ ਇਹ ਵਿਚਾਰ ਹੈ ਕਿ ਅੱਗ ਇਤਫਾਕੀਆ ਸੀ। ਉਹ ਗੁਰਦੁਆਰੇ ਵੀ ਗਏ ਸਨ ਅਤੇ ਉਸ ਕਮਰੇ ਵਿਚ ਵੀ ਗਏ ਜਿੱਥੇ ਪਵਿੱਤਰ 'ਬੀੜਾਂ' ਸਾੜੀਆਂ ਸਨ। ਉਨ੍ਹਾਂ ਨੇ ਦੱਸਿਆ ਕਿ ਕਿਸੇ ਵੀ ਵਿਅਕਤੀ ਨੇ ਉਨ੍ਹਾਂ ਨੂੰ ਇਸ ਬਾਰੇ ਨਹੀਂ ਦੱਸਿਆ ਕਿ ਅੱਗ ਲੱਗਣ ਦੀ ਘਟਨਾ ਕਿਵੇਂ ਵਾਪਰੀ ਸੀ। ਤਫ਼ਤੀਸ਼ੀ ਅਫ਼ਸਰ ਡੀ.ਐਸ.ਪੀ. ਜਾਂ ਐਸ.ਐਸ. ਪੀ. ਨੇ ਕਿਸੇ ਵੀ ਗਵਾਹ ਦਾ ਬਿਆਨ ਦਰਜ ਨਹੀਂ ਕੀਤਾ ਅਤੇ ਕੇਵਲ ਵਾਕਿਆ ਦੀ ਥਾਂ ਜਾਂਚ ਕਰਨ ਦੁਆਰਾ ਕਿਸੇ ਸਿੱਟੇ ਤੇ ਪਹੁੰਚੇ ਸਨ ਕਿ ਅੱਗ ਇਤਫਾਕੀਆ ਲੱਗੀ ਸੀ।

26. ਕੇਸ ਦੇ ਰਿਕਾਰਡ ਤੋਂ ਇਹ ਪ੍ਰਤੱਖ ਹੈ ਕਿ ਕਿਸੇ ਵੀ ਵਿਅਕਤੀ ਨੇ ਕਿਸੇ ਵੀ ਵਿਅਕਤੀ ਨੂੰ ਸੁਖਆਸਨ ਕਮਰੇ ਨੂੰ ਅੱਗ ਲਾਉਂਦਿਆਂ ਨਹੀਂ ਸੀ ਦੇਖਿਆ। ਸ੍ਰੀਮਤੀ ਗੁਰਦੀਪ ਕੌਰ ਪਹਿਲੀ ਵਿਅਕਤੀ ਸੀ ਜਿਸ ਨੇ ਸੁਖਆਸਨ ਕਮਰੇ ਵਿਚੋਂ ਧੂੰਆਂ ਨਿਕਲਦਾ ਦੇਖਿਆ ਅਤੇ ਸ਼ੀਸ਼ਾ ਤਿੜਕਣ ਅਤੇ ਟੁੱਟਣ ਦੀਆਂ ਆਵਾਜ਼ਾਂ ਸੁਣੀਆਂ ਸਨ। ਉਸ ਨੇ ਸੁਖਆਸਨ ਕਮਰੇ ਵਿਚ ਅੱਗ ਲੱਗੀ ਦੇਖੀ ਅਤੇ ਮਦਦ ਵਾਸਤੇ ਚਿਲਾਉਣਾ ਸ਼ੁਰੂ ਕਰ ਦਿੱਤਾ। ਗਵਾਂਢੀਆਂ ਦੀ ਮਦਦ ਨਾਲ ਅੱਗ ਬੁਝਾ ਦਿੱਤੀ ਗਈ ਸੀ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਾਇਰ ਕੀਤੇ ਹਲਫ਼ਨਾਮੇ ਕੇਵਲ ਇਸ ਗੱਲ ਸਬੰਧੀ ਹਨ ਕਿ ਅੱਗ ਦਾ ਲੱਗਣਾ ਇਤਫਾਕੀਆ ਨਹੀਂ ਸੀ।

27. ਸ੍ਰੀ ਇਜ਼ਹਾਰ ਆਲਮ ਐਸ.ਐਸ.ਪੀ. ਨੇ ਕਮਿਸ਼ਨ ਦੇ ਸਾਹਮਣੇ ਇਹ ਬਿਆਨ ਦਿੱਤਾ ਸੀ ਕਿ ਉਨ੍ਹਾਂ ਨੇ ਅੱਗ ਸਬੰਧੀ ਮਾਹਿਰ ਨੂੰ ਘਟਨਾ ਸਥੱਲ ਤੇ ਸੱਦਿਆ ਸੀ ਅਤੇ ਉਸ ਦਾ ਮੱਤ ਉਨ੍ਹਾਂ ਦੇ ਇਸ ਨਤੀਜੇ ਨਾਲ ਮੇਲ ਖਾਂਦਾ ਸੀ ਕਿ ਅੱਗ ਇਤਫਾਕੀਆ ਲੱਗੀ ਸੀ। ਸ੍ਰੀ ਆਲਮ ਨੇ ਹੋਰ ਇਹ ਦੱਸਿਆ ਕਿ ਉਨ੍ਹਾਂ ਨੂੰ ਅੱਗ ਸਬੰਧੀ ਉਸ ਮਾਹਿਰ ਦਾ ਨਾਂ ਯਾਦ ਨਹੀਂ, ਪ੍ਰੰਤੂ ਉਹ ਜਲੰਧਰ ਦੇ ਅੱਗ ਬੁਝਾਊ ਅਮਲੇ ਦਾ ਮੁਖੀ ਸੀ। ਸ੍ਰੀ ਆਲਮ ਨੇ ਇਹ ਗੱਲ ਮੰਨੀ ਕਿ ਅੱਗ ਬੁਝਾਊ ਅਮਲੇ ਦੇ ਮੁਖੀ ਨੇ ਲਿਖਤੀ ਰੂਪ ਵਿਚ ਕੋਈ ਰਿਪੋਰਟ ਨਹੀਂ ਦਿੱਤੀ। ਸ੍ਰੀ ਆਲਮ ਨੇ ਕਮਿਸ਼ਨ ਸਾਹਮਣੇ ਇਹ ਵੀ ਬਿਆਨ ਦਿੱਤਾ ਕਿ ਉਹ ਇਹ ਨਹੀਂ ਜਾਣਦੇ ਕਿ ਅੱਗ ਬੁਝਾਊ, ਅਮਲੇ ਦੇ ਮੁਖੀ ਨੇ ਕਮਰੇ ਦੀ ਤਫ਼ਤੀਸ਼ ਕਿਸੇ ਵਿਅਕਤੀ ਦੀ ਹਾਜ਼ਰੀ ਵਿਚ ਕੀਤੀ ਸੀ ਜਾਂ ਉਸ ਨੇ ਕਿਹੜੇ ਹਾਲਾਤ ਵਿਚ ਤਫ਼ਤੀਸ਼ ਕੀਤੀ ਸੀ। ਸ੍ਰੀ ਆਲਮ ਨੇ ਕਿਸੇ ਵਿਅਕਤੀ ਦਾ ਨਿਰੀਖਣ ਵੀ ਨਹੀਂ ਸੀ ਕੀਤਾ, ਇਥੋਂ ਤੱਕ ਕਿ ਗ੍ਰੰਥੀ ਦਾ ਵੀ ਨਹੀਂ ਅਤੇ ਆਜ਼ਾਦਾਨਾ ਤੌਰ 'ਤੇ ਹੀ ਆਪਣਾ ਮੱਤ ਬਣਾ ਲਿਆ ਸੀ ਕਿ ਅੱਗ ਦਾ ਲੱਗਣਾ ਮਹਿਜ਼ ਇਤਫਾਕ ਸੀ। ਉਸ ਨੇ ਕੇਸ ਡਾਇਰੀ ਵਿਚ ਇਹ ਵੀ ਨਹੀਂ ਸੀ ਦਰਸਾਇਆ ਕਿ ਇਹ ਸ਼ਰਾਰਤ ਗ੍ਰੰਥੀ ਦੀ ਹੋ ਸਕਦੀ ਹੈ। ਸ੍ਰੀਮਤੀ ਗੁਰਦੀਪ ਕੌਰ ਦੇ ਮੁਤਾਬਕ ਕਮਰੇ ਦਾ ਦਰਵਾਜ਼ਾ ਬੰਦ ਸੀ। ਪਹਿਲੀ ਸੂਚਨਾ ਰਿਪੋਰਟ ਵਿਚ ਉਸ ਨੇ ਦੱਸਿਆ ਕਿ ਧੂੰਆਂ ਜਾਲੀ ਵਾਲੀ ਖਿੜਕੀ ਵਿਚੋਂ ਬਾਹਰ ਆ ਰਿਹਾ ਸੀ। ਜਦੋਂ ਸ੍ਰੀਮਤੀ ਗੁਰਦੀਪ ਕੌਰ ਨੂੰ ਕਮਰੇ ਵਿਚ ਅੱਗ ਲੱਗਣ ਦਾ ਪਤਾ ਲੱਗਿਆ ਤਾਂ ਕਮਰੇ ਦਾ ਦਰਵਾਜਾ ਬੰਦ ਸੀ ਅਤੇ ਖਿੜਕੀ ਨੂੰ ਜਾਲੀ ਲੱਗੀ ਹੋਈ ਸੀ ਤਾਂ ਜਾਂ ਕਿ ਅੱਗ ਕਿਸੇ ਵਿਅਕਤੀ ਦੁਆਰਾ ਲਗਾਈ ਗਈ ਹੋ ਸਕਦੀ ਹੈ ਜਿਸਨੇ ਅੱਗ ਲਗਾਉਣ ਉਪਰੰਤ ਦਰਵਾਜ਼ਾ ਬੰਦ ਕਰ ਦਿੱਤਾ ਹੋਵੇ ਅਤੇ ਕੁਝ ਸਮੇਂ ਬਾਅਦ ਉਸ ਵਿਸਫੋਟਕ ਸਮੱਗਰੀ ਨੇ ਅੱਗ ਫੜ ਲਈ ਹੋਵੇ, ਜਾਂ ਇਹ ਇਹ ਅੱਗ ਬਿਜਲੀ ਦੇ ਸ਼ਾਰਟ ਸਰਕਟ ਕਰਕੇ ਲੱਗੀ ਹੋ ਸਕਦੀ ਹੈ।

28. ਹੋਰ ਸੰਭਾਵਨਾ ਇਹ ਹੋ ਸਕਦੀ ਹੈ ਕਿ ਜਦੋਂ ਕਿ ਪੁਲਿਸ ਅਤੇ ਹੋਰ ਅਫ਼ਸਰਾਂ ਦੁਆਰਾ ਇਲਜ਼ਾਮ ਲਗਾਇਆ ਹੈ ਕਿ ਅੱਗ ਲੱਗਣੀ ਇਕ ਦੁਰਘਟਨਾ ਹੋ ਸਕਦੀ ਹੈ। ਸ੍ਰੀਮਤੀ ਗੁਰਦੀਪ ਕੌਰ ਨੇ ਪਹਿਲੀ ਸੂਚਨਾ ਰਿਪੋਰਟ ਅਤੇ ਹਲਫ਼ਨਾਮੇ ਵਿਚ ਸਪੱਸ਼ਟ ਦੱਸਿਆ ਕਿ ਜਦੋਂ ਉਸ ਨੇ ਸੁਖਆਸਨ ਕਮਰੇ ਵਿਚ ਅੱਗ ਦੇਖੀ ਤਾਂ ਉਸ ਸਮੇਂ ਉਸ ਨੇ ਕਿਸੇ ਵੀ ਵਿਅਕਤੀ ਨੂੰ ਗੁਰਦੁਆਰੇ ਵਿਚ ਆਉਂਦਿਆਂ ਜਾਂ ਗੁਰਦੁਆਰੇ ਵਿਚੋਂ ਬਾਹਰ ਨਿਕਲਦਿਆਂ ਨਹੀਂ ਦੇਖਿਆ। ਸੁਖਆਸਨ ਕਮਰੇ ਵਿਚ ਅੱਗ ਲੱਗੀ ਹੋਈ ਦੇਖਣ ਵਾਲਾ ਉਹ ਪਹਿਲਾਂ ਵਿਅਕਤੀ ਸੀ ਅਤੇ ਉਸ ਸਮੇਂ ਕੋਈ ਹੋਰ ਵਿਅਕਤੀ ਉਥੇ ਮੌਜੂਦ ਨਹੀਂ ਸੀ। ਜੇਕਰ ਗੁਰਦੁਆਰੇ ਦੇ ਅੰਦਰ ਜਾਂ ਨੇੜੇ-ਨੇੜੇ ਕੋਈ ਵਿਅਕਤੀ ਦੇਖਿਆ ਹੀ ਨਹੀਂ ਸੀ ਗਿਆ ਤਾਂ ਇਹ ਕਹਿਣਾ ਬਹੁਤ ਮੁਸ਼ਕਲ ਹੈ ਕਿ ਅੱਗ ਕਿਸੇ ਨੇ ਲਗਾਈ ਸੀ। ਕੇਵਲ ਮੁਨਾਸਬ ਤਫ਼ਤੀਸ਼ ਨਾਲ ਹੀ ਕਿਸੇ ਸੁਰਾਗ ਦਾ ਪਤਾ ਲਗਾਇਆ ਜਾ ਸਕਦਾ ਸੀ।

29. ਜਦੋਂ ਮੈਂ ਘਟਨਾ ਸਥੱਲ ਤੇ ਗਿਆ ਤਾਂ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਇਹ ਸੰਕੇਤ ਦਿੱਤਾ ਕਿ ਫਰਸ਼ 'ਤੇ ਵਿਛੀ ਦਰੀ ਕਿਸੇ ਰਸਾਇਣਕ ਪਦਾਰਥ ਪਾਏ ਤੋਂ ਬਿਨਾਂ ਕਿਸੇ ਹੋਰ ਸਮੱਗਰੀ ਨਾਲ ਅੱਗ ਨਹੀਂ ਸੀ ਫੜ ਸਕਦੀ। ਉਨ੍ਹਾਂ ਨੇ ਮਾਚਿਸ ਦੀ ਤੀਲੀ ਜਲਾ ਕੇ ਦਰੀ 'ਤੇ ਸੁੱਟੀ ਅਤੇ ਉਸ ਨੂੰ ਅੱਗ ਲਗਾਉਣ ਦਾ ਯਤਨ ਵੀ ਕੀਤਾ ਗਿਆ, ਪ੍ਰੰਤੂ ਉਹ ਅੱਗ ਲਗਾਉਣ ਵਿਚ ਅਫ਼ਸਲ ਰਹੇ। ਅੱਗ ਸੁਖਆਸਨ ਕਮਰੇ ਵਿਚ ਕੁਝ ਰਸਾਇਣਕ ਪਦਾਰਥ ਸੁਟ ਕੇ ਲਗਾਈ ਗਈ ਹੋ ਸਕਦੀ ਹੈ, ਪ੍ਰੰਤੂ ਇਸ ਸੰਕੇਤ ਦਾ ਕੋਈ ਸਬੂਤ ਨਹੀਂ ਹੈ ਕਿ ਕਿਸੇ ਨੇ ਇਹ ਸ਼ਰਾਰਤ ਕੀਤੀ।

ਸ੍ਰੀ ਇਜ਼ਹਾਰ ਆਲਮ ਨੇ ਇਹ ਸਲਾਹ ਦਿੱਤੀ ਕਿ ਅੱਗ ਇਤਫਾਕੀਆ ਸੀ, ਪ੍ਰੰਤੂ ਅੱਗ ਸਬੰਧੀ ਮਾਹਰ ਦੀ ਰਿਪੋਰਟ ਰਿਕਾਰਡ ਵਿਚ ਨਹੀਂ ਰੱਖੀ ਗਈ, ਨਾ ਹੀ ਉਸ ਦਾ ਨਾਂ ਦੱਸਿਆ ਗਿਆ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਮਰੀਕ ਸਿੰਘ, ਕਿੱਤੇ ਵਜੋਂ ਬਿਜਲੀ ਸੁਪਰਵਾਈਜ਼ਰ ਨਿਗਰਾਨ ਦਾ ਹਲਫ਼ਨਾਮਾ ਪੇਸ਼ ਕੀਤਾ ਹੈ, ਜਿਸ ਨੇ ਇਹ ਗਵਾਹੀ ਦਿੱਤੀ ਕਿ ਉਹ ਪੰਜਾਬ ਸਰਕਾਰ ਦੁਆਰਾ ਪ੍ਰਵਾਨਤ ਬਿਜਲੀ ਸੁਪਰਵਾਈਜ਼ਰ ਹੈ। ਉਸ ਕੋਲ ਲਾਇਸੰਸ ਨੰਬਰ 980 (1959) ਹੈ ਅਤੇ ਇਹ ਕਿ ਉਸ ਕਮਰੇ ਦੀ ਬਿਜਲੀ ਦੀਆਂ ਫਿਟਿੰਗ ਦਾ ਨਿਰੀਖਣ ਕੀਤਾ ਸੀ, ਜਿਸ ਕਮਰੇ ਵਿਚ ਗੁਰਦੁਆਰਾ ਗੁਰੂ ਅਰਜਨ ਦੇਵ ਵਿਚ ਅੱਗ ਲੱਗੀ ਸੀ ਅਤੇ ਉਸ ਨੇ ਇਹ ਪਾਇਆ ਕਿ ਅੱਗ ਲੱਗਣ ਦਾ ਕਾਰਨ ਬਿਜਲੀ ਦੇ ਸ਼ਾਰਟ ਸਰਕਟ ਕਰਕੇ ਨਹੀਂ ਸੀ। ਇਸ ਦੇ ਉਲਟ ਇਸ ਸਬੰਧੀ ਵੀ ਕੋਈ ਗਵਾਹ ਪੇਸ਼ ਨਹੀਂ ਕੀਤਾ ਗਿਆ। ਮੁੱਖ ਇੰਜੀਨੀਅਰ ਪੰਜਾਬ ਰਾਜ ਬਿਜਲੀ ਬੋਰਡ, ਜਲੰਧਰ ਨੂੰ ਸੁੱਖ ਆਸਨ ਕਮਰੇ ਦੀ ਜਾਂਚ ਪੜਤਾਲ ਕਰਨ ਉਪਰੰਤ ਇਹ ਰਿਪੋਰਟ ਕਰਨ ਲਈ ਇਕ ਪੱਤਰ ਵੀ ਮੁੱਖ ਮੰਤਵ ਕੀਤਾ ਗਿਆ ਸੀ ਕਿ ਕੀ ਅੱਗ ਬਿਜਲੀ ਦੇ ਸ਼ਾਰਟ ਸਰਕਟ ਸਦਕੇ ਲੱਗੀ ਸੀ ਕਿ ਉਸ ਗੁਰਦੁਆਰੇ, ਜਿੱਥੇ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਅਗਨੀ ਭੇਂਟ ਹੋਈਆਂ ਸਨ, ਦੇ ਕਮਰੇ ਵਿਚ ਬਿਜਲੀ ਦੀ ਇੰਸਟਾਰੇਸ਼ਨ ਲਗਾਉਣ ਸਬੰਧੀ ਕੋਈ ਅਹਿਮ ਗਵਾਹੀ ਘਟਨਾ ਸਥਲ ਤੋਂ ਉਪਲਬਧ ਨਹੀਂ ਹੋਈ। ਉਨ੍ਹਾਂ ਨੇ ਇਹ ਵੀ ਰਿਪੋਰਟ ਕੀਤਾ ਕਿ ਉਸ ਕਮਰੇ ਦੀਆਂ ਬਿਜਲੀ ਦੀਆਂ ਤਾਰਾਂ ਨੂੰ ਕਵਰ ਕਰਨ ਵਾਲੀ ਪੀ.ਵੀ.ਸੀ.ਅੱਗ ਦੀ ਤੀਬਰ ਗਰਮਾਇਸ਼ ਕਰਕੇ ਪਿਘਲੀ ਸੀ ਅਤੇ ਇਉਂ ਇਸ ਸਬੰਧੀ ਹੋਈ ਐਨੀ ਦੇਰੀ ਤੋਂ ਬਾਅਦ ਇਸ ਸਿੱਟੇ 'ਤੇ ਅੱਪੜਨਾ ਸੰਭਵ ਨਹੀਂ ਹੋਵੇਗੀ ਕਿ ਕੀ ਅੱਗ ਬਿਜਲੀ ਦੇ ਸ਼ਾਰਟ ਸਰਕਟ ਕਰਕੇ ਲੱਗੀ ਸੀ। ਉਸ ਨੇ ਹੋਰ ਇਹ ਰਿਪੋਰਟ ਕੀਤਾ ਕਿ ਜਿਸ ਫੀਡਰ ਨਾਲ ਹਲਕਾ ਅਧੀਨ ਗੁਰਦੁਆਰੇ ਦਾ ਬਿਜਲੀ ਜੁੜਿਆ ਹੋਇਆ ਸੀ, ਉਸ ਬਾਰੇ ਰੱਖੇ ਗਏ ਸ਼ਿਕਾਇਤ ਰਜਿਸਟਰਡ ਵਿਚ ਮਿਤੀ 2 ਫਰਵਰੀ 1986 ਨੂੰ ਸ਼ਾਰਟ ਸਰਕਟਾਂ ਸਬੰਧੀ ਜਾਂ ਬਿਜਲੀ ਚਲੇ ਜਾਣ ਬਾਰੇ ਵੀ ਕੋਈ ਸ਼ਿਕਾਇਤ ਨਹੀਂ ਹੈ। ਸ੍ਰੀ ਆਲਮ, ਐਸ.ਐਸ.ਪੀ. ਨੇ ਕਮਿਸ਼ਨ ਸਾਹਮਣੇ ਆਪਣੇ ਬਿਆਨ ਵਿਚ ਇਹ ਦੱਸਿਆ ਕਿ ਉਸ ਦੀਆਂ ਤਫ਼ਤੀਸ਼ਾਂ ਨੇ ਇਹ ਗੱਲ ਦਰਸਾਈ ਹੈ ਕਿ ਮੁਹੱਲਾ, ਗੁਰੂ ਨਾਨਕਪੁਰਾ, ਨਕੋਦਰ ਜਿੱਥੇ ਗੁਰਦੁਆਰਾ ਸਾਹਿਬ ਹੈ ਵਿਖੇ ਮਿਤੀ 2 ਫਰਵਰੀ 1986 ਨੂੰ ਦਿਨ ਦੇ ਸਮੇਂ ਦੌਰਾਨ ਬਿਜਲੀ ਨਹੀਂ ਸੀ। ਕਾਰਜ-ਇੰਜੀਨੀਅਰ (ਸ਼ਹਿਰ) ਡਵੀਜਨ ਨਕੋਦਰ ਤੋਂ ਪੁੱਛਗਿੱਛ ਕੀਤੀ ਗਈ ਸੀ। ਬਿਜਲੀ ਵਿਭਾਗ ਨੇ ਮੀਮੋ ਨੰ.11005 ਮਿਤੀ 16 ਅਗਸਤ, 1986 ਦੁਆਰਾ ਇਹ ਸੂਚਿਤ ਕੀਤਾ ਕਿ ਉਨ੍ਹਾਂ ਦੇ ਦਫ਼ਤਰ ਵਿਚ ਰੱਖੇ ਗਏ ਰਿਕਾਰਡ ਮੁਤਾਬਕ ਪਹਿਲੀ ਫਰਵਰੀ, 1986 ਨੂੰ ਸ਼ਾਮ 6 ਵਜੇ ਤੋਂ 2 ਫਰਵਰੀ, 1986 ਨੂੰ ਸ਼ਾਮ ਦੇ 6 ਵਜੇ ਤੱਕ ਮੁਹੱਲਾ ਗੁਰੂ ਨਾਨਕਪੁਰਾ, ਨਕੋਦਰ ਵਿਚ ਬਿਜਲੀ ਸਪਲਾਈ ਦਾ ਕੋਈ ਕੱਟ ਨਹੀਂ ਸੀ, ਲਗਾਇਆ ਗਿਆ। ਸੁੱਖਆਸਨ ਕਮਰੇ ਦਾ ਨੁਕਸਾਨ ਇਸ ਸੀਮਾ ਤੱਕ ਸੀ। ਅਨੁਲਗ-ਏ ਦੋ ਇਨਸਪੈਕਸ਼ਨ ਨੋਟ ਵਿਚ ਦਰਜ ਹੈ ਕਿ ਇਹ ਸ਼ਾਰਟ ਸਰਕਟ ਕਰਕੇ ਹੋ ਹੀ ਨਹੀਂ ਸਕਦਾ ਕਿਉਂ ਜੋ ਦਰਵਾਜੇ ਅਤੇ ਖਿੜਕੀ ਸਮੇਤ ਫਰਸ਼ 'ਤੇ ਪਈਆਂ ਵਸਤੂਆਂ ਵੀ ਜਲ ਗਈਆਂ ਸਨ।

(ਬਾਕੀ ਅਗਲੇ ਅੰਕ 'ਚ)

# ਅਭਿਨੰਦਨ ਦੀ ਰਿਹਾਈ : ਮੋਦੀ ਦੀ ਬੰਬ ਗੁਗਲੀ 'ਤੇ ਇਮਰਾਨ ਦਾ ਛੱਕਾ

- **ਵਾਹਗਾ ਬਾਰਡਰ ਤੇ ਹੋਇਆ ਸ਼ਾਨਦਾਰ ਸਵਾਗਤ**
- **ਜੰਗ ਦੇ ਭਾਂਬੜ ਮੱਠੇ ਪੈਣ ਲੱਗੇ**
- **ਭਾਰਤ-ਪਾਕਿ ਤੋਂ ਚੰਗੀ ਖ਼ਬਰ ਆਉਣ ਦੀ ਉਮੀਦ : ਟਰੰਪ**
- **ਕਰਤਾਰਪੁਰ ਦੇ ਖੁੱਲ੍ਹੇ ਲਾਂਘੇ ਬਾਰੇ ਭਾਰਤ-ਪਾਕਿ ਦੀ ਮੀਟਿੰਗ ਹੋਵੇਗੀ**
- **ਇਮਰਾਨ ਨੂੰ ਨੋਬਲ ਪੁਰਸਕਾਰ ਦੇਣ ਬਾਰੇ ਮੰਗ ਉੱਠੀ**



**ਵਾਹਗਾ ਬਾਰਡਰ/ਏਟੀ ਨਿਊਜ਼ :** ਪਾਕਿਸਤਾਨ ਦੇ ਕਬਜ਼ੇ ਵਿਚ ਆਉਣ ਕਾਰਨ ਭਾਰਤੀ ਹਵਾਈ ਫ਼ੌਜ ਦੇ ਪਾਇਲਟ ਅਭਿਨੰਦਨ ਨੂੰ ਬੀਤੇ ਦਿਨੀਂ ਪਾਕਿ ਵਲੋਂ ਭਾਰਤ ਦੇ ਹਵਾਲੇ ਕਰਕੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਪੂਰੇ ਵਿਸ਼ਵ ਵਿਚ ਆਪਣੇ ਚੰਗੇ ਨੰਬਰ ਬਣਾ ਲਏ ਹਨ, ਪ੍ਰੰਤੂ ਦੂਜੇ ਪਾਸੇ ਭਾਰਤੀ ਮੀਡੀਏ ਵਲੋਂ ਪਾਕਿਸਤਾਨ ਦੇ ਇਸ ਕਦਮ ਨੂੰ ਪਾਕਿਸਤਾਨ ਦੇ ਡਰ ਵਜੋਂ ਪੇਸ਼ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਗਈ। ਭਾਰਤੀ ਚੈਨਲਾਂ ਵੱਲੋਂ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਵੱਡੀਆਂ ਸਾਰੀਆਂ ਬੜਕਾਂ ਮਾਰੀਆਂ ਗਈਆਂ ਕਿ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਤੋਂ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਇਮਰਾਨ ਡਰ ਗਿਆ। ਦੂਸਰੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰਤੀ ਹਵਾਈ ਸੈਨਾ ਦੇ ਪਾਇਲਟ ਅਭਿਨੰਦਨ ਨੂੰ ਪਾਕਿ ਦੇ ਪ੍ਰਧਾਨ ਮੰਤਰੀ ਇਮਰਾਨ ਵਲੋਂ ਛੱਡਣ ਦੇ ਕੀਤੇ ਗਏ ਐਲਾਨ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਖ਼ਿੱਤੇ ਵਿਚ ਸ਼ਾਂਤੀ ਲਈ ਇਹ ਚੰਗਾ ਕਦਮ ਹੈ।

## ਇਮਰਾਨ ਖਾਨ ਦੀ ਸੂਝ ਕਾਰਨ ਟਲੀ ਜੰਗ

ਇਮਰਾਨ ਖਾਨ ਨੇ ਕਰਤਾਰ ਪੁਰ ਸਾਹਿਬ ਵਾਲੇ ਲਾਂਘੇ ਦੀ ਮਨਜ਼ੂਰੀ ਦੇਣ ਤੋਂ ਲੈ ਕੇ ਹੁਣ ਤੱਕ ਜਿਸ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਸਿਆਸਤ ਕੀਤੀ ਹੈ ਉਸ ਵਾਸਤੇ ਉਹ ਸ਼ਾਬਾਸ਼ ਦਾ ਹੱਕਦਾਰ ਵੀ ਹੈ ਤੇ ਵਧਾਈ ਦਾ ਵੀ। ਉਸ ਦੁਆਰਾ ਵਰਤੀ ਗਈ ਸੂਝ ਤੇ ਸਿਆਣਪ ਕਾਰਨ ਜਿੱਥੇ ਇਸ ਖ਼ਿੱਤੇ 'ਚੋ ਜੰਗ ਦੇ ਖ਼ਤਰੇ ਦੇ ਮੰਡਰਾਉਂਦੇ ਹੋਏ ਬੱਦਲ਼ ਛੱਟਦੇ ਨਜ਼ਰ ਆ ਰਹੇ ਹਨ, ਉੱਥੇ ਭਾਰਤ ਦੀ ਭਗਵੀ ਰਾਜਨੀਤੀ ਦੇ ਢੋਲ ਦਾ ਪੋਲ ਵੀ ਜੱਗ ਜਾਹਿਰ ਹੋ ਗਿਆ ਹੈ। ਇਮਰਾਨ ਖਾਨ ਨੇ ਇਹ ਯਕੀਨ ਵੀ ਦਿਵਾਇਆ ਕਿ ਭਾਰਤ ਪੁਲਵਾਮਾ ਹਮਲੇ ਬਾਰੇ ਸਬੂਤ ਦੇਵੇ ਤਾਂ ਉਹ ਕਾਰਵਾਈ ਕਰਨਗੇ। ਇਸੇ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਭਾਰਤੀ ਪਾਇਲਟ ਅਭਿਨੰਦਨ ਨੂੰ ਰਿਹਾਅ ਕਰਨ ਦੇ ਐਲਾਨ ਸਬੰਧੀ ਪਾਕਿ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਸ਼ਲਾਘਾ ਕਰਦਿਆ ਕਿਹਾ ਕਿ ਸ਼ਾਂਤੀ ਲਈ ਚੁੱਕਿਆ ਗਿਆ ਇਮਰਾਨ ਖ਼ਾਨ ਦਾ ਇਹ ਕਦਮ ਸ਼ਲਾਘਾਯੋਗ ਹੈ।

## ਕੀ ਵਾਪਰਿਆ ਸੀ ਅਭਿਨੰਦਨ ਨਾਲ

ਦੱਸ ਦੇਈਏ ਕਿ 27 ਫਰਵਰੀ ਨੂੰ ਪਾਕਿਸਤਾਨੀ ਲੜਾਕੂ ਜਹਾਜ਼ ਐਫ਼ 16 ਡੇਗਣ ਬਾਅਦ ਅਭਿਨੰਦਨ ਦਾ ਲੜਾਕੂ ਜਹਾਜ਼ ਮਿਗ ਵੀ ਕਰੈਸ਼ ਹੋ ਗਿਆ ਸੀ। ਇਸ ਦੇ ਬਾਅਦ ਅਭਿਨੰਦਨ ਦਾ ਪੈਰਾਸ਼ੂਟ ਪੀ ਓ ਕੇ ਵਿੱਚ ਪਹੁੰਚ ਗਿਆ। ਪਾਕਿਸਤਾਨੀ ਅਖ਼ਬਾਰ ਡਾਨ ਦੀ ਰਿਪੋਰਟ ਦੇ ਮੁਤਾਬਕ ਪੀਓਕੇ ਵਿਚ ਪੈਰਾਸ਼ੂਟ ਤੋਂ ਅਭਿਨੰਦਨ ਇਕ ਤਲਾਬ ਵਿਚ ਕੁੱਦੇ ਅਤੇ ਕੁਝ ਦਸਤਾਵੇਜ਼ ਅਤੇ ਮੈਪਸ ਨਿਗਲਣ ਦੀ ਕੋਸ਼ਿਸ਼ ਕੀਤੀ। ਅਭਿਨੰਦਨ ਨੇ ਉੱਥੇ ਜਮਾਂ ਹੋਏ ਲੋਕਾਂ ਤੋਂ ਪੁੱਛਿਆ ਕਿ ਉਹ ਭਾਰਤ ਵਿਚ ਹੈ ਜਾਂ ਪਾਕਿ ਵਿਚ ? ਜਿਸ ਦੇ ਜਵਾਬ ਵਿਚ ਇਕ ਬੱਚੇ ਨੇ ਚਲਾਕੀ ਵਿਖਾਉਂਦੇ ਹੋਏ ਕਿਹਾ ਕਿ ਉਹ ਭਾਰਤ ਵਿਚ ਹੀ ਹੈ। ਪਾਇਲਟ ਨੇ ਇਸ ਤੋਂ ਬਾਅਦ ਨਾਅਰੇ ਲਗਾਏ ਅਤੇ ਪੁੱਛਿਆ ਕਿ ਭਾਰਤ ਵਿਚ ਉਹ ਕਿਸ ਜਗ੍ਹਾ ਉਤੇ ਹੈ। ਉਸੇ ਮੁੰਡੇ ਨੇ ਅਭਿਨੰਦਨ ਨੂੰ ਦੱਸਿਆ ਕਿ ਉਹ ਕਿਲਾ ਵਿਚ ਹੈ। ਅਭਿਨੰਦਨ ਦੇ ਦੇਸ਼ਪ੍ਰੇਮ ਭਰੇ ਨਾਅਰਿਆਂ ਨੂੰ ਕੁਝ ਪਾਕਿਸਤਾਨੀ ਨੌਜਵਾਨ ਪਚਾ ਨਹੀਂ ਸਕੇ ਅਤੇ ਪਾਕਿ ਆਰਮੀ ਜ਼ਿੰਦਾਬਾਦ ਦਾ ਨਾਅਰਾ ਲਗਾ ਦਿਤਾ। ਅਭਿਨੰਦਨ ਸਮਝ ਗਏ ਕਿ ਉਹ ਪਾਕਿਸਤਾਨ ਵਿਚ ਹੈ ਪਰ ਬਿਨਾਂ ਡਰੇ ਉਨ੍ਹਾਂ ਨੇ ਹਵਾ ਵਿਚ ਫਾਇਰਿੰਗ ਕੀਤੀ। ਹੱਥਾਂ ਵਿਚ ਪੱਥਰ ਲੈ ਖੜੇ ਲੋਕਾਂ ਨੂੰ ਡਰਾਉਣ ਲਈ ਭਾਰਤੀ ਪਾਇਲਟ ਨੇ ਹਵਾ ਵਿਚ ਫਾਇਰਿੰਗ ਕੀਤੀ। ਉਹ ਇਕ ਤਾਲਾਬ ਵਿਚ ਕੁੱਦੇ ਅਤੇ ਅਪਣੀ ਜੇਬ ਤੋਂ ਕੁਝ ਡਾਕਿਉਮੈਂਟ ਕੱਢ ਕੇ ਉਨ੍ਹਾਂ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ, ਤਾਂਕਿ ਪਾਕਿਸਤਾਨੀ ਫ਼ੌਜ ਦੇ ਹੱਥ ਕੁਝ ਨਾ ਆ ਸਕੇ। ਨੌਜਵਾਨਾ ਨੇ ਪਾਇਲਟ ਨੂੰ ਫੜ ਲਿਆ। ਕਈਆਂ ਨੇ ਉਨ੍ਹਾਂ ਨੂੰ ਲੱਤਾਂ-ਮੁੱਕੇ ਮਾਰੇ, ਜਦਕਿ ਦੂਜੇ ਲੋਕ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਸਨ, ਉਦੋਂ ਪਾਕਿਸਤਾਨੀ ਫੌਜੀ ਪਹੁੰਚੇ ਅਤੇ ਵਿੰਗ ਕਮਾਂਡਰ ਅਭਿਨੰਦਨ ਨੂੰ ਆਪਣੀ ਹਿਰਾਸਤ ਵਿੱਚ ਲੈ ਲਿਆ ਅਤੇ ਗੁੱਸਾਈ ਭੀੜ ਨੂੰ ਕੁੱਟਣ ਤੋਂ ਰੋਕਿਆ। ਹਿਰਾਸਤ ਵਿੱਚ ਲੈਣ ਤੋਂ ਬਾਅਦ ਵਿੰਗ ਕਮਾਂਡਰ ਨੂੰ ਭਿੰਬਰ ਦੀ ਫੌਜੀ ਇਕਾਈ ਵਿੱਚ ਲਿਜਾਇਆ ਗਿਆ। ਹੁਣ ਵਾਹਗਾ-ਅਟਾਰੀ ਸਰਹੱਦ ਜ਼ਰੀਏ ਭਾਰਤੀ ਹਵਾਈ ਫੌਜ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਪਾਕਿਸਤਾਨ ਨੇ ਇਕ ਵੀਡੀਓ ਜਾਰੀ ਕੀਤੀ ਜਿਸ ਵਿਚ ਉਨ੍ਹਾਂ ਨੂੰ ਫ਼ੌਜ ਦਾ ਅਫ਼ਸਰ ਕੋਈ ਸਵਾਲ ਪੁੱਛ ਰਿਹਾ ਸੀ ਅਤੇ ਉਹ ਜਵਾਬ ਦੇਣ ਤੋਂ ਸਾਫ਼ ਮਨਾ ਕਰ ਰਹੇ ਸਨ।

### *ਸ਼ਤਰੂਘਨ ਸਿਨਹਾ ਵੱਲੋਂ ਇਮਰਾਨ ਦੀ ਤਾਰੀਫ*

*ਭਾਰਤੀ ਹਵਾਈ ਫੌਜ ਦੇ ਵਿੰਗ ਕਮਾਂਡਰ ਅਭਿਨੰਦਨ ਦੀ ਵਤਨ ਵਾਪਸੀ 'ਤੇ ਬੀਜੇਪੀ ਸੰਸਦ ਮੈਂਬਰ ਸ਼ੱਤਰੂਘਨ ਸਿਨ੍ਹਾ ਨੇ ਪਾਕਿ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਤਾਰੀਫ ਕਰਦਿਆਂ ਟਵੀਟ ਕੀਤਾ ਕਿ ਅਸੀਂ ਤਹਿ ਦਿਲ ਤੋਂ ਬਹਾਦੁਰ ਆਈਏਐਫ ਪਾਇਲਟ ਵਿੰਗ ਕਮਾਂਡਰ ਅਭਿਨੰਦਨ ਵਰਤਮਾਨ ਦਾ ਸਵਾਗਤ ਕਰਦੇ ਹਾਂ। ਭਾਰਤ ਸਰਕਾਰ ਦੇ ਗੰਭੀਰ ਯਤਨਾਂ ਦੀ ਵੀ ਸ਼ਲਾਘਾ ਕਰਦੇ ਹਾਂ ਤੇ ਇਮਰਾਨ ਦੇ ਸ਼ਾਂਤੀ ਪ੍ਰਤੀ ਕਦਮਾਂ ਨੂੰ ਵੀ ਭੁੱਲਣਾ ਨਹੀਂ ਚਾਹੀਦਾ।*

### *ਅਭਿਨੰਦਨ ਦੀ ਰੀੜ੍ਹ ਦੀ ਹੱਡੀ 'ਤੇ ਲੱਗੀ ਹੋਈ ਸੱਟ*

*ਭਾਰਤੀ ਹਵਾਈ ਫ਼ੌਜ ਦੇ ਵਿੰਗ ਕਮਾਂਡਰ ਅਭਿਨੰਦਨ ਵਰਤਮਾਨ ਨੇ ਪਿਛਲੇ ਹਫ਼ਤੇ ਜਦੋਂ ਦੇਸ਼ ਦੇ ਵਾਯੂਮੰਡਲ ਅੰਦਰ ਆਏ ਪਾਕਿਸਤਾਨੀ ਜੰਗੀ ਹਵਾਈ ਜਹਾਜ਼ ਐੱਫ-16 ਨੂੰ ਮਾਰ ਡੇਗਿਆ ਸੀ, ਤਦ ਉਸ ਦਾ ਆਪਣਾ ਮਿੱਗ-21 ਜੰਗੀ ਹਵਾਈ ਜਹਾਜ਼ ਵੀ ਹਾਦਸਾਗ੍ਰਸਿਤ ਹੋ ਗਿਆ ਸੀ ਤੇ ਉਹ ਪਾਕਿਸਤਾਨ ਵਾਲੇ ਪਾਸੇ ਡਿੱਗ ਪਏ ਸਨ। ਉਹ ਬਚ ਤਾਂ ਗਏ ਸਨ ਪਰ ਉਨ੍ਹਾਂ ਦੀ ਰੀੜ੍ਹ ਦੀ ਹੱਡੀ ਦੇ ਹੇਠਲੇ ਪਾਸੇ ਕਾਫ਼ੀ ਜ਼ਿਆਦਾ ਸੱਟ ਲੱਗ ਗਈ ਸੀ। ਇਹ ਗੱਲ ਭਾਰਤ ਪਰਤਣ ਤੋਂ ਬਾਅਦ ਸਾਹਮਣੇ ਆਈ।*

## ਇਮਰਾਨ ਲਈ ਨੋਬਲ ਸ਼ਾਂਤੀ ਪੁਰਸਕਾਰ ਦੀ ਉੱਠੀ ਮੰਗ

ਪਾਕਿਸਤਾਨੀ ਨਾਗਰਿਕਾਂ ਨੇ ਆਪਣੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਨੋਬਲ ਸ਼ਾਂਤੀ ਪੁਰਸਕਾਰ ਦੇਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਇਹ ਮੰਗ ਪ੍ਰਧਾਨ ਮੰਤਰੀ ਵੱਲੋਂ ਭਾਰਤੀ ਪਾਇਲਟ ਨੂੰ ਰਿਹਾਅ ਕਰਨ ਦੇ ਐਲਾਨ ਤੋਂ ਬਾਅਦ ਕੀਤੀ ਗਈ ਹੈ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਕੰਪੇਨ ਸ਼ੁਰੂ ਕੀਤੀ ਗਈ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਪੀਐਮ ਇਮਰਾਨ ਦੀ ਮੁਲਕ ਵਿੱਚ ਸ਼ਾਂਤੀ ਸਥਾਪਤ ਕਰਨ ਤੇ ਅੱਤਵਾਦ ਨੂੰ ਖਤਮ ਕਰਨ ਦੇ ਉਠਾਏ ਕਦਮ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਦੂਸਰੇ ਪਾਸੇ ਪਾਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਖੁਦ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਦੇ ਯੋਗ ਨਾ ਦੱਸਦੇ ਹੋਏ ਟਵੀਟ ਕੀਤਾ। ਕਿ ਮੈਂ ਨੋਬੇਲ ਸ਼ਾਂਤੀ ਪੁਰਸਕਾਰ ਦੇ ਯੋਗ ਨਹੀਂ ਹਾਂ। ਉਨ੍ਹਾਂ ਨੇ ਲਿਖਿਆ, 'ਇਸ ਯੋਗ ਉਹ ਵਿਅਕਤੀ ਹੋਵੇਗਾ, ਜੋ ਕਸ਼ਮੀਰ ਦੇ ਲੋਕਾਂ ਦੀ ਇੱਛਾ ਅਨੁਸਾਰ ਕਸ਼ਮੀਰ ਵਿਵਾਦ ਨੂੰ ਹੱਲ ਕਰੇਗਾ।'


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਉਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਪੰਜਾਬਣ ਨੇ ਨਬਾਲਗ ਧੀ ਦੇ ਨਵ-ਜਨਮੇ ਬੱਚੇ ਨੂੰ ਪਾਣੀ 'ਚ ਡੁਬੋ ਕੇ ਮਾਰਿਆ

**ਬੇਕਰਜ਼ਫੀਲਡ/ਹੁਸਨ ਲੜੋਆ ਬੰਗਾ :** ਇਕ ਪੰਜਾਬੀ ਮਾਂ ਵੱਲੋਂ ਆਪਣੀ ਨਬਾਲਗ 15 ਵਰ੍ਹਿਆਂ ਦੀ ਧੀ ਵੱਲੋਂ ਜਨਮੇ ਬੱਚੇ ਨੂੰ ਪਾਣੀ ਵਿਚ ਡੁਬੋ ਕੇ ਮਾਰ ਦੇਣ ਦੀ ਘਟਨਾ ਉਪਰੰਤ ਸਮੁੱਚਾ ਭਾਈਚਾਰਾ ਸ਼ਰਮਸਾਰ ਹੈ। ਹਾਲ ਹੀ ਵਿਚ ਇਸ ਮਾਮਲੇ ਸਬੰਧੀ ਦਾਇਰ ਪੁਲਿਸ ਰਿਪੋਰਟ ਅਨੁਸਾਰ ਇਹ ਘਟਨਾ ਪਿਛਲੇ ਸਾਲ ਨਵੰਬਰ ਮਹੀਨੇ ਵਿਚ ਵਾਪਰੀ ਸੀ। ਬੇਅੰਤ ਕੌਰ ਢਿਲੋਂ ਨਾਮੀ ਔਰਤ ਨੇ ਆਪਣੀ ਨਬਾਲਗ ਬੇਟੀ ਨੂੰ ਆਪਣੇ ਘਰ ਦੇ ਬਾਥਰੂਮ ਵਿਚ ਪਾਇਆ ਜਿਥੇ ਉਸ ਨੇ ਇਕ ਲੜਕੇ ਨੂੰ ਜਨਮ ਦਿੱਤਾ ਸੀ। ਉਸ ਨੇ ਭਾਈਚਾਰੇ ਵਿਚ ਆਪਣੇ ਪਰਿਵਾਰ ਦੀ ਇੱਜ਼ਤ ਬਚਾਉਣ ਲਈ ਨਵਜੰਮੇ ਬੱਚੇ ਨੂੰ ਪਾਣੀ ਵਿਚ ਡੁਬੋ ਕੇ ਮਾਰ ਦਿੱਤਾ। ਰਿਪੋਰਟ ਅਨੁਸਾਰ ਬੱਚੇ ਨੂੰ ਮਾਰਨ ਉਪਰੰਤ ਬੇਅੰਤ ਕੌਰ ਦੇ ਪਤੀ ਜਗੀਰ ਸਿੰਘ ਨੇ ਮ੍ਰਿਤਕ ਬੱਚੇ ਨੂੰ ਇਕ ਪਲਾਸਟਿਕ ਦੇ ਲਿਫ਼ਾਫੇ ਵਿਚ ਪਾ ਕੇ ਆਪਣੇ ਭਤੀਜੇ ਬਖਸ਼ਿੰਦਰਪਾਲ ਸਿੰਘ ਨੂੰ ਦੇ ਦਿੱਤਾ ਜਿਸ ਨੇ ਮਕਾਨ ਦੇ ਪਿਛਲੇ ਪਾਸੇ ਇਸ ਨੂੰ ਜ਼ਮੀਨ ਵਿਚ ਦਫ਼ਨਾ ਦਿੱਤਾ। ਪੁਲਿਸ ਰਿਪੋਰਟ ਵਿਚ ਇਸ ਘਟਨਾ ਸਬੰਧੀ ਹੋਰ ਜਾਣਕਾਰੀ ਨਹੀਂ ਦਿੱਤੀ ਗਈ ਹੈ ਜਦ ਕਿ ਪੰਜਾਬੀ ਭਾਈਚਾਰੇ ਵਿਚ ਇਸ ਘਟਨਾ ਨੂੰ ਲੈ ਕੇ ਚਰਚਾ ਹੋ ਰਹੀ ਹੈ। ਸਿੱਖ ਭਾਈਚਾਰੇ ਦੇ ਆਗੂ ਮਨਦੀਪ ਚਾਹਲ ਨੇ ਕਿਹਾ ਹੈ ਕਿ ਇਹ ਬਹੁਤ ਸ਼ਰਮਨਾਕ ਘਟਨਾ ਹੈ। ਉਸ ਨੇ ਕਿਹਾ ਹੈ ਕਿ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਪਰਿਵਾਰਕ ਇੱਜ਼ਤ ਖਾਤਿਰ ਕੋਈ ਕਿਸ ਤਰ੍ਹਾਂ ਬੱਚੇ ਦੀ ਹੱਤਿਆ ਕਰ ਸਕਦਾ ਹੈ। ਮੇਰਾ ਵਿਚਾਰ ਹੈ ਕਿ ਅਜਿਹੇ ਲੋਕਾਂ ਦਾ ਕੋਈ ਧਰਮ ਨਹੀਂ ਹੁੰਦਾ। ਇਸ ਮਾਮਲੇ ਵਿਚ ਬਹੁਤ ਸਾਰੇ ਅਣਸੁਲਝੇ ਸਵਾਲਾਂ ਦਾ ਜਵਾਬ ਅਜੇ ਮਿਲਣਾ ਬਾਕੀ ਹੈ। ਮੁਕੰਮਲ ਜਾਂਚ ਉਪਰੰਤ ਹੀ ਘਟਨਾ ਸਬੰਧੀ ਸਹੀ ਤੱਥਾਂ ਬਾਰੇ ਜਾਣਕਾਰੀ ਮਿਲ ਸਕੇਗੀ।

## ਨ਼ਫਰਤੀ ਅਪਰਾਧ ਦੇ ਦੋਸ਼ਾਂ ਤਹਿਤ ਗੋਰਾ ਗ੍ਰਿ਼ਫਤਾਰ

### *ਪਰਵਾਸੀਆਂ ਵਲੋਂ ਕੱਟੜਤਾ ਵਿਰੁੱਧ ਇਕਜੁੱਟਤਾ ਦਾ ਸੱਦਾ*



**ਮੈਰਿਸਵਿਲੇ (ਕੈਲੀਫੋਰਨੀਆ)/ਹੁਸਨ ਲੜੋਆ ਬੰਗਾ :** ਮੈਰਿਸਵਿਲੇ ਵਾਸੀ ਇਕ ਵਿਅਕਤੀ ਨੂੰ ਨਫ਼ਰਤੀ ਅਪਰਾਧ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਹੈ। ਕਾਲੇ ਵਸਤਰ ਪਹਿਲੀ ਇਕ ਵਿਅਕਤੀ ਰਾਸ਼ਟਰੀ ਮਾਰਗ 70 ਉਪਰ ਪੈਂਦੇ 7 ਇਲੈਵਨ ਕੌਫ਼ੀ ਹਾਊਸ ਵਿਖੇ ਆਇਆ। ਉਸ ਵਿਅਕਤੀ ਨੇ ਕੌਫ਼ੀ ਬਣਵਾਈ ਅਤੇ ਪੀਣ ਉਪਰੰਤ ਬਿਨਾ ਅਦਾਇਗੀ ਕੀਤੇ ਉਥੋਂ ਜਾਣ ਲੱਗਾ ਤਾਂ ਕਲਰਕ ਵੱਜੋਂ ਕੰਮ ਕਰਦੇ ਪੰਜਾਬੀ ਸਿੱਖ ਨੇ ਉਸ ਨੂੰ ਰੋਕਿਆ ਤੇ ਪੈਸਿਆਂ ਦੀ ਮੰਗ ਕੀਤੀ। ਇਸ ਉਪਰੰਤ ਉਸ ਵਿਅਕਤੀ ਨੇ ਕਲਰਕ ਦੇ ਚੇਹਰੇ ਉਪਰ ਗਰਮ ਕਾਫ਼ੀ ਸੁੱਟ ਦਿੱਤੀ ਤੇ ਉਸ ਉਪਰ ਹਮਲਾ ਵੀ ਕਰ ਦਿੱਤਾ। ਬਾਅਦ ਵਿਚ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਜਿਸ ਦੀ ਪਛਾਣ ਜੌਹਨ ਕਰੇਨ ਵਜੋਂ ਹੋਈ ਹੈ। ਕਰੇਨ ਨੇ ਮੰਨਿਆ ਕਿ ਕਲਰਕ ਨੂੰ ਮੁਸਲਮਾਨ ਸਮਝ ਲੈਣ ਕਾਰਨ ਉਸ ਨੇ ਉਸ ਉਪਰ ਹਮਲਾ ਕੀਤਾ ਸੀ। ਬਲਜੀਤ ਸਿੰਘ ਨਾਮੀ ਇਕ ਹੋਰ ਕਲਰਕ ਨੇ ਦੱਸਿਆ ਕਿ ਕਰੇਨ ਨੇ ਗਲਤੀ ਕੀਤੀ ਹੈ, ਜਿਸ ਦਾ ਉਹ ਗੁਨਾਹਗਾਰ ਹੈ। ਇਸ ਘਟਨਾ ਤੋਂ ਬਾਅਦ ਇਲਾਕੇ ਵਿਚ ਰਹਿੰਦੇ ਪ੍ਰਵਾਸੀਆਂ ਵਿਚ ਰੋਸ ਪਾਇਆ ਜਾ ਰਿਹਾ ਹੈ। ਅਮੈਰੀਕਨ ਸਿੱਖ ਪਬਲਿਕ ਅਫੇਅਰਜ਼ ਐਸੋਸੀਏਸ਼ਨ ਦੇ ਬੋਰਡ ਮੈਂਬਰ ਅਮਰ ਸ਼ੇਰਗਿੱਲ ਨੇ ਕਿਹਾ ਕਿ ਇਹ ਸਾਡੇ ਸਾਰਿਆਂ ਉਪਰ ਹਮਲਾ ਹੈ, ਸਾਨੂੰ ਇਸ ਵਿਰੁੱਧ ਇਕਜੁੱਟ ਹੋਣ ਦੀ ਲੋੜ ਹੈ ਤਾਂ ਜੋ ਇਹੋ ਜਿਹੀ ਕੱਟੜਤਾ ਨੂੰ ਨੱਥ ਪਾਈ ਜਾ ਸਕੇ।

## ਏਸ਼ੀਅਨ-ਅਮਰੀਕਨ ਕੁਲੀਸ਼ਨ ਸ਼ਿਕਾਗੋ ਵੱਲੋਂ 36ਵਾਂ ਸਾਲਾਨਾ ਸਮਾਗਮ

### *ਬਲਵਿੰਦਰ ਸਿੰਘ ਗਿਰਨ ਦਾ ਵਿਸ਼ੇਸ਼ ਸਨਮਾਨ*

**ਸ਼ਿਕਾਗੋ/ਏਟੀ ਨਿਊਜ਼ :** ਏਸ਼ੀਅਨ- ਅਮਰੀਕਨ ਕੁਲੀਸ਼ਨ ਆਫ ਸ਼ਿਕਾਗੋ (ਏਏਸੀਸੀ.) ਨੇ ਆਪਣੀ ਸਥਾਪਨਾ ਦੇ 36ਵੇਂ ਸਾਲ ਨੂੰ ਸਮਰਪਿਤ ਸਾਲਾਨਾ ਸਮਾਗਮ ਕਰਵਾਇਆ। ਹਿਆਤ ਰੀਜੈਂਸੀ ਸ਼ਿਕਾਗੋ ਵਿਖੇ 23 ਫਰਵਰੀ 2019 ਨੂੰ ਕੀਤੇ ਗਏ ਇਸ ਸਮਾਗਮ ਵਿਚ "ਇਕ ਵਰਲਡ-ਇਕ ਨਜ਼ਰੀਆ" ਦੇ ਥੀਮ ਨਾਲ ਚੰਦਰਮਾ ਅਧਾਰਿਤ ਨਵੇਂ ਸਾਲ ਦਾ ਜਸ਼ਨ ਵੀ ਕੀਤਾ ਗਿਆ। ਇਹ ਸਮਾਗਮ ਸ਼ਿਕਾਗੋ ਦੀ ਫਿਲੀਪੀਨੋ ਅਮਰੀਕੀ ਕਮਿਊਨਿਟੀ ਦੁਆਰਾ ਐਡਵੋਕੇਟ ਔਰੋਰਾ ਔਸਟਰੀਕੋ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ ਸੀ।



ਇਸ ਸਮਾਗਮ ਵਿਚ ਏਸ਼ੀਆਈ ਅਮਰੀਕੀ ਭਾਈਚਾਰੇ ਦੇ ਨੇਤਾਵਾਂ, ਮਹਾਨ ਸ਼ਖ਼ਸੀਅਤਾਂ, ਚੁਣੇ ਹੋਏ ਅਹੁਦੇਦਾਰਾਂ, ਕਾਰਪੋਰੇਟਾਂ ਸਮੇਤ 1000 ਤੋਂ ਵੱਧ ਮਹਿਮਾਨਾਂ ਨੇ ਹਾਜ਼ਰੀ ਭਰੀ। ਇਸ ਮੌਕੇ ਬੋਲਦਿਆਂ ਰਾਜਿੰਦਰ ਸਿੰਘ ਮਾਗੋ, ਕਾਰਜਕਾਰੀ ਸਕੱਤਰ ਏਏਸੀਸੀ ਬੋਰਡ ਨੇ ਕਿਹਾ ਕਿ "ਏਸ਼ੀਅਨ-ਅਮਰੀਕਨ ਕੁਲੀਸ਼ਨ ਆਫ ਸ਼ਿਕਾਗੋ ਦਾ ਉਦੇਸ਼ ਸੰਯੁਕਤ ਰਾਜ ਅਮਰੀਕਾ ਵਿਚ ਰਹਿ ਰਹੇ ਸਾਰੇ ਏਸ਼ੀਅਨ ਅਮਰੀਕਨ ਭਾਈਚਾਰੇ ਨੂੰ ਮਜ਼ਬੂਤ ਕਰਨ ਅਤੇ ਅਮਰੀਕਨ ਲੋਕਤੰਤਰ ਅਤੇ ਅਰਥ-ਵਿਵਸਥਾ ਵਿਚ ਏਸ਼ੀਅਨਾਂ ਦੇ ਯੋਗਦਾਨ ਨੂੰ ਮਾਨਤਾ ਦਿਵਾਉਣ ਲਈ ਇਕਜੁੱਟ ਹੋ ਕੇ ਮਹੱਤਵਪੂਰਨ ਰੋਲ ਨਿਭਾਉਣਾ ਹੈ।" ਇਸ ਸਮਾਗਮ ਵਿਚ ਵਿਸ਼ੇਸ਼ ਤੌਰ ਉਤੇ ਬਲਵਿੰਦਰ ਸਿੰਘ ਗਿਰਨ ਦਾ ਸਨਮਾਨ ਕੀਤਾ ਗਿਆ। ਬਲਵਿੰਦਰ ਸਿੰਘ ਗਿਰਨ ਉੱਤਰੀ ਟ੍ਰਸਟ ਕਾਰਪੋਰੇਸ਼ਨ ਦੇ ਸੀਨੀਅਰ ਪ੍ਰੋਜੈਕਟ ਮੈਨੇਜਰ ਹਨ। ਏਸ਼ੀਅਨ ਅਮਰੀਕਨ ਬਿਜ਼ਨੈਸ ਰਿਸੋਰਸ ਕੌਂਸਲ ਅਤੇ ਨੈਸ਼ਨਲ ਐਸੋਸੀਏਸ਼ਨ ਆਫ ਏਸ਼ੀਅਨ ਅਮਰੀਕਨ ਪ੍ਰੋਫੈਸ਼ਨਲਜ਼ ਵਿਚ ਉਨ੍ਹਾਂ ਦੀ ਯੋਗ ਅਗਵਾਈ ਕਾਰਨ ਏਸ਼ੀਅਨ-ਅਮਰੀਕਨ ਕੁਲੀਸ਼ਨ ਸ਼ਿਕਾਗੋ (ਏਏਸੀਸੀ) ਤੋਂ ਉਨ੍ਹਾਂ ਨੂੰ ਮਿਸਾਲੀ ਸੇਵਾ ਪੁਰਸਕਾਰ ਪ੍ਰਾਪਤ ਹੋਇਆ ਹੈ।

ਬਲਵਿੰਦਰ ਸਿੰਘ ਗਿਰਨ ਇਕ ਇਲੈਕਟ੍ਰੀਕਲ ਇੰਜੀਨੀਅਰ, ਗਣਿਤ ਅਤੇ ਸੂਚਨਾ ਤਕਨਾਲੋਜੀ ਪ੍ਰੋਜੈਕਟ ਮੈਨੇਜਮੈਂਟ ਦੇ ਪੇਸ਼ੇਵਰ, ਵਿਗਿਆਨ, ਤਕਨਾਲੋਜੀ, ਕਲਾ ਅਤੇ ਸਭਿਆਚਾਰ ਦੇ ਖੇਤਰ ਵਿਚ ਵਿਚਰਣ ਵਾਲੀ ਬਹੁਪੱਖੀ ਸ਼ਖ਼ਸੀਅਤ ਹਨ। ਉਨ੍ਹਾਂ ਦਾ ਜਨਮ ਪੰਜਾਬ ਵਿਚ ਹੋਇਆ ਅਤੇ ਆਪਣੇ ਪਰਿਵਾਰ ਨਾਲ ਉਹ ਸੰਨ 1978 ਵਿਚ ਅਮਰੀਕਾ ਆ ਗਏ ਸਨ। ਇਥੇ ਹੀ ਉਨ੍ਹਾਂ ਯੂਨੀਵਰਸਿਟੀ ਵਿਚ ਉੱਚ ਸਿੱਖਿਆ ਪ੍ਰਾਪਤ ਕੀਤੀ।

## ਇਮੀਗਰੇਸ਼ਨ ਘੁਟਾਲੇ ਵਿਚ ਪੰਜਾਬੀ ਨੇ ਗੁਨਾਹ ਕਬੂਲਿਆ

**ਸੈਨਡੀਗੋ/ਹੁਸਨ ਲੜੋਆ ਬੰਗਾ :** ਹਰਦੇਵ ਪਨੇਸਰ (70 ਸਾਲ) ਨੇ ਬਹੁ ਕਰੋੜੀ ਇਮੀਗਰੇਸ਼ਨ ਘੁਟਾਲੇ ਵਿਚ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਉਹ ਆਪਣੇ ਆਪ ਨੂੰ ਅਮਰੀਕੀ ਹੋਮਲੈਂਡ ਸਕਿਉਰਿਟੀ ਏਜੰਟ ਦੱਸਦਾ ਸੀ। ਉਸ ਨੇ 100 ਤੋਂ ਵੱਧ ਲੋਕਾਂ ਨਾਲ ਠੱਗੀ ਮਾਰੀ। ਸੈਨਡੀਗੋ ਦੀ ਸੰਘੀ ਅਦਾਲਤ ਵਿਚ ਉਸ ਨੇ ਆਪਣਾ ਗੁਨਾਹ ਕਬੂਲ ਕਰਦਿਆਂ ਮੰਨਿਆ ਕਿ ਉਹ 25 ਲੱਖ ਡਾਲਰ ਪੀੜਤਾਂ ਨੂੰ ਵਾਪਸ ਕਰ ਦੇਵੇਗਾ। ਅਮਰੀਕੀ ਅਧਿਕਾਰੀਆਂ ਅਨੁਸਾਰ ਸੈਨਡੀਗੋ ਵਾਸੀ ਪਨੇਸਰ 5 ਭਾਸ਼ਾਵਾਂ ਬੋਲ ਸਕਦਾ ਹੈ ਅਤੇ ਝੂਠ ਬੋਲਣਾ ਉਸ ਦੀ ਪੁਰਾਣੀ ਆਦਤ ਹੈ। ਉਸ ਦੀ ਪਤਨੀ ਲੇਟੀਸੀਆ ਪਨੇਸਰ ਵੀ ਇਸ ਘੁਟਾਲੇ ਵਿਚ ਸ਼ਾਮਲ ਹੈ। ਅਮਰੀਕਾ ਦੇ ਨਿਆਂ ਵਿਭਾਗ ਅਨੁਸਾਰ ਪਨੇਸਰ ਲੋਕਾਂ ਨੂੰ ਕਹਿੰਦਾ ਸੀ ਕਿ ਉਹ ਅਮਰੀਕਾ ਦੇ ਹੋਮਲੈਂਡ ਸਕਿਉਰਿਟੀ ਵਿਭਾਗ ਵਿਚ ਅਧਿਕਾਰੀ ਵਜੋਂ ਤਾਇਨਾਤ ਹੈ। ਉਹ ਜਾਅਲੀ ਅਧਿਕਾਰੀ ਬਣ ਕੇ 5 ਸਾਲ ਤੋਂ ਵੱਧ ਸਮਾਂ ਲੋਕਾਂ ਨਾਲ ਠੱਗੀ ਮਾਰਦਾ ਰਿਹਾ। ਅਦਾਲਤੀ ਰਿਕਾਰਡ ਅਨੁਸਾਰ ਜਦੋਂ ਲੋਕਾਂ ਨੂੰ ਪਨੇਸਰ ਦੀਆਂ ਗਤੀਵਿਧੀਆਂ ਉਪਰ ਸ਼ੱਕ ਪਿਆ ਤੇ ਉਨ੍ਹਾਂ ਨੇ ਆਪਣੇ ਪੈਸੇ ਵਾਪਿਸ ਮੰਗੇ ਤਾਂ ਉਸ ਨੇ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਐਫ਼ਬੀਆਈ. ਵਲੋਂ ਇਕ ਸਾਲ ਦੀ ਜਾਂਚ ਉਪਰੰਤ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗ੍ਰਿਫ਼ਤਾਰੀ ਸਮੇਂ ਵੀ ਉਸ ਨੇ ਆਪਣੇ ਆਪ ਨੂੰ ਨੈਸ਼ਨਲ ਸਕਿਉਰਿਟੀ ਏਜੰਟ ਦੱਸਿਆ। ਪਨੇਸਰ ਵਲੋਂ ਗੁਨਾਹ ਕਬੂਲ ਕਰ ਲੈਣ ਉਪਰੰਤ ਮੁਕੱਦਮੇ ਦਾ ਛੇਤੀ ਨਬੇੜਾ ਹੋ ਸਕਦਾ ਹੈ ਤੇ ਉਸ ਨੂੰ ਵੱਧ ਤੋਂ 20 ਸਾਲ ਦੀ ਸਜ਼ਾ ਹੋ ਸਕਦੀ ਹੈ।




HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

*ਸਿੱਖ ਕਾਕਸ ਕਮੇਟੀ ਦੀ ਅਮੈਰੀਕਨ ਸਿੱਖ ਕੰਗਰੈਸ਼ਨਲ ਨੂੰ ਅਪੀਲ*

## ਭਾਰਤ-ਪਾਕਿ ਕਸ਼ੀਦਗੀ ਦਾ ਮਸਲਾ ਸਟੇਟ ਵਿਭਾਗ ਕੋਲ ਉਠਾਇਆ ਜਾਵੇ

**ਵਾਸ਼ਿਗਟਨ ਡੀਸੀ/ਬਲਵਿੰਦਰਪਾਲ ਸਿੰਘ ਖਾਲਸਾ:** ਅਮਰੀਕਾ ਵਿਚਲੀ ਮਜ਼ਬੂਤ ਸਿੱਖ ਰਾਜਨੀਤਕ ਸੰਸਥਾ, ਸਿੱਖ ਕਾਕਸ ਕਮੇਟੀ ਨੇ ਅਮਰੀਕਨ ਸਿੱਖ ਕੰਗਰੈਸ਼ਨਲ ਕਾਕਸ ਨੂੰ ਅਪੀਲ ਕੀਤੀ ਹੈ ਕਿ ਉਹ ਦੱਖਣੀ ਏਸ਼ੀਆ ਦੇ ਗੁਆਂਢੀ ਮੁਲਕਾਂ ਪਾਕਿਸਤਾਨ ਤੇ ਭਾਰਤ ਵਿਚ ਪੈਦਾ ਹੋਏ ਜੰਗੀ ਮਾਹੌਲ ਦੇ ਖਤਰਨਾਕ ਮਸਲੇ ਨੂੰ ਸਟੇਟ ਵਿਭਾਗ ਕੋਲ ਜ਼ੋਰਦਾਰ ਢੰਗ ਨਾਲ ਚੁੱਕਣ। ਸੰਸਥਾ ਦੇ ਐਗਜ਼ੈਕਟਿਵ ਡਾਇਰੈਕਟਰ ਸ. ਹਰਪ੍ਰੀਤ ਸਿੰਘ ਸੰਧੂ ਨੇ ਆਪਣੀ ਅਪੀਲ ਵਿਚ ਕਿਹਾ ਹੈ ਕਿ ਦੋਵਾਂ ਦੇਸ਼ਾਂ ਕੋਲ ਪ੍ਰਮਾਣੂ ਹਥਿਆਰ ਹਨ, ਜਿਨਾਂ ਦੇ ਚੱਲਣ ਨਾਲ ਵੱਡੀ ਤਬਾਹੀ ਮਚ ਸਕਦੀ ਹੈ ਤੇ ਇਹ ਤਬਾਹੀ ਦੋਵਾਂ ਦੇਸ਼ਾਂ ਤਕ ਹੀ ਸੀਮਤ ਨਹੀਂ ਰਹੇਗੀ ਬਲਕਿ ਇਸ ਦਾ ਅਸਰ ਬਹੁਤ ਸਾਰੇ ਦੇਸ਼ਾਂ ਉਤੇ ਪਵੇਗਾ। ਕਰੋੜਾਂ ਲੋਕ ਮਾਰੇ ਜਾਣਗੇ। ਦੋਵੇਂ ਦੇਸ਼ ਗਰੀਬ ਦੇਸ਼ਾਂ ਦੀ ਸੂਚੀ ਵਿਚ ਸਭ ਤੋਂ ਹੇਠਾਂ ਹਨ ਤੇ ਜੰਗ ਲੱਗਣ ਦੀ ਸੂਰਤ ਵਿਚ ਦੋਵੇਂ ਦੇਸ਼ ਪਛੜ ਜਾਣਗੇ ਤੇ ਹੋਰ ਗਰੀਬ ਹੋ ਜਾਣਗੇ। ਇਸ ਕਰਕੇ ਸਟੇਟ ਵਿਭਾਗ ਨੂੰ ਆਪਣੇ ਪ੍ਰਭਾਵ ਦੀ ਵਰਤੋਂ ਕਰਨੀ ਚਾਹੀਦੀ ਹੈ। ਹਾਲਾਂਕਿ ਪਹਿਲਾਂ ਹੀ ਸਟੇਟ ਵਿਭਾਗ ਨੇ ਦੋਵਾਂ ਦੇਸ਼ਾਂ ਨਾਲ ਸੰਪਰਕ ਕਰਕੇ ਦੋਵਾਂ ਦੇਸ਼ਾਂ ਨੂੰ ਇਕ ਦੂਜੇ ਪ੍ਰਤੀ ਨਰਮ ਰੁਖ ਅਖਤਿਆਰ ਕਰਨ ਲਈ ਕਿਹਾ ਹੈ ਤੇ ਕਿਸੇ ਵੀ ਕਿਸਮ ਦੀ ਭੜਕਾਊ ਕਾਰਵਾਈ ਤੋਂ ਟਾਲਾ ਵੱਟਣ ਦੀ ਜ਼ੋਰਦਾਰ ਸਲਾਹ ਦਿੱਤੀ ਹੈ ਪਰ ਇਸ ਦੇ ਬਵਾਜੂਦ ਸਿੱਖ ਕਾਕਸ ਕਮੇਟੀ ਨੇ ਪ੍ਰਵਾਵਸ਼ਾਲੀ ਢੰਗ ਨਾਲ ਇਸ ਗੰਭੀਰ ਮਾਮਲੇ ਨੂੰ ਉਠਾਉਣ ਲਈ ਕਿਹਾ ਹੈ। ਕਾਕਸ ਦੇ ਡਾਇਰੈਕਟਰ ਭਾਈ ਸੰਧੂ ਨੇ ਡੈਮੋਕਰੈਟਿਕ ਜਾਹਨ ਗੈਰੀਮੈਂਡੀ ਨੂੰ ਲਿਖੇ

ਬਾਕੀ ਸਫ਼ਾ 29 'ਤੇ

# ਭਾਰਤ-ਪਾਕਿ ਜੰਗ ਨਾਲ ਪੰਜਾਬ ਤੇ ਸਿੱਖਾਂ ਦੀ ਹੋ ਸਕਦੀ ਹੈ ਤਬਾਹੀ

### *ਅਮਰੀਕਾ ਨੂੰ ਦਖਲ ਦੇਣ ਦੀ ਅਪੀਲ*

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ :** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਯੂਐਸਏ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਨੇ ਕਿਹਾ ਕਿ ਭਾਰਤ-ਪਾਕਿ ਵਿਚਾਲੇ ਲੜਾਈ ਦੇ ਆਸਾਰ ਬਣਦੇ ਜਾ ਰਹੇ ਹਨ, ਜੋ ਕਿ ਪੂਰੇ ਵਿਸ਼ਵ ਨੂੰ ਤੀਸਰੀ ਵਿਸ਼ਵ ਜੰਗ ਵੱਲ ਧਕੇਲ ਸਕਦੀ ਹੈ। ਰੂਸ ਤੇ ਅਮਰੀਕਾ ਦਾ ਤਣਾਅ ਪਹਿਲਾਂ ਹੀ ਸੁਰਖੀਆਂ ਬਣਿਆ ਹੋਇਆ ਹੈ। ਦੁਨੀਆ ਦੇ ਦੇਸ਼ਾਂ ਨੂੰ ਇਸ ਸਬੰਧ ਵਿਚ ਵਿਸ਼ਵ ਸ਼ਾਂਤੀ ਲਈ ਇਹ ਜੰਗ ਰੋਕਣੀ ਚਾਹੀਦੀ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਇਸ ਲੜਾਈ ਦਾ ਸਭ ਤੋਂ ਵੱਡਾ ਨੁਕਸਾਨ ਦੋਹਾਂ ਪੰਜਾਬਾਂ ਨੂੰ ਹੋਵੇਗਾ, ਜਿੱਥੇ ਗੁਰੂ ਨਾਨਕ ਸਾਹਿਬ ਦੀ ਵਿਰਾਸਤ, ਗੁਰਦੁਆਰੇ ਅਤੇ ਸ਼ਰਧਾਲੂ ਮੌਜੂਦ ਹਨ। ਇਸ ਧਰਤੀ ਤੋਂ ਹੀ ਗੁਰੂ ਨਾਨਕ ਸਾਹਿਬ ਨੇ ਅਮਨ ਦਾ ਸੰਦੇਸ਼ ਦਿੱਤਾ ਸੀ ਤੇ ਕਰਤਾਰਪੁਰ ਖੁੱਲ੍ਹਾ ਲਾਂਘਾ ਇਸੇ ਗੱਲ ਦਾ ਪ੍ਰਗਟਾਵਾ ਹੈ। ਉਨ੍ਹਾਂ ਦੋਹਾਂ ਦੇਸ਼ਾਂ ਨੂੰ ਅਪੀਲ ਕੀਤੀ ਕਿ ਉਹ ਜੰਗ ਲੜਨ ਦੀ ਬਜਾਏ ਵਿਸ਼ਵ ਸ਼ਾਂਤੀ ਦਾ ਸੁਨੇਹਾ ਦੇਣ ਵਾਲੇ ਗੁਰੂ ਨਾਨਕ ਸਾਹਿਬ ਦੀ ਵਿਰਾਸਤ ਨੂੰ ਕਾਇਮ ਰੱਖਦਿਆਂ ਕਰਤਾਰਪੁਰ ਖੁੱਲ੍ਹੇ ਲਾਂਘੇ ਲਈ ਯਤਨ ਕਰਨ ਤੇ ਕਰਤਾਰਪੁਰ ਗੁਰਦੁਆਰੇ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਆਪਸੀ ਮੀਟਿੰਗ ਕਰਕੇ ਇਸ ਮਸਲੇ ਨੂੰ ਨਿਪਟਾ ਕੇ ਦੁਨੀਆ ਨੂੰ ਅਮਨ ਦੀ ਰੌਸ਼ਨੀ ਦੇਣ। ਉਨ੍ਹਾਂ ਕਿਹਾ ਕਿ ਅੱਤਵਾਦ ਤੇ ਹਿੰਸਾ ਕਿਸੇ ਮਸਲੇ ਦਾ ਹੱਲ ਨਹੀਂ, ਪਰ ਸਰਕਾਰਾਂ ਤੇ ਰਾਜਨੀਤਕ ਪਾਰਟੀਆਂ ਨੂੰ ਆਪਣੀ ਸੱਤਾ ਦੀ ਭੁੱਖ ਤਿਆਗ ਕੇ ਸਾਰੀਆਂ ਸਮੱਸਿਆਵਾਂ ਤੇ ਅੱਤਵਾਦ ਦੇ ਮਸਲੇ ਸਟੇਟ ਦੇ ਡੰਡੇ ਤੇ ਫੌਜੀ ਹੱਲ ਵਿਚੋਂ ਲੱਭਣ ਦੀ ਬਜਾਏ ਸੰਵਾਦ ਰਾਹੀਂ ਹੱਲ ਕਰਨੇ ਚਾਹੀਦੇ ਹਨ ਤੇ ਇਮਾਨਦਾਰੀ ਨਾਲ ਇਸ ਦਾ ਹੱਲ ਢੂੰਡਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਦੋਵਾਂ ਦੇਸ਼ਾਂ ਦੀ ਕੋਈ ਵੀ ਸੰਭਾਵੀ ਲੜਾਈ ਹੋਈ ਤਾਂ ਬਹੁਤ ਤਬਾਹਕੁੰਨ ਅਤੇ ਮਾਰੂ ਸਾਬਤ ਹੋਵੇਗੀ, ਕਿਉਂਕਿ ਦੋਵੇਂ ਦੇਸ਼ ਪ੍ਰਮਾਣੂ ਹਥਿਆਰਾਂ ਨਾਲ ਲੈਸ ਹਨ। ਜੋ ਤਬਾਹੀ ਹੋਵੇਗੀ, ਉਸ ਤੋਂ ਬਾਅਦ ਉਸ ਦਾ ਹੱਲ ਲੱਭਣਾ ਬਹੁਤ ਮੁਸ਼ਕਲ ਹੋਵੇਗਾ। ਲੋਕ ਮਾਰੇ ਵੀ ਜਾਣਗੇ, ਬੇਘਰ ਵੀ ਹੋਣਗੇ ਤੇ ਭੁੱਖਮਰੀ ਵੀ ਫੈਲੇਗੀ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ ਗਰੀਬ



ਹਨ ਤੇ ਇਸ ਲਈ ਉਨ੍ਹਾਂ ਨੂੰ ਵਿਕਾਸ ਲਈ ਆਪਸੀ ਤਣਾਅ ਗੱਲਬਾਤ ਰਾਹੀਂ ਹੱਲ ਕਰਨਾ ਚਾਹੀਦਾ ਹੈ। ਖਾਲਸਾ ਨੇ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਸੀ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਡਰਾਉਣੀ ਸਥਿਤੀ ਬਣੀ ਹੋਈ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਉਥੇ ਕੁਝ ਵੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਅਮਰੀਕਾ ਦੇ ਰਾਸ਼ਟਰਪਤੀ ਨੂੰ ਅਪੀਲ ਕਰਦੇ ਹਨ ਕਿ ਦੋਹਾਂ ਦੇਸ਼ਾਂ ਵਿਚ ਜੰਗ ਰੋਕਣ ਲਈ ਆਪਣਾ ਦਖਲ ਦੇਣ, ਕਿਉਂਕਿ ਇਸ ਜੰਗ ਵਿਚ ਪੰਜਾਬ ਵਿਚ ਸਥਾਪਤ ਬਹੁਗਿਣਤੀ ਸਿੱਖ ਕੌਮ ਦੇ ਉੱਜੜਨ ਤੇ ਖਤਮ ਹੋਣ ਦਾ ਖਤਰਾ ਵਧ ਗਿਆ ਹੈ।

## ਪੰਜਾਬੀਆਂ ਨੇ ਹੰਢਾਈ ਹੈ ਜੰਗਾਂ ਦੀ ਤਬਾਹੀ : ਸਿੱਖ ਚਿੰਤਕ

**ਚੰਡੀਗੜ੍ਹ/ਏਟੀ ਨਿਊਜ਼ :** ਇਕ ਸਾਂਝਾ ਬਿਆਨ ਜਾਰੀ ਕਰਦਿਆਂ ਗੁਰਤੇਜ ਸਿੰਘ, ਪ੍ਰੋ. ਦਰਸ਼ਨ ਸਿੰਘ, ਪੱਤਰਕਾਰ ਜਸਪਾਲ ਸਿੰਘ ਅਤੇ ਚੰਚਲ ਮਨੋਹਰ ਸਿੰਘ, ਗੁਰਪ੍ਰੀਤ ਸਿੰਘ ਬੁਲਾਰਾ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਖੁਸ਼ਹਾਲ ਸਿੰਘ, ਜਨਰਲ ਸਕੱਤਰ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਅਤੇ ਗੁਰਬਚਨ ਸਿੰਘ ਐਡੀਟਰ ਦੇਸ਼ ਪੰਜਾਬ ਨੇ ਕਿਹਾ ਕਿ ਪੰਜਾਬੀਆਂ ਨੇ ਸੰਨ 1947 ਦੀ ਵੱਢ-ਟੁੱਕ ਸਮੇਂ ਅਤੇ ਬਾਅਦ ਦੀਆਂ ਸੰਨ 1965 ਤੇ ਸੰਨ 1971 ਦੀਆਂ ਭਾਰਤ-ਪਾਕਿਸਤਾਨ ਦਰਮਿਆਨ ਜੰਗਾਂ ਦੌਰਾਨ ਬਹੁਤ ਖ਼ੂਨ-ਖਰਾਬਾ ਅਤੇ ਤਬਾਹੀ ਝੱਲੀ ਹੈ ਅਤੇ ਉਹ ਨਹੀਂ ਚਾਹੁੰਦੇ ਕਿ ਭਾਰਤ-ਪਾਕਿਸਤਾਨ ਦੇ ਸੰਭਾਵੀ ਯੁੱਧ ਦੇ ਮੰਡਰਾਉਂਦੇ ਬੱਦਲ ਉਨ੍ਹਾਂ ਲਈ ਹੋਰ ਭਿਆਨਕ ਮਾਰ-ਮਰਾਈ ਅਤੇ ਉਜਾੜੇ ਦਾ ਸਬੱਬ ਬਣਨ। ਉਨ੍ਹਾਂ ਕਿਹਾ ਕਿ ਅੱਜ ਦੇ ਯੁੱਗ ਵਿਚ ਜਦੋਂ ਐਟਮੀ ਬੰਬਾਂ ਨਾਲ ਲੈਸ ਭਾਰਤ ਅਤੇ ਪਾਕਿਸਤਾਨ ਦੀ ਤਬਾਹਕੁਨ ਸ਼ਕਤੀ ਵਿਚ ਅਥਾਹ ਵਾਧਾ ਹੋ ਗਿਆ ਹੈ ਤਾਂ ਯੁੱਧ ਦੇ ਹੱਕ ਵਿਚ ਜਨਤਕ ਨੇਰੇਟਿਵ (ਬ੍ਰਿਤਾਂਤ) ਖੜ੍ਹਾ ਕਰਨਾ ਵੱਡੀ ਮੂਰਖਤਾ ਹੀ ਨਹੀਂ, ਬਲਕਿ ਆਤਮਘਾਤੀ ਸਰਬਨਾਸ਼ ਨੂੰ ਸੱਦਾ ਦੇਣਾ ਹੈ। ਦੁਨੀਆਂ ਦੇ ਵੱਡੇ ਯੁੱਧਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਜੰਗ ਕਿਸੇ ਦੇਸ਼ ਦੇ ਆਪਸੀ ਮਸਲਿਆਂ ਦਾ ਹੱਲ ਨਹੀਂ ਹੁੰਦਾ, ਸਗੋਂ ਆਮ ਲੋਕਾਂ ਲਈ ਖ਼ੂਨ-ਖਰਾਬਾ, ਮੁਸੀਬਤਾਂ ਅਤੇ ਵੱਡੀਆਂ ਬੀਮਾਰੀਆਂ ਲੈ ਆਉਂਦਾ ਹੈ, ਜਿਨ੍ਹਾਂ ਦੇ ਮਾਰੂ ਅਮਲ ਸਾਲਾਂ-ਬੱਧੀ ਅਸਰ-ਅੰਦਾਜ਼ ਹੁੰਦੇ ਰਹਿੰਦੇ ਹਨ। ਇਹ ਬਿਲਕੁਲ ਸਹੀ ਹੈ ਕਿ ਮੁਲਕਾਂ ਨੂੰ ਆਪਸੀ ਯੁੱਧ ਸ਼ੁਰੂ ਕਰਨਾ ਆਸਾਨ ਹੁੰਦਾ ਹੈ ਪਰ ਇਸ ਨੂੰ ਬੰਦ ਕਰਨ ਲਈ ਵੱਡੀਆਂ ਤਾਕਤਾਂ ਅੱਗੇ ਗੋਡੇ ਟੇਕਣੇ ਅਤੇ ਘਿਨਾਉਣੀਆਂ ਲੋਕ-ਵਿਰੋਧੀ ਸ਼ਰਤਾਂ ਮੰਨਣੀਆਂ ਪੈਂਦੀਆਂ ਹਨ। ਭਾਰਤ ਅਤੇ ਪਾਕਿਸਤਾਨ ਵਿਚ ਵੱਡੀ ਗਿਣਤੀ ਗਰੀਬਾਂ ਅਤੇ ਪਛੜੇ ਲੋਕਾਂ ਦੀ ਹੈ ਅਤੇ ਉਨ੍ਹਾਂ ਦੇ ਵਿਕਾਸ ਅਤੇ ਤਰੱਕੀ ਨੂੰ ਦਰ-ਕਿਨਾਰ ਕਰਕੇ ਯੁੱਧ ਦੀ ਤਿਆਰੀ ਕਰਨਾ ਮੁਜ਼ਰਮਾਨਾ ਤਜਵੀਜ਼ਾਂ ਅਤੇ ਕਾਰਨਾਮੇ ਹਨ। ਪਹਿਲਾਂ ਹੀ ਆਰਥਿਕ ਤੌਰ ਤੇ ਪਛੜੇ ਦੋਨੋਂ ਮੁਲਕ ਯੁੱਧ ਦਾ ਮਹੌਲ ਸਿਰਜ ਕੇ ਆਪਣੇ ਸੀਮਤ ਸਾਧਨਾਂ ਨੂੰ ਲੋਕਾਂ ਦੇ ਵਿਕਾਸ ਲਈ ਖਰਚਣ ਦੀ ਬਜਾਇ ਪੱਛਮ ਤੋਂ ਮਾਰੂ ਹਥਿਆਰ ਖਰੀਦਣ 'ਤੇ ਖਰਚ ਕਰ ਰਹੇ ਹਨ। ਸਾਡੇ ਦੇਸ਼ ਵਿਚ ਸਵਰਨ ਜਾਤੀ ਤੇ ਆਰਥਿਕ ਤੌਰ ਤੇ ਸੰਪੰਨ ਲੋਕ ਯੁੱਧ ਦੇ ਹੱਕ ਵਿਚ ਤਾਲਾਂ ਖੜਕਾ ਰਹੇ ਹਨ, ਅਸਲ ਵਿਚ ਉਹ ਪਾਰਲੀਮੈਂਟ ਦੀਆਂ ਚੋਣਾਂ ਦੇ ਮੱਦੇ-ਨਜ਼ਰ ਸਿੱਧੇ-ਸਾਦੇ ਲੋਕਾਂ ਨੂੰ ਮੂਰਖ ਬਣਾ ਕੇ ਇਕ 'ਭਾਵਨਾਤਮਿਕ ਵੋਟ ਬੈਂਕ' ਖੜ੍ਹਾ ਕਰਨ ਦੀ ਕਵਾਇਦ ਕਰ ਰਹੇ ਹਨ। ਅੱਜ ਕੱਲ੍ਹ ਅਜਿਹੇ ਝੂਠੇ ਹੰਕਾਰੀ ਪ੍ਰਾਪੇਗੰਡੇ ਨੂੰ ਵੱਡੀ ਗਿਣਤੀ ਲੋਕ ਚੰਗੀ ਤਰ੍ਹਾਂ ਸਮਝਦੇ ਹਨ, ਜਿਸ ਕਰਕੇ ਆਮ ਲੋਕਾਂ ਉਤੇ ਬਹੁਤਾ ਅਸਰ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਅਸੀਂ ਦੇਸ਼ ਵਾਸੀਆਂ, ਖਾਸ ਕਰਕੇ ਪੰਜਾਬੀਆਂ ਨੂੰ ਅਪੀਲ ਕਰਦੇ ਹਾਂ ਕਿ ਅਜਿਹੇ ਸਾਜ਼ਸ਼ੀ ਤੱਤਾਂ ਵੱਲੋਂ ਯੁੱਧ ਦੇ ਹੱਕ ਵਿਚ ਕੀਤੇ ਜਾ ਰਹੇ ਜਨਤਕ ਵਿਖਾਵਿਆਂ ਦਾ ਵਿਰੋਧ ਕਰਨ ਅਤੇ ਉਨ੍ਹਾਂ ਦੀਆਂ ਘਿਨਾਉਣੀਆਂ ਚਾਲਾਂ ਨੂੰ ਨੰਗਾ ਕਰਨ। ਪੰਜਾਬ ਦੇ ਬਾਰਡਰ ਦੇ ਇਲਾਕਿਆਂ ਦੇ ਵਸਨੀਕ ਤਾਂ ਪਹਿਲਾਂ ਹੀ ਡਰੇ ਹੋਏ ਹਨ ਅਤੇ ਯੁੱਧ ਦੀਆਂ ਅਫਵਾਹਾਂ ਕਰਕੇ ਘਰ-ਬਾਰ ਛੱਡਣ ਨੂੰ ਤਿਆਰ ਬੈਠੇ ਹਨ। ਉਪਰੋਂ ਪੰਜਾਬ ਸਰਕਾਰ ਨੇ ਵੀ ਲੋਕਾਂ ਨੂੰ ਬਲੈਕ-ਆਊਟ ਅਤੇ ਹੋਰ ਸੁਰੱਖਿਆ ਕਦਮ ਚੁੱਕਣ ਦੇ ਆਰਡਰ ਕਰ ਦਿੱਤੇ ਹਨ।



# ਬੇਰੁਜ਼ਗਾਰੀ ਤੇ ਅਸੁਰੱਖਿਅਤ ਮਾਹੌਲ ਕਾਰਨ ਨੌਜਵਾਨਾਂ ਨੇ ਵਿਦੇਸ਼ਾਂ ਵੱਲ ਘੱਤੀਆਂ ਵਹੀਰਾਂ

- ਸਾਲ 2017 ਦੌਰਾਨ ਡੇਢ ਲੱਖ ਪੰਜਾਬੀ ਵਿਦਿਆਰਥੀ ਵੀਜ਼ੇ ’ਤੇ ਵਿਦੇਸ਼ ਗਏ
- ਅਖ਼ਬਾਰਾਂ ’ਚ ‘ਵਿਦੇਸ਼ ਜਾਣ ਦਾ ਚਾਹਵਾਨ ਖਰਚਾ ਕਰਨ ਵਾਲਾ ਲੜਕਾ ਚਾਹੀਦਾ’, ‘ਵਿਆਹ ਕੱਚਾ’ ਵਰਗੇ ਇਸ਼ਤਿਹਾਰ ਚਰਚਾ ਦਾ ਵਿਸ਼ਾ ਬਣੇ
- ਬਿਰਧ ਮਾਪੇ ਕੱਟ ਰਹੇ ਨੇ ਇਕਲਾਪਾ
- ਘੱਟ ਦਾਖਲੇ ਹੋਣ ਕਰਕੇ ਪੰਜਾਬੀ ’ਚ ਵਿਦਿਅਕ ਸੰਸਥਾਵਾਂ ਬੰਦ ਹੋਣ ਲੱਗੀਆਂ
- ਕਈ ਪੰਜਾਬੀ ਜਾਇਦਾਦਾਂ ਵੇਚ ਕੇ ਵਿਦੇਸ਼ ਜਾਣ ਲੱਗੇ



**ਜਲੰਧਰ/ਏਟੀ ਨਿਊਜ਼ :**
ਪੰਜਾਬ ਦੀ ਨੌਜਵਾਨ ਪੀੜ੍ਹੀ ਵਿਚ ਵਿਦੇਸ਼ ਜਾਣ ਦਾ ਰੁਝਾਨ ਸਿਖ਼ਰ ’ਤੇ ਹੈ। ਪੰਜਾਬ ਵਿਚ ਹੁਣ ਪੜ੍ਹੇ ਲਿਖੇ ਨੌਜਵਾਨ ਵਰਗ ਦਾ ਜੀਅ ਨਹੀਂ ਲੱਗ ਰਿਹਾ। ਪੰਜਾਬ ਦੀ ਅਰਥ-ਵਿਵਸਥਾ ਵਿਚ ਪਰਵਾਸੀਆਂ ਵੱਲੋਂ ਪਾਏ ਜਾਣ ਵਾਲੇ ਯੋਗਦਾਨ ਦਾ ਸੰਤੁਲਨ ਵੀ ਹੁਣ ਵਿਦੇਸ਼ਾਂ ਦੇ ਪੱਖ ਵਿਚ ਭੁਗਤਦਾ ਜਾ ਰਿਹਾ ਹੈ। ਇਸ ਕਾਨੂੰਨੀ ਅਤੇ ਗੈਰਕਾਨੂੰਨੀ ਪਰਵਾਸ ਦਾ ਪੰਜਾਬ ਅਤੇ ਪੰਜਾਬੀਆਂ ਦੇ ਭਵਿੱਖ ਉੱਤੇ ਡੂੰਘਾ ਅਸਰ ਪੈਣਾ ਸੁਭਾਵਿਕ ਹੈ।

ਸੈਂਟਰ ਫਾਰ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ (ਕ੍ਰਿਡ) ਵੱਲੋਂ ਸਾਲ 2015 ਵਿਚ ਕੀਤੇ ਗਏ ਸਰਵੇਖਣ ਅਨੁਸਾਰ ਸਾਹਮਣੇ ਆਇਆ ਕਿ 133 ਪਿੰਡਾਂ ਵਿਚੋਂ ਸਿਰਫ ਇੱਕ ਪਿੰਡ ਵਿਚੋਂ ਕੋਈ ਵਿਦੇਸ਼ ਨਹੀਂ ਗਿਆ ਸੀ। ਪੰਜਾਬ ਦੇ ਸਾਰੇ 55 ਲੱਖ ਪਰਿਵਾਰਾਂ ਵਿਚੋਂ 11 ਫੀਸਦ ਪਰਿਵਾਰਾਂ ਦੇ ਇੱਕ ਜਾਂ ਇੱਕ ਤੋਂ ਵੱਧ ਮੈਂਬਰ ਵਿਦੇਸ਼ ਵਿਚ ਹਨ। ਦੋਆਬੇ ਵਿਚ 23.7 ਫੀਸਦ ਪਰਿਵਾਰਾਂ ਵਿਚੋਂ, ਮਾਝੇ ਵਿਚੋਂ 11.5 ਫੀਸਦ ਅਤੇ ਮਾਲਵਾ ਦੇ 5 ਫੀਸਦ ਘਰਾਂ ਵਿਚੋਂ ਇੱਕ ਜਾਂ ਇੱਕ ਤੋਂ ਵੱਧ ਵਿਅਕਤੀ ਵਿਦੇਸ਼ਾਂ ਵਿਚ ਹਨ। ਪੇਂਡੂ ਵਸੋਂ ਦੇ 13 ਫੀਸਦ ਅਤੇ ਸ਼ਹਿਰੀ ਵਸੋਂ ਦੇ 6 ਫੀਸਦ ਪਰਿਵਾਰਾਂ ਦੇ ਇੱਕ ਜਾਂ ਇਸ ਤੋਂ ਵੱਧ ਵਿਅਕਤੀ 60 ਫੀਸਦ ਵਿਕਸਿਤ ਦੇਸ਼ਾਂ ਜਿਵੇਂ ਕੈਨੇਡਾ, ਇਟਲੀ, ਅਮਰੀਕਾ, ਆਸਟਰੇਲੀਆ, ਯੂਕੇ ਅਤੇ ਹੋਰਾਂ ਦੇਸ਼ਾਂ ਵਿਚ ਹਨ, ਜਦਕਿ 40 ਫੀਸਦ ਦੇ ਕਰੀਬ ਮੱਧ ਪੂਰਬੀ ਦੇਸ਼ਾਂ ਵਿਚ ਹਨ।

ਪ੍ਰਾਜੈਕਟ ਡਾਇਰੈਕਟਰ ਅਸ਼ਵਨੀ ਕੁਮਾਰ ਨੰਦਾ ਅਨੁਸਾਰ ਹੁਣ ਇਹ ਰੁਝਾਨ ਤੇਜ਼ ਹੋਇਆ ਹੈ। ਇਸ ਦਾ ਕਾਰਨ ਕੇਵਲ ਬੇਰੁਜ਼ਗਾਰੀ ਹੀ ਨਹੀਂ ਹੈ ਬਲਕਿ ਬਹੁਤ ਸਾਰੇ ਚੰਗੀਆਂ ਨੌਕਰੀਆਂ ਵਾਲੇ ਜਾਂ ਆਰਥਿਕ ਪੱਖੋਂ ਮਜ਼ਬੂਤ ਲੋਕ ਵੀ ਵਿਦੇਸ਼ ਜਾ ਰਹੇ ਹਨ। ਪੰਜਾਬੀਆਂ ਲਈ ਕਿਸੇ ਮੈਂਬਰ ਨੂੰ ਬਾਹਰ ਭੇਜਣਾ ਸਟੇਟਸ ਸਿੰਬਲ ਬਣਿਆ ਹੋਇਆ ਹੈ। ਇਸ ਵੇਲੇ ਬਾਹਰ ਜਾਣ ਵਾਲਿਆਂ ਵਿਚੋਂ 93 ਫੀਸਦ ਗਰੀਬ ਨਹੀਂ ਹਨ ਤੇ ਗਰੀਬ ਲੋਕ ਖਾੜੀ ਦੇਸ਼ਾਂ ਵੱਲ ਰੁਖ਼ ਕਰ ਰਹੇ ਹਨ।

ਕੀ ਕਹਿੰਦੇ ਹਨ ਅਰਥ ਸ਼ਾਸਤਰੀ : ਅਰਥ ਸ਼ਾਸਤਰੀ ਰਣਜੀਤ ਸਿੰਘ ਘੁੰਮਣ ਦਾ ਮੰਨਣਾ ਹੈ ਕਿ ਇਕ ਸਮੇਂ ਪੰਜਾਬ ਵਿਚੋਂ ਬਰੇਨ ਡਰੇਨ ਹੁੰਦਾ ਸੀ, ਫਿਰ ਹੁਨਰ ਵੀ ਜਾਣ ਲੱਗਾ ਅਤੇ ਹੁਣ ਨਾਲ ਪੂੰਜੀ ਵੀ ਜਾ ਰਹੀ ਹੈ। ਵਿਦਿਆਰਥੀਆਂ ਵੱਲੋਂ ਲੱਖਾਂ ਰੁਪਏ ਫੀਸਾਂ ਦੇ ਰੂਪ ਵਿਚ ਵਿਦੇਸ਼ੀ ਵਿੱਦਿਅਕ ਸੰਸਥਾਵਾਂ ਵਿਚ ਖਰਚ ਹੋ ਰਹੇ ਹਨ। ਇਸ ਦਾ ਅਸਰ ਸਥਾਨਕ ਵਿੱਦਿਅਕ ਸੰਸਥਾਵਾਂ ਦੇ ਬੰਦ ਹੋਣ ਜਾਂ ਆਰਥਿਕ ਤੌਰ ਉੱਤੇ ਕਮਜ਼ੋਰ ਹੋਣ ਵਿਚ ਨਿਕਲਣਾ ਸੁਭਾਵਿਕ ਹੈ। ਵਿਦਿਆਰਥੀਆਂ ਤੋਂ ਇਲਾਵਾ ਹੋਰ ਲੋਕ ਵੀ ਹੁਣ ਜਾਇਦਾਦਾਂ ਵੇਚ ਕੇ ਜਾਣ ਲੱਗੇ ਹਨ। ਇਸ ਦਾ ਜ਼ਿਆਦਾ ਅਸਰ ਅਗਲੇ ਦਸ-ਬਾਰਾਂ ਸਾਲਾਂ ਵਿਚ ਦਿਖਾਈ ਦੇਵੇਗਾ। ਇੱਕ ਅਨੁਮਾਨ ਅਨੁਸਾਰ 2018 ਵਿਚ ਪੰਜਾਬ ਦੇ ਲਗਪਗ 5.36 ਲੱਖ ਵਿਦਿਆਰਥੀਆਂ ਨੇ ਆਈਲੈਟਸ ਦੀ ਪ੍ਰੀਖਿਆ ਦਿੱਤੀ। ਸਾਲ 2017 ਦੌਰਾਨ ਡੇਢ ਲੱਖ ਪੰਜਾਬੀ ਵਿਦਿਆਰਥੀ ਵੀਜ਼ੇ ’ਤੇ ਵਿਦੇਸ਼ ਗਏ।

ਕੈਲੀਫੋਰਨੀਆ ਯੂਨੀਵਰਸਿਟੀ ਦੇ ਪ੍ਰੋ. ਸ਼ਿੰਦਰ ਸਿੰਘ ਥਾਂਦੀ ਦਾ ਕਹਿਣਾ ਹੈ ਕਿ ਪੰਜਾਬੀ ਮੁੱਖ ਤੌਰ ਉੱਤੇ ਸਿੱਖ 2.5 ਕਰੋੜ ਦੇ ਲਗਪਗ ਪਰਵਾਸੀ ਭਾਰਤੀਆਂ ਵਿਚੋਂ 20 ਲੱਖ ਭਾਵ ਅੱਠ ਫੀਸਦ ਦੇ ਕਰੀਬ ਹਨ। ਇਹ ਪੰਜਾਬ ਸਰਕਾਰ ਅਤੇ ਪੰਜਾਬ ਲਈ ਬਹੁਤ ਵੱਡੀ ਚੁਣੌਤੀ ਹੈ।

ਅਰਥ ਸ਼ਾਸਤਰੀ ਪ੍ਰੋ. ਸੁੱਚਾ ਸਿੰਘ ਗਿੱਲ ਅਨੁਸਾਰ ਪੰਜਾਬ ਵਿਚ ਖੇਤੀ ਖੇਤਰ ਨਾਲ ਜੁੜੇ ਕਿਸਾਨ ਅਤੇ ਮਜ਼ਦੂਰ ਕਰਜ਼ੇ ਦੇ ਬੋਝ ਹੇਠ ਖ਼ੁਦਕੁਸ਼ੀ ਕਰਨ ਲਈ ਮਜਬੂਰ ਹਨ, ਉਦਯੋਗਿਕ ਨਿਵੇਸ਼ ਵੀ ਹੁਣ ਨੌਕਰੀਆਂ ਪੈਦਾ ਨਹੀਂ ਕਰਦਾ। ਪੜ੍ਹੇ ਲਿਖੇ ਨੌਜਵਾਨਾਂ ਨੂੰ ਸੇਵਾ ਦੇ ਖੇਤਰ ਵਿਚ ਜਿਵੇਂ ਪ੍ਰਾਈਵੇਟ ਸਕੂਲਾਂ, ਹਸਪਤਾਲਾਂ ਅਤੇ ਹੋਰ ਸੰਸਥਾਵਾਂ ਵਿਚ ਪੰਜ-ਪੰਜ ਹਜ਼ਾਰ ਦੀਆਂ ਅਸਥਾਈ ਨੌਕਰੀਆਂ ਮਿਲ ਰਹੀਆਂ ਹਨ। ਇਸ ਨਾਲ ਨੌਜਵਾਨਾਂ ਦਾ ਗੁਜ਼ਾਰਾ ਕਿਸੇ ਤਰ੍ਹਾਂ ਵੀ ਸੰਭਵ ਨਹੀਂ। ਇਥੇ ਕਿਰਤ ਦੀ ਪੁੱਛ ਗਿੱਛ ਹੀ ਨਹੀਂ ਹੈ। ਇਥੇ ਕਾਨੂੰਨ ਦੇ ਬਾਵਜੂਦ ਇਨਸਾਫ਼ ਮਿਲਣ ਦੀ ਉਮੀਦ ਲਗਾਤਾਰ ਘਟ ਰਹੀ ਹੈ। ਪੰਜਾਬ ਦੇ ਦਿਮਾਗ, ਹੁਨਰ ਤੇ ਪੂੰਜੀ ਨੂੰ ਇੱਥੇ ਰੱਖਣ ਵਿਚ ਪੰਜਾਬ ਦੀ ਸਿਆਸੀ ਜਮਾਤ ਅਤੇ ਹੋਰਾਂ ਸਬੰਧਿਤ ਲੋਕਾਂ ਦੀ ਕੋਈ ਦਿਲਚਸਪੀ ਹੀ ਦਿਖਾਈ ਨਹੀਂ ਦਿੰਦੀ। ਅਜਿਹੇ ਮਾਹੌਲ ਵਿਚ ਕੋਈ ਇੱਥੇ ਕਿਉਂ ਰਹਿਣਾ ਚਾਹੇਗਾ।

**ਵਿਦੇਸ਼ ਜਾਣ ਦੇ ਨਾਂ ’ਤੇ ਵਪਾਰ :** ਇਸ ਵੇਲੇ ‘ਵਿਦੇਸ਼ ਜਾਣ ਦਾ ਚਾਹਵਾਨ ਖਰਚਾ ਕਰਨ ਵਾਲਾ ਲੜਕਾ ਚਾਹੀਦਾ’, ‘ਵਿਆਹ ਕੱਚਾ’ ਵਰਗੇ ਇਸ਼ਤਿਹਾਰ ਵੱਡੀ ਗਿਣਤੀ ਵਿਚ ਨਜ਼ਰੀਂ ਪੈਂਦੇ ਹਨ। ਨੌਜਵਾਨ ਮੁੰਡੇ-ਕੁੜੀਆਂ ‘ਕੱਚੇ ਵਿਆਹ’ ਦੀ ਘੋੜੀ ਅਤੇ ਡੋਲੀ ਚੜ੍ਹ ਵਿਦੇਸ਼ੀ ਉਡਾਰੀਆਂ ਭਰ ਰਹੇ ਹਨ। ਅਜਿਹੇ ਤੇਜ਼ ਤਰਾਰ ਮਾਹੌਲ ਵਿਚ ਵਿਦੇਸ਼ ਜਾਣ ਦੀ ਲਾਲਸਾ ਨੇ ਰਿਸ਼ਤਿਆਂ ਦੀ ਅਹਿਮੀਅਤ ਵੀ ਛਿੱਕੇ ਟੰਗ ਦਿੱਤੀ ਹੈ। ਭੈਣ-ਭਰਾ ਵੱਲੋਂ ਸ਼ਾਦੀ ਦਾ ਢੋਂਗ ਰਚ ਕੇ ਵਿਦੇਸ਼ ਉਡਾਰੀ ਮਾਰਨ ਦੀਆਂ ਖ਼ਬਰਾਂ ਨੇ ਪੰਜਾਬੀਆਂ ਨੂੰ ਸ਼ਰਮਸਾਰ ਵੀ ਕੀਤਾ ਹੈ।

ਵਿਦੇਸ਼ਾਂ ਦੀ ਕਮਾਈ ਨਾਲ ਦੁਆਬੇ ਦੇ ਲੋਕਾਂ ਨੇ ਆਲੀਸ਼ਾਨ ਕੋਠੀਆਂ ਉਸਾਰ ਲਈਆਂ ਹਨ, ਹੁਣ ਮਾਲਵੇ ਦੇ ਲੋਕ ਵੀ ਪਿੱਛੇ ਨਹੀਂ ਰਹੇ। ਮਾਝੇ ਵਿਚ ਵੀ ਇਹ ਹੋੜ ਚੱਲ ਪਈ ਹੈ। ਪਰ ਇਹ ਖੁੱਲ੍ਹੀਆਂ-ਡੁੱਲੀਆਂ ਕੋਠੀਆਂ ਇਸ ਵੇਲੇ ਸ਼ਾਂਤ ਪਈਆਂ ਹਨ ਜਾਂ ਫਿਰ ਪਰਿਵਾਰ ਦੇ ਬਿਰਧ ਮਾਪੇ ਪ੍ਰਵਾਸੀ ਨੌਕਰਾਂ ਦੇ ਸਿਰ ’ਤੇ ਇਕਲਾਪੇ ਦਾ ਸੰਤਾਪ ਹੰਢਾ ਰਹੇ ਹਨ। ਅਮੀਰ ਘਰਾਂ ਦੇ ਕੁਝ ਲੜਕੇ ਖ਼ੁਦ ਆਈਲੈੱਟਸ ਨਾ ਕਰਨ ਕਰ ਕੇ ਇਸ ਯੋਗਤਾ ਵਾਲੀ ਲੜਕੀ ਨਾਲ ਵਿਆਹ ਕਰ ਕੇ ਵਿਦੇਸ਼ ਜਾਣ ਦਾ ਰਾਹ ਚੁਣ ਰਹੇ ਹਨ। ਗਰੀਬ ਤਬਕਿਆਂ ਦੇ ਲੋਕ ਦੁਬਈ, ਦੋਹਾ ਤੇ ਕਤਰ ਆਦਿ ਅਰਬ ਦੇਸ਼ਾਂ ਨੂੰ ਰੁਖ਼ ਕਰ ਰਹੇ ਹਨ।

**ਚੱਕ ਬਖ਼ਤ ਪ੍ਰਦੇਸਾਂ ਵੱਲ :** ਚੱਕ ਬਖ਼ਤੂ ਕਰੀਬ ਚਾਰ ਸੌ ਘਰਾਂ ਵਾਲਾ ਪੜ੍ਹੀ-ਲਿਖੀ ਵਸੋਂ ਵਾਲਾ ਪਿੰਡ ਹੈ। ਕੋਈ ਮਹਿਕਮਾ ਨਹੀਂ, ਜਿਸ ਵਿਚ ਇੱਥੋਂ ਦਾ ਮੁਲਾਜ਼ਮ ਨਾ ਹੋਵੇ। ਇਥੋਂ ਦੇ ਕਰੀਬ ਪੰਜਾਹ ਮੁੰਡੇ-ਕੁੜੀਆਂ ਨਿਊਜ਼ੀਲੈਂਡ, ਆਸਟਰੇਲੀਆ ਤੇ ਕੈਨੇਡਾ ਵਿਚ ‘ਸਟੱਡੀ ਵੀਜ਼ੇ’ ’ਤੇ ਗਏ ਹੋਏ ਹਨ। ਤਿੰਨ ਦਰਜਨ ਨੌਜਵਾਨ ਆਈਲੈੱਟਸ ਦੀ ਕੋਚਿੰਗ ਲੈ ਰਹੇ ਹਨ। ਪਲਵਿੰਦਰ ਕੌਰ ਸਿੱਧੂ (ਆਸਟਰੇਲੀਆ) ਸਭ ਤੋਂ ਪਹਿਲੀ ਕੁੜੀ ਹੈ, ਜੋ ਸਟੱਡੀ ਵੀਜ਼ੇ ਰਾਹੀਂ ਗਈ ਸੀ। ਸਾਬਕਾ ਸਰਪੰਚ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਖੇਤਾਂ ਨੂੰ ਬੂਰ ਪੈਣੋਂ ਹਟ ਗਿਆ, ਹੋਰ ਕੋਈ ਚਾਰਾ ਨਹੀਂ ਬਚਿਆ। ਉਨ੍ਹਾਂ ਦੱਸਿਆ ਕਿ ਪਿੰਡ ਭਾਵੇਂ ਨਸ਼ੇ ਤੋਂ ਰਹਿਤ ਹੈ, ਪਰ ਨੌਕਰੀਆਂ ਮੁੱਕ ਗਈਆਂ। ਇਸ ਕਰ ਕੇ ਲੋਕਾਂ ਨੂੰ ਪਰਦੇਸੀ ਹੋਣਾ ਪੈ ਰਿਹਾ। ਕੈਨੇਡਾ ਤੋਂ ਪਰਤੇ ਮਾਸਟਰ ਮਲਕੀਤ ਸਿੰਘ ਦੱਸਦੇ ਹਨ ਕਿ ਕਰੀਬ 1978 ਵਿਚ ਮਲੇਸ਼ੀਆ, ਸਿੰਗਾਪੁਰ ਜਾਣ ਵਾਲਾ ਪਿੰਡ ਦਾ ਸਭ ਤੋਂ ਪਹਿਲਾ ਪਰਿਵਾਰ ਗੁਰਨਾਮ ਸਿੰਘ ਤੇ ਸਰਬਣ ਸਿੰਘ ਦਾ ਹੈ, ਜਿਨ੍ਹਾਂ ਦਾ ਅੱਗੇ ਲੜਕਾ ਸਿੰਗਾਪੁਰ ਵਿਚ ਪੁਲੀਸ ਅਫ਼ਸਰ ਹੈ। ਮਲਕੀਤ ਸਿੰਘ ਜੱਦੀ ਘਰ ਦਾ ਬੂਹਾ ਖੋਲ੍ਹਣ ਹਰ ਵਰ੍ਹੇ ਕੈਨੇਡਾ ਤੋਂ ਆਉਂਦਾ ਹੈ।

ਪਰਵਾਸ ਦਾ ਮੁੱਢ ਉਦੋਂ ਬੱਝਾ ਜਦੋਂ ਸਾਲ 1968 ਵਿਚ ਭਾਈ ਅਜੈਬ ਸਿੰਘ ਦੀ ਧੀ ਕਰਮਜੀਤ ਕੌਰ ਵਿਆਹ ਕਰਾ ਕੇ ਇੰਗਲੈਂਡ ਗਈ। ਫਿਰ ਕਿੱਕਰ ਸਿੰਘ ਦੀ ਧੀ ਸੁਖਮਿੰਦਰ ਕੌਰ ਸਾਲ 1979 ਵਿਚ ਵਿਆਹ ਕਰਾ ਕੇ ਕੈਨੇਡਾ ਗਈ ਤੇ ਨਾਲ ਹੀ ਪਰਿਵਾਰ ਤੇ ਸਕੇ-ਸਬੰਧੀ ਚਲੇ ਗਏ। ਇਕ ਲੜਕੀ ਨਾਰਵੇ ਗਈ। 1984 ਵਿਚ ਸੁਰਜੀਤ ਸਿੰਘ ਦੀ ਲੜਕੀ ਵਿਆਹ ਕਰਾ ਕੇ ਕੈਨੇਡਾ ਗਈ, ਉਸ ਨੇ ਪਹਿਲਾਂ ਪਰਿਵਾਰ ਬੁਲਾਇਆ, ਫਿਰ ਚਚੇਰੀ ਭੈਣ ਤੇ ਅੱਗਿਓਂ ਚਚੇਰੀ ਭੈਣ ਨੇ ਵੀ ਪਰਿਵਾਰ ਸੱਦ ਲਿਆ। ਮਨੀਲਾ ਤੋਂ ਪਿੰਡ ਪਰਤੇ ਅਜੈਬ ਸਿੰਘ ਸਿੱਧੂ ਨੇ ਦੱਸਿਆ ਕਿ ਜਦੋਂ ਵੀਜ਼ੇ ਦੀ ਲੋੜ ਨਹੀਂ ਹੁੰਦੀ ਸੀ, ਉਦੋਂ ਮਨੀਲਾ ਜ਼ਿਆਦਾ ਲੋਕ ਗਏ। ਇਕ ਕਿਸਾਨ ਨੇ ਆਖ਼ਰੀ ਪੌਣਾ ਏਕੜ ਵੇਚ ਕੇ ਨੂੰਹ-ਪੁੱਤ ਬਾਹਰ ਭੇਜੇ ਹਨ। ਕਰਜ਼ ਵਧਿਆ ਹੈ ਤੇ ਇਸ ਨੇ ਦਮ ਵੀ ਘੁੱਟਿਆ ਹੈ, ਪਰ ਠੰਢੇ ਬੁੱਲ੍ਹੇ ਦੀ ਉਡੀਕ ਵਿਚ ਸਭ ਜਰ ਲਿਆ। ਦਲਿਤ ਭਾਈਚਾਰੇ ਵਿਚੋਂ ਦਰਜਾ ਚਾਰ ਮੁਲਾਜ਼ਮ ਸੁਖਦੇਵ ਸਿੰਘ ਨੇ ਵੀ ਆਪਣਾ ਪੋਤਾ ਸਟੱਡੀ ਵੀਜ਼ੇ ’ਤੇ ਜਹਾਜ਼ ਚੜ੍ਹਾਇਆ।

ਦੁਆਬੇ ਦਾ ਪਿੰਡ ਮਿਆਨੀ ਵਿਦੇਸ਼ਾਂ ਵੱਲ : ਦੋਆਬੇ ਦੇ ਪਿੰਡਾਂ ਵਿਚ ਖ਼ਾਸ ਤੌਰ ’ਤੇ ਬਿਆਸ ਦਰਿਆ ਨਾਲ ਲੱਗਦੇ ਬੇਟ ਇਲਾਕੇ ਵਿਚ ਵਿਦੇਸ਼ਾਂ ਨੂੰ ਜਾਣਾ ਜਾਂ ਬੱਚਿਆਂ ਨੂੰ ਬਾਹਰ ਭੇਜਣਾ ‘ਸਟੇਟਸ ਸਿੰਬਲ’ ਹੈ। ਦੋਆਬੇ ਵਿਚ ਵਿਦੇਸ਼ੀਂ ਜਾਣ ਦਾ ਮੋਹ ਇੰਨਾ ਭਾਰੂ ਹੈ ਕਿ ਘਰਾਂ ਦੇ ਘਰ ਖਾਲੀ ਹੋਏ ਪਏ ਹਨ। ਡਾਲਰ ਚਿਣ ਕੇ ਬਣਾਈਆਂ ਇਮਾਰਤਾਂ ਅੰਦਰੋਂ ਸੁੰਨੀਆਂ ਪਈਆਂ ਹਨ। ਕਿਸੇ ਘਰ ਵਿਚ ਕੋਈ ਬਜ਼ੁਰਗ ਬੈਠਾ ਹੈ ਤੇ ਕਿਸੇ ਵਿਚ ਕੋਈ ਨੌਜਵਾਨ ਵੀਜ਼ੇ ਦੀ ਉਡੀਕ ਵਿਚ ਹੈ। ਵਿਦੇਸ਼ਾਂ ਵਿਚ ਪਰਵਾਸ ਕਰਨ ਦਾ ਰੁਝਾਨ 70 ਵਿਆਂ ਵਿਚ ਸ਼ੁਰੂ ਹੋਇਆ ਸੀ, ਜੋ ਅੱਜ ਵੀ ਜਾਰੀ ਹੈ। ਪਿੰਡ ਗਿਲਜੀਆਂ ਦਾ ਨੌਜਵਾਨ ਗੁਰਮੀਤ ਸਿੰਘ ਵਿਦੇਸ਼ ਜਾਣ ਦੀ ਉਡੀਕ ਵਿਚ ਪੜ੍ਹਾਈ ਛੱਡ ਕੇ ਬੈਠਾ ਹੈ। ਮਾਪਿਆਂ ਨੇ ਕਰਜ਼ਾ ਲੈ ਕੇ ਉਸ ਦੇ ਵੱਡੇ ਭਰਾ ਨੂੰ ਬਾਹਰ ਭੇਜ ਦਿੱਤਾ ਸੀ। ਹੁਣ ਇੰਤਜ਼ਾਰ ਹੈ ਕਿ ਉਹ ਪੈਸੇ ਭੇਜ ਕੇ ਕਰਜ਼ਾ ਉਤਾਰੇ ਤੇ ਛੋਟੇ ਭਰਾ ਨੂੰ ਵਿਦੇਸ਼ ਲਿਜਾਣ ਲਈ ਪੈਸੇ ਦਾ ਬੰਦੋਬਸਤ ਕਰੇ। ਵਿਦੇਸ਼ ਜਾਣ ਦੀ ਚਾਹਤ ਕਈ ਵਾਰ ਭਾਰੀ ਵੀ ਪੈ ਜਾਂਦੀ ਹੈ, ਇਸ ਦੇ ਬਾਵਜੂਦ ਪਰਵਾਸ ਦਾ ਰੁਝਾਨ ਜਾਰੀ ਹੈ। ਮਾਲਟਾ ਕਿਸ਼ਤੀ ਕਾਂਡ ਵਰਗੇ ਹਾਦਸੇ ਵੀ ਇਹ ਰੁਝਾਨ ਰੋਕ ਨਹੀਂ ਸਕੇ। ਪਿੰਡ ਕਲਿਆਣਪੁਰ ਦੇ ਮਨਜੀਤ ਸਿੰਘ ਨੂੰ ਜਦੋਂ ਪੁੱਛਿਆ ਗਿਆ ਕਿ ਖਤਰਾ ਮੁੱਲ ਲੈ ਕੇ ਬਾਹਰ ਜਾਣ ਦਾ ਕੀ ਫ਼ਾਇਦਾ ਤਾਂ ਉਸ ਦਾ ਜਵਾਬ ਸੀ ਕਿ ਨਸ਼ੇ ਵੀ ਸਿਹਤ ਲਈ ਹਾਨੀਕਾਰਕ ਹਨ, ਪਰ ਫ਼ਿਰ ਵੀ ਲੋਕ ਨਸ਼ੇ ਕਰਦੇ ਹਨ। ਵਿਦੇਸ਼ ਜਾਣ ਦੀ ਲਾਲਸਾ ਵੀ ਇਕ ਨਸ਼ਾ ਹੈ। ਇਸੇ ਪਿੰਡ ਦੇ ਸੁਰਿੰਦਰਪਾਲ ਸਿੰਘ ਨੂੰ ਪਿਛਲੇ ਸਾਲ ਏਜੰਟਾਂ ਨੇ ਬੰਗਲੌਰ ਜਾ ਕੇ ਕਤਲ ਕਰ ਦਿੱਤਾ ਸੀ ਤੇ ਘਰਦਿਆਂ ਨੂੰ ਦੱਸਿਆ ਗਿਆ ਸੀ ਕਿ ਉਹ ਕੈਨੇਡਾ ਪੁੱਜ ਗਿਆ ਹੈ। ਇਸ ਗੱਲੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪਰਦੇਸ ਗਏ ਕਈ ਲੋਕਾਂ ਨੇ ਆਪਣਾ ਤੇ ਆਪਣੇ ਪਰਿਵਾਰ ਦਾ ਜੀਵਨ ਪੱਧਰ ਕਾਫ਼ੀ ਬਿਹਤਰ ਬਣਾ ਲਿਆ। ਜ਼ਿਲ੍ਹੇ ਦੇ ਕਈ ਐਨਆਰਆਈਜ਼ ਨੇ ਵਿਦੇਸ਼ਾਂ ਵਿਚ ਵੀ ਚੰਗਾ ਨਾਮਣਾ ਖੱਟਿਆ ਹੈ। ਨੰਗਲ ਸ਼ਹੀਦਾਂ ਦੇ ਲਾਲਾ ਲਾਜਪਤ ਰਾਏ ਮੁੰਗੇਰ ਕੈਲੀਫੋਰਨੀਆ ਵਿਚ ‘ਪਿਸਤਾ ਕਿੰਗ’ ਵਜੋਂ ਉੱਭਰੇ। ਉਨ੍ਹਾਂ ਦਾ ਪਰਿਵਾਰ ਅਮਰੀਕਾ ਵਿਚ ਹੀ ਵਸਿਆ ਹੋਇਆ ਹੈ। ਉਨ੍ਹਾਂ ਬਜਵਾੜਾ ਵਿਚ ਕਰੋੜਾਂ ਰੁਪਏ ਦੀ ਲਾਗਤ ਨਾਲ ਕਾਲਜ ਬਣਵਾਇਆ, ਜੋ ਅੱਜ ਪੰਜਾਬ ਯੂਨੀਵਰਸਿਟੀ ਦੇ ਰਿਜਨਲ ਕੈਂਪਸ ਵਜੋਂ ਕੰਮ ਕਰ ਰਿਹਾ ਹੈ। ਇਸੇ ਤਰ੍ਹਾਂ ਦੀਦਾਰ ਸਿੰਘ ਬੈਂਸ ਯੂਬਾ ਸਿਟੀ ਅਮਰੀਕਾ ਵਿਚ ਸਭ ਤੋਂ ਵੱਡੇ ਆੜੂ ਉਤਪਾਦਕ ਬਣੇ।

ਬੰਬੇਲੀ ਦੇ ਕੁੰਦਨ ਸਿੰਘ ਲਗਭਗ 45 ਸਾਲ ਪਹਿਲਾਂ ਕੈਨੇਡਾ ਗਏ ਸਨ। ਅੱਜ ਉਨ੍ਹਾਂ ਦਾ ਬੇਟਾ ਹਰਜੀਤ ਸਿੰਘ ਸੱਜਣ ਕੈਨੇਡਾ ਦਾ ਰੱਖਿਆ ਮੰਤਰੀ ਹੈ। ਦੋ ਐਨਆਰਆਈਜ਼ ਗੁਰਦੇਵ ਸਿੰਘ ਗਿੱਲ ਅਤੇ ਰਘੁਵੀਰ ਸਿੰਘ ਬੱਸੀ ਦੇ ਯਤਨਾਂ ਨਾਲ ਖੜੌਦੀ ਪਿੰਡ ਇਕ ਮਾਡਲ ਵਜੋਂ ਸਥਾਪਿਤ ਹੋਇਆ ਹੈ।

# ਉਜੜੇ ਪੰਜਾਬ ਕਾਰਨ ਨੌਜਵਾਨਾਂ ਦਾ ਹੋ ਰਿਹਾ ਏ ਪਰਵਾਸ

**ਡਾ. ਗੁਰਬਖਸ਼ ਸਿੰਘ ਭੰਡਾਲ**



ਚੱਕ ਬਖਤੂ ਦੇ ਲੋਕ ਆਪਣੇ ਪਿੰਡ ਦੀ ਜਵਾਨੀ ਦੇ ਭਵਿੱਖ ਬਾਰੇ ਸੋਚਦੇ ਹੋਏ

ਪੰਜਾਬ ਵਿਚਲੀ ਬੇਰੁਜ਼ਗਾਰੀ, ਸਿੱਖਿਆ ਦੇ ਨਿੱਜੀਕਰਨ ਕਾਰਨ ਮਹਿੰਗੀ, ਮੱਧ-ਪੱਧਰੀ ਤੇ ਰੁਜ਼ਗਾਰਹੀਣ ਸਿੱਖਿਆ ਅਤੇ ਰੁਜ਼ਗਾਰ ਦੇ ਘਟ ਰਹੇ ਮੌਕਿਆਂ ਕਾਰਨ ਪੰਜਾਬ ਦੇ 70-80 ਹਜ਼ਾਰ ਵਿਦਿਆਰਥੀ ਹਰ ਸਾਲ ਆਈਲੈਟਸ ਕਰਕੇ ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਆਸਟ੍ਰੇਲੀਆ, ਇੰਗਲੈਂਡ ਆਦਿ ਦੇਸ਼ਾਂ ਵਿਚ ਪੜ੍ਹਾਈ ਲਈ ਜਾਣ ਦੇ ਓਹਲੇ ਵਿਚ ਪ੍ਰਵਾਸ ਕਰ ਰਹੇ ਹਨ। ਆਈਲੈਟਸ ਤੋਂ ਲੈ ਕੇ ਵਿਦੇਸ਼ ਵਿਚ ਜਾਣ, ਇਕ ਸਾਲ ਦੀ ਪੜ੍ਹਾਈ ਦੀ ਫ਼ੀਸ ਅਤੇ ਰਹਿਣ ਦਾ ਖਰਚਾ ਅੰਦਾਜ਼ਨ 20 ਕੁ ਲੱਖ ਰੁਪਏ ਬਣਦਾ ਹੈ। ਇਸ ਹਿਸਾਬ ਨਾਲ ਲਗਪਗ 15000 ਕਰੋੜ ਰੁਪਇਆ ਪੰਜਾਬ ਤੋਂ ਹਰ ਸਾਲ ਵਿਦੇਸ਼ਾਂ ਨੂੰ ਕਾਨੂੰਨੀ ਰੂਪ ਵਿਚ ਜਾ ਰਿਹਾ ਹੈ। ਇਸ ਵਿਚ ਪ੍ਰਵਾਸੀਆਂ ਵਲੋਂ ਪੰਜਾਬ ਵਿਚ ਵੇਚੀਆਂ ਜਾ ਰਹੀਆਂ ਜਾਇਦਾਦਾਂ ਦੇ ਪੈਸੇ ਨੂੰ ਤੇ ਹਵਾਲੇ ਰਾਹੀਂ ਭੇਜੇ ਪੈਸੇ ਨੂੰ ਜੋੜਿਆ ਜਾਵੇ ਤਾਂ ਇਹ ਰਕਮ ਹੋਰ ਵੀ ਵਧ ਜਾਂਦੀ ਹੈ। ਇਹ ਰੁਝਾਨ ਪਿਛਲੇ ਕਈ ਸਾਲਾਂ ਤੋਂ ਨਿਰੰਤਰ ਜਾਰੀ ਹੈ। ਜੇ ਪਿਛਲੇ ਦਸ ਕੁ ਸਾਲਾਂ ਦਾ ਹਿਸਾਬ ਲਾਇਆ ਜਾਵੇ ਤਾਂ ਇਹ ਰਾਸ਼ੀ 1.5 ਲੱਖ ਕਰੋੜ ਬਣਦੀ ਹੈ। ਅੰਦਾਜ਼ਾ ਲਾਇਆ ਜਾ ਸਕਦਾ ਕਿ ਕਿੰਨਾ ਪੈਸਾ ਪੰਜਾਬ ਵਿਚੋਂ ਵਿਦੇਸ਼ ਜਾ ਚੁੱਕਾ ਹੈ। ਪੰਜਾਬ ਦੇ ਇਸ ਆਰਥਿਕ ਅਤੇ ਬੌਧਿਕ ਨੁਕਸਾਨ ਤੋਂ ਇਲਾਵਾ ਉਹ ਨੌਜਵਾਨ ਹੁਣ ਬਾਹਰਲੇ ਦੇਸ਼ਾਂ ਦੀ ਤਰੱਕੀ ਵਿਚ ਯੋਗਦਾਨ ਪਾਉਣਗੇ ਜਿਨ੍ਹਾਂ ਨੇ 40 ਸਾਲ ਤੀਕ ਪੰਜਾਬ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਣਾ ਸੀ। ਇਨ੍ਹਾਂ ਦੇ ਜਾਣ ਨਾਲ ਪੰਜਾਬ ਵਿਚ ਪੈਦਾ ਹੋਏ ਵਸੋਂ ਦੇ ਖ਼ਲਾਅ ਨੂੰ ਬਾਹਰਲੇ ਸੂਬਿਆਂ ਤੋਂ ਆਏ ਲੋਕ ਭਰ ਰਹੇ ਹਨ। ਇਸ ਨਾਲ ਪੰਜਾਬ ਅਤੇ ਪੰਜਾਬੀਅਤ ਦਾ ਸਮੁੱਚਾ ਮੁਹਾਂਦਰਾ ਹੀ ਬਦਲ ਰਿਹਾ ਹੈ। ਪੰਜਾਬੀ ਵਿਰਾਸਤ ਅਤੇ ਸੱਭਿਆਚਾਰਕ ਵਿਗਾੜ ਪੈਦਾ ਹੋ ਰਹੇ ਹਨ। ਜੇ ਪੰਜਾਬ ਵਿਚ ਨੌਜਵਾਨਾਂ ਲਈ ਨੌਕਰੀਆਂ ਦੇ ਮੌਕੇ, ਛੋਟੇ ਉਦਯੋਗ ਸਥਾਪਤ ਕਰਨ ਲਈ ਰਿਆਇਤਾਂ ਜਾਂ ਸਰਕਾਰੀ ਸਹਾਇਤਾ ਦੇ ਰੂਪ ਵਿਚ ਹੌਸਲਾ-ਅਫ਼ਜ਼ਾਈ ਮਿਲੇ ਤਾਂ ਏਨੇ ਧਨ ਨਾਲ ਉਹ ਪੰਜਾਬ ਵਿਚ ਬਹੁਤ ਕੁਝ ਉਸਾਰੂ ਕਰ, ਪੰਜਾਬ ਦੀ ਉਤਪਤੀ ਵਿਚ ਹਿੱਸਾ ਪਾ ਸਕਦੇ ਹਨ। ਵਿਦਿਆਰਥੀਆਂ ਦੀ ਘਾਟ ਵਿਚ ਇਹ ਕਾਲਜ ਆਪਣੇ ਖਰਚੇ ਪੂਰੇ ਕਰਨ ਤੋਂ ਅਸਮਰਥ ਜਾਂ ਬੰਦ ਹੋਣ ਲੱਗੇ ਹਨ। ਇਹ ਮਾਰੂ ਤਬਦੀਲੀ ਦਾ ਸੂਚਕ ਹੈ। ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿਚ ਧੱਕਣ ਅਤੇ ਪੰਜਾਬੀ ਜਵਾਨੀ ਨੂੰ ਖ਼ਤਮ ਕਰਨ ਲਈ ਚੱਲੀ ਚਾਲ ਵਿਚ ਪੰਜਾਬੀਆਂ ਦਾ ਘਾਣ ਹੋ ਗਿਆ ਹੈ। ਉਹ ਸਰੀਰਕ ਕੱਦ-ਕਾਠ ਦੇ ਬੌਣੇਪਣ ਕਾਰਨ ਸੁਰੱਖਿਆ ਬਲਾਂ ਦੀ ਭਰਤੀ ਵਿਚ ਮਾਪਦੰਡਾਂ 'ਤੇ ਪੂਰੇ ਨਹੀਂ ਉਤਰ ਰਹੇ। ਸਿੱਖਿਆ ਦਾ ਮਿਆਰ ਡਿੱਗਣ ਕਾਰਨ ਸਿਵਲ ਸੇਵਾਵਾਂ ਵਿਚ ਪੰਜਾਬੀਆਂ ਦੀ ਗਿਣਤੀ ਨਿਗੂਣੀ ਹੋ ਗਈ ਹੈ ਅਤੇ ਪੰਜਾਬ ਦੀ ਅਫ਼ਸਰਸ਼ਾਹੀ ਵਿਚ ਦੂਸਰੇ ਸੂਬਿਆਂ ਦੇ ਅਫ਼ਸਰਾਂ ਦੀ ਬਹੁਤਾਤ ਹੈ।

ਪੰਜਾਬ ਦਾ ਜ਼ਹਿਰੀਲਾ ਪਾਣੀ, ਪ੍ਰਦੂਸ਼ਤ ਹਵਾ ਅਤੇ ਧਰਤੀ ਵਿਚ ਕੀਟਨਾਸ਼ਕਾਂ ਦੀ ਬਹੁਤਾਤ ਕਾਰਨ ਜ਼ਹਿਰੀਲੇ ਖਾਣੇ ਨੇ ਪੰਜਾਬੀਆਂ ਨੂੰ ਨਿਪੁੰਸਕ ਅਤੇ ਬਿਮਾਰ ਬਣਾ ਦਿੱਤਾ ਹੈ। ਇਸੇ ਲਈ ਹੀ ਪੰਜਾਬ ਵਿਚ ਹਸਪਤਾਲ ਹੀ ਹਸਪਤਾਲ ਹਨ। ਫਰਟਿਲਿਟੀ ਕੇਂਦਰ ਵੀ ਧੜਾਧੜ ਖੁੱਲ੍ਹ ਰਹੇ ਹਨ। ਕਿਧਰੇ ਫਰਟਿਲਿਟੀ ਕੇਂਦਰ ਰਾਹੀਂ ਪੈਦਾ ਹੋਏ ਬੱਚਿਆਂ ਦੇ ਡੀ.ਐਨ.ਏ. ਤਾਂ ਨਹੀਂ ਬਦਲੇ ਜਾ ਰਹੇ ? ਕੀ ਇਸ ਨਾਲ ਪੰਜਾਬੀਪੁਣੇ ਨੂੰ ਪੜਾਅਵਾਰ ਅਤੇ ਯੋਜਨਾਬੱਧ ਤਰੀਕੇ ਨਾਲ ਖ਼ਤਮ ਕਰਨ ਦੀ ਕੋਈ ਤਰਕੀਬ ਤਾਂ ਨਹੀਂ ? ਕੀ ਇਸ ਨੂੰ ਨਿਯਮਤ ਕਰਨ ਬਾਰੇ ਸਰਕਾਰਾਂ ਸਖ਼ਤ ਹਨ ? ਕੀ ਇਸ ਪ੍ਰਤੀ ਨਵੇਂ ਬਣੇ ਮਾਪਿਆਂ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਨਵ-ਜਨਮੇ ਬੱਚੇ ਦੇ ਡੀ.ਐਨ.ਏ. ਦੀ ਪਰਖ਼ ਕਰਵਾ ਲੈਣ ? ਬਹੁਤ ਸਾਰੇ ਪ੍ਰਸ਼ਨ ਨੇ ਸੁਚੇਤ ਮਨ ਵਿਚ ਹਨ। ਪੰਜਾਬ ਵਿਚ ਨਸ਼ਿਆਂ ਦੀ ਅਲਾਮਤ ਏਨਾ ਭਿਆਨਕ ਰੂਪ ਅਖ਼ਤਿਆਰ ਕਰ ਗਈ ਹੈ ਕਿ ਹੁਣ ਮਾਪੇ ਆਪਣੇ ਬੱਚਿਆਂ ਦਾ ਸਿਵਾ ਸੇਕਣ ਲਈ ਮਜਬੂਰ ਨੇ। ਮਾਲਵੇ ਨੂੰ ਕੈਂਸਰ ਨੇ ਨਿਗਲ ਲਿਆ ਹੈ ਅਤੇ ਕਿਸਾਨਾਂ ਨੂੰ ਕਰਜ਼ੇ ਦਾ ਦੈਂਤ ਹੜੱਪਣ ਲਈ ਕਾਹਲਾ ਹੈ। ਕੋਈ ਵੀ ਰਾਜਨੀਤਕ ਜਾਂ ਧਾਰਮਿਕ ਆਗੂ ਇਸਦਾ ਸਾਜ਼ਗਾਰ ਹੱਲ ਲੱਭਣ ਲਈ ਪਹਿਲ ਨਹੀਂ ਕਰ ਰਿਹਾ, ਸਗੋਂ ਉਨ੍ਹਾਂ ਦਾ ਅਵੇਸਲਾਪਣ, ਤਬਾਹੀ ਨੂੰ ਤੂਫ਼ਾਨੀ ਦੌਰ ਦਾ ਦਰਦ ਬਣਾ ਰਿਹਾ ਹੈ।

## ਕੈਪਟਨ ਸਰਕਾਰ ਪੰਜਾਬ ਦੇ ਨੌਜਵਾਨ ਵਰਗ ਦੀ ਬਾਂਹ ਫੜੇ

ਪੰਜਾਬ ਦੀ ਨਿੱਘਰੀ ਵਿਵਸਥਾ ਵਿਚ ਸਵੈ ਰੁਜ਼ਗਾਰ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਕਿਸੇ ਕਾਰੋਬਾਰ ਨੂੰ ਸਥਾਪਿਤ ਕਰਨ ਵਿਚ ਸਾਲਾਂ ਦੇ ਸਾਲ ਲੱਗ ਜਾਂਦੇ ਹਨ ਤੇ ਉਸ ਲਈ ਬਹੁਤ ਸਾਰੇ ਸਰਮਾਏ ਦੀ ਵੀ ਲੋੜ ਹੁੰਦੀ ਹੈ। ਨੌਜਵਾਨ ਸ਼ਕਤੀ ਨੂੰ ਸੰਭਾਲਣ ਲਈ ਸਰਕਾਰਾਂ ਨੂੰ ਨੌਕਰੀਆਂ ਦੇ ਦਰਵਾਜ਼ੇ ਖੋਲ੍ਹਣ ਦੀ ਲੋੜ ਹੈ। ਪਰ ਕੈਪਟਨ ਸਰਕਾਰ ਦਾ ਇੱਧਰ ਧਿਆਨ ਨਹੀਂ ਹੈ। ਸਮੇਂ ਦੀਆਂ ਲੋੜਾਂ ਅਨੁਸਾਰ ਸਿੱਖਿਆ ਪ੍ਰਣਾਲੀ ਵਿਚ ਵੀ ਤਬਦੀਲੀਆਂ ਕਰਨ ਦੀ ਲੋੜ ਹੈ ਤਾਂ ਕਿ ਨੌਜਵਾਨਾਂ ਨੂੰ ਪੜ੍ਹਾਈ ਉਪਰੰਤ ਹੀ ਰੁਜ਼ਗਾਰ ਮਿਲ ਜਾਵੇ। ਪੰਜਾਬ ਨੂੰ ਬਚਾਉਣ ਲਈ ਨੌਜਵਾਨ ਸ਼ਕਤੀ ਨੂੰ ਸੰਭਾਲਣਾ ਕੈਪਟਨ ਸਰਕਾਰ ਤੇ ਰਾਜਨੀਤਕ ਪਾਰਟੀਆਂ ਦਾ ਤਰਜੀਹੀ ਮੁੱਦਾ ਬਣਨਾ ਚਾਹੀਦਾ ਹੈ। ਸਰਕਾਰਾਂ ਦੀ ਨਾਲਾਇਕੀ ਕਾਰਨ ਹੀ ਪੰਜਾਬ ਖਾਲੀ ਹੋ ਰਿਹਾ ਹੈ।

**-ਗਿਆਨੀ ਕੇਵਲ ਸਿੰਘ**
ਸਾਬਕਾ ਜਥੇਦਾਰ ਤਖ਼ਤ ਦਮਦਮਾ ਸਾਹਿਬ


CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang

Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services
CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776



When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

ਅੰਮ੍ਰਿਤਸਰ ਟਾਈਮਜ਼ AMRITSAR TIMES
06 ਮਾਰਚ 2019 ਤੋਂ 12 ਮਾਰਚ 2019

# ਸਜ਼ਾਵਾਂ ਭੁਗਤ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਦਾ ਮਾਮਲਾ

**- ਮਨਜੀਤ ਸਿੰਘ ਟਿਵਾਣਾ**

ਪੰਜਾਬ ਸਮੇਤ ਭਾਰਤ ਦੀਆਂ ਜੇਲ੍ਹਾਂ ਵਿਚ ਬੰਦ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਦਾ ਮੁੱਦਾ ਲੰਮੇ ਸਮੇਂ ਤੋਂ ਚਰਚਾ ਵਿਚ ਹੈ। ਸਿਤਮ ਦੀ ਗੱਲ ਹੈ ਕਿ ਇਸ ਅਤਿ ਸੰਵੇਦਨਸ਼ੀਲ ਅਤੇ ਗੰਭੀਰ ਮਾਮਲੇ ਉਤੇ ਨਾ ਤਾਂ ਵੱਖ-ਵੱਖ ਰਾਜਾਂ ਦੀਆਂ ਤੇ ਨਾ ਹੀ ਕੇਂਦਰ ਦੀਆਂ ਸਰਕਾਰਾਂ ਕਦੇ ਬਹੁਤਾ ਸੰਜੀਦਾ ਦਿਖਾਈ ਦਿੱਤੀਆਂ ਹਨ ਤੇ ਨਾ ਹੀ ਭਾਰਤ ਦੇ ਮੁੱਖ ਧਾਰਾ ਮੀਡੀਆ ਨੇ ਹੀ ਇਸ ਮਾਮਲੇ 'ਤੇ ਕਦੇ ਕੰਨ ਧਰਿਆ ਹੈ। ਕਦੇ ਭਾਈ ਗੁਰਬਖਸ਼ ਸਿੰਘ ਖਾਲਸਾ ਤੇ ਕਦੇ ਕੋਈ ਬਾਪੂ ਸੂਰਤ ਸਿੰਘ ਭੁੱਖ ਹੜਤਾਲਾਂ ਉਤੇ ਬੈਠੇ ਪਰ "ਅਦਲੀ ਰਾਜੇ" ਦਾ ਦਰਵਾਜ਼ਾ ਸਦਾ ਬੰਦ ਹੀ ਰਿਹਾ। ਬਰਗਾੜੀ ਵਿਚ ਲੱਗੇ ਬਹੁ-ਚਰਚਿਤ 'ਇਨਸਾਫ ਮੋਰਚੇ' ਦੀਆਂ ਮੁੱਖ ਮੰਗਾਂ ਵਿਚ ਬੰਦੀ ਸਿੰਘਾਂ ਦੀ ਰਿਹਾਈ ਵੀ ਇਕ ਅਹਿਮ ਮੰਗ ਸੀ। ਹੁਣ ਇਕ ਵਾਰ ਮੁੜ ਸਿੱਖਾਂ ਦੀ ਕਮੇਟੀ ਨੇ ਇਸ ਵਾਸਤੇ ਧਰਨੇ ਦੇਣ ਦਾ ਪ੍ਰੋਗਰਾਮ ਉਲੀਕਿਆ ਹੈ।

ਹੁਣੇ-ਹੁਣੇ ਕਥਿਤ ਸਰਜੀਕਲ ਸਟਰਾਇਕ ਦੌਰਾਨ ਪਾਕਿਸਤਾਨ ਦੇ ਹੱਥ ਆਏ ਭਾਰਤੀ ਪਾਇਲਟ ਦੀ ਰਿਹਾਈ ਲਈ ਭਾਰਤ ਸਰਕਾਰ, ਸਿਆਸੀ ਆਗੂਆਂ ਤੇ ਮੀਡੀਆ ਵੱਲੋਂ ਯੂਐਨਓ ਦੀ ਜੰਗੀ ਕੈਦੀਆਂ ਬਾਰੇ ਜਨੇਵਾ ਕਨਵੈਨਸ਼ਨ ਵਿਚ ਪਾਸ ਹੋਏ ਮਤਿਆਂ ਦਾ ਹਵਾਲਾ ਦਿੱਤਾ ਗਿਆ। ਖੈਰ, ਪਾਕਿਸਤਾਨ ਨੇ ਜਨੇਵਾ ਸਮਝੌਤੇ ਦੀ ਕਦਰ ਕਰਦਿਆਂ ਤੇ ਅਮਨ-ਸ਼ਾਂਤੀ ਦੀ ਬਹਾਲੀ ਲਈ ਭਾਰਤੀ ਪਾਇਲਟ ਰਿਹਾਅ ਵੀ ਕਰ ਦਿੱਤਾ ਪਰ ਇਸ ਮੌਕੇ ਇਹ ਸਵਾਲ ਪੁੱਛਣਾ ਵਾਜਿਬ ਹੈ ਕਿ ਕੀ ਕਦੇ ਭਾਰਤ ਨੇ ਵੀ ਯੂਐਨਓ ਦੇ ਮਤਿਆਂ ਦੀ ਪਰਵਾਹ ਆਪਣੇ ਖੁਦ ਦੇ ਦੇਸ਼ ਅੰਦਰ, ਆਪਣੇ ਹੀ ਨਾਗਰਿਕਾਂ ਦੇ ਮਨੁੱਖੀ ਅਧਿਕਾਰਾਂ ਬਾਰੇ ਕੀਤੀ ਹੈ। ਜਿਸ ਜਨੇਵਾ ਕਨਵੈਨਸ਼ਨ ਦੀ ਗੱਲ ਕਰਦਿਆਂ ਜੰਗੀ ਕੈਦੀਆਂ ਦੇ ਮਾਨਵੀ ਅਧਿਕਾਰਾਂ ਤੇ ਉਨ੍ਹਾਂ ਦੀ ਰਿਹਾਈ ਬਾਰੇ ਭਾਰਤ ਸਰਕਾਰ ਤੇ ਮੀਡੀਆ ਹਾਲ ਦੁਹਾਈ ਪਾ ਰਿਹਾ ਹੈ, ਕੀ ਉਨ੍ਹਾਂ ਨੂੰ ਯਾਦ ਨਹੀਂ ਕਿ ਖੁਦ ਭਾਰਤ ਅੰਦਰ ਹੀ ਯੂਐਨਓ ਦੀ ਜਨੇਵਾ ਕਨਵੈਨਸ਼ਨ ਤੋਂ ਵੀ ਇਕ ਸਾਲ ਪਹਿਲਾਂ ਸੰਨ ੧੯੪੮ ਵਿਚ ਫਰਾਂਸ ਦੇ ਪੈਰਿਸ ਵਿਚ ਪਾਸ ਹੋਏ ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਬੇਗਾਨੇ ਮੁਲਕ ਤੋਂ ਤਾਂ ਆਸ ਕੀਤੀ ਜਾਂਦੀ ਹੈ ਕਿ ਉਹ ਜਨੇਵਾ ਸਮਝੌਤੇ ਦੀ ਪਾਲਣਾ ਕਰੇ ਪ੍ਰੰਤੂ ਆਪਣੇ ਹੀ ਦੇਸ਼ ਵਿਚ ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਦੀ ਖੁੱਲ੍ਹੀ ਉਲੰਘਣਾ ਕੀਤੀ ਜਾਂਦੀ ਹੈ। ਭਾਰਤੀ ਸੰਵਿਧਾਨ ਦੀ ਧਾਰਾ 72 ਅਧੀਨ ਕੇਂਦਰ ਸਰਕਾਰ ਨੂੰ ਤੇ ਧਾਰਾ 161 ਅਧੀਨ ਰਾਜ ਸਰਕਾਰਾਂ ਨੂੰ ਸਭ ਤਰ੍ਹਾਂ ਦੇ ਕੈਦੀਆਂ ਨੂੰ ਸਜ਼ਾ ਤੋਂ ਮੁਆਫੀ ਦੇਣ ਦਾ ਅਧਿਕਾਰ ਹੈ। ਸਮੇਂ-ਸਮੇਂ 'ਤੇ ਸਰਕਾਰਾਂ ਨੇ ਬਹੁਤ ਸਾਰੇ ਕੈਦੀਆਂ ਨੂੰ ਇਸ ਅਧਿਕਾਰ ਤਹਿਤ ਰਿਹਾਅ ਕੀਤਾ ਹੈ ਪਰ ਸਿੱਖ ਬੰਦੀਆਂ ਦੀ ਰਿਹਾਈ ਦੇ ਮਾਮਲੇ ਵਿਚ ਹਮੇਸ਼ਾ ਸਾਜ਼ਿਸ਼ੀ ਕਿਸਮ ਦੀ ਚੁੱਪੀ ਧਾਰ ਲਈ ਜਾਂਦੀ ਹੈ। ਕੀ ਇਹ ਜਨੇਵਾ 'ਚ ਜਾਰੀ ਹੋਏ ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਦਾ ਕਤਲੇਆਮ ਨਹੀਂ?

ਇਹ ਕਹਿ ਕੇ ਬੰਦੀ ਸਿੰਘਾਂ ਦੀ ਰਿਹਾਈ ਨਾ ਹੋ ਸਕਣ ਦਾ ਬਹਾਨਾ ਬਣਾਇਆ ਜਾਂਦਾ ਹੈ ਕਿ ਸੁਪਰੀਮ ਕੋਰਟ ਨੇ ਇਸ ਬਾਰੇ ਕੋਈ ਹੁਕਮ ਸੁਣਾਇਆ ਹੋਇਆ ਹੈ। ਦਰਅਸਲ ਸੁਪਰੀਮ ਕੋਰਟ ਦਾ ਅਜਿਹਾ ਕੋਈ ਸਟੇਅ ਕਦੇ ਹੈ ਹੀ ਨਹੀਂ ਸੀ ਜੋ ਕੇਂਦਰ ਸਰਕਾਰ ਨੂੰ ਭਾਰਤੀ ਸੰਵਿਧਾਨ ਦੀ ਧਾਰਾ 72 ਅਧੀਨ ਤੇ ਰਾਜ ਸਰਕਾਰਾਂ ਨੂੰ ਧਾਰਾ 161 ਅਧੀਨ ਸਭ ਤਰ੍ਹਾਂ ਦੇ ਕੈਦੀਆਂ ਨੂੰ ਸਜ਼ਾ ਤੋਂ ਮੁਆਫੀ ਦੇਣ ਦਾ ਹੱਕ ਰੋਕਦਾ ਹੋਵੇ। ਸੁਪਰੀਮ ਕੋਰਟ ਦਾ ਸਟੇਅ ਤਾਂ ਸਿਰਫ ਰਾਜ ਸਰਕਾਰਾਂ ਨੂੰ ਹੀ ਫੌਜਦਾਰੀ ਜ਼ਾਬਤਾ ਦੀ ਧਾਰਾ 432 ਤੇ 433 ਅਧੀਨ ਕੇਵਲ ਉਮਰ ਕੈਦੀਆਂ ਨੂੰ ਸਜ਼ਾ ਵਿਚ ਛੋਟ ਦੇ ਕੇ ਰਿਹਾਅ ਕਰਨ ਉਪਰ ਹੀ ਸੀ।

ਬੰਦੀ ਸਿੰਘਾਂ ਦੀ ਸੂਚੀ ਮੁਤਾਬਕ ਕਈ ਸਿਆਸੀ ਸਿੱਖ ਉਮਰ ਕੈਦੀਆਂ ਦੀ ਰਿਹਾਈ ਪੰਜਾਬ ਸਰਕਾਰ ਦੇ ਅਧਿਕਾਰ-ਖੇਤਰ ਵਿਚ ਆਉਂਦੀ ਹੈ। ਬਾਹਰਲੇ ਰਾਜਾਂ ਵਿਚਲੇ ਕੇਸਾਂ ਨਾਲ ਸਬੰਧਤ ਪੰਜਾਬ ਦੀਆਂ ਜੇਲ੍ਹਾਂ ਵਿਚ ਨਜ਼ਰਬੰਦ ਕੈਦੀਆਂ ਦੀ ਰਿਹਾਈ ਦਿੱਲੀ, ਕਰਨਾਟਕਾ ਅਤੇ ਚੰਡੀਗੜ੍ਹ ਪ੍ਰਸਾਸ਼ਨ ਦੇ ਅਧਿਕਾਰ-ਖੇਤਰ ਵਿਚ ਆਉਂਦੀ ਹੈ। ਇਸੇ ਤਰ੍ਹਾਂ ਕੁਝ ਬੰਦੀ ਪੰਜਾਬ ਤੋਂ ਬਾਹਰਲੇ ਰਾਜਾਂ ਰਾਜਸਥਾਨ ਤੇ ਮੱਧ ਪ੍ਰਦੇਸ਼ ਆਦਿ ਦੀਆਂ ਜੇਲ੍ਹਾਂ ਵਿਚ ਵੀ ਹਨ। ਬਹੁਤ ਸਾਰੇ ਸਿੱਖ ਕੈਦੀ ਕਾਫੀ ਬਜ਼ੁਰਗ ਹੋ ਚੁੱਕੇ ਹਨ। ਜੇ ਕੋਈ ਵੀ ਸਰਕਾਰ ਇਨ੍ਹਾਂ ਦੀ ਰਿਹਾਈ ਮਨੁੱਖਤਾ ਦੇ ਆਧਾਰ ਉਪਰ ਹੀ ਕਰਨੀ ਚਾਹੇ ਤਾਂ ਕੋਈ ਸਮੱਸਿਆ ਹੀ ਨਹੀਂ ਹੈ। ਕਈਆਂ ਨੇ ਅੱਸੀਵੇਂ ਦਹਾਕੇ ਤੋਂ ਹੁਣ ਤਕ ਕੇਸ ਭੁਗਤਦਿਆਂ ਹੀ ਉਮਰਾਂ ਲੰਘਾ ਦਿੱਤੀਆਂ ਹਨ। ਕਈਆਂ ਦੀ ਉਮਰ ਤਾਂ ਸੱਤਰ ਸਾਲ ਤੋਂ ਵੀ ਜਿਆਦਾ ਹੋ ਚੁੱਕੀ ਹੈ ਤੇ ਕੋਈ ਹੋਰ ਕੇਸ ਵੀ ਵਿਚਾਰ-ਅਧੀਨ ਨਹੀਂ ਰਿਹਾ ਹੈ ਤੇ ਸਜ਼ਾਵਾਂ ਵੀ ਪੂਰੀਆਂ ਹੋ ਚੁੱਕੀਆਂ ਹਨ। ਰਿਹਾਈ ਤਾਂ ਇਕ ਪਾਸੇ ਰਹੀ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਤਾਂ ਜੇਲ੍ਹ-ਵਿਵਹਾਰ ਚੰਗਾ ਹੋਣ ਦੇ ਇਵਜ਼ ਵਿਚ ਮਿਲਣ ਵਾਲੀ ਪੈਰੋਲ ਤੋਂ ਵੀ ਜਾਣਬੁੱਝ ਕੇ ਮਹਿਰੂਮ ਰੱਖਿਆ ਜਾ ਰਿਹਾ ਹੈ। ਬਹੁਤ ਸਾਰੇ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਨਾਲ ਗ੍ਰਸਤ ਹਨ। 14 ਅਜਿਹੇ ਬੰਦੀ ਸਿੰਘ ਹਨ, ਜਿਹੜੇ ਆਪਣੀ ਸਜ਼ਾ ਤੋਂ ਦੁੱਗਣੀ ਜੇਲ੍ਹ ਕੱਟ ਚੁੱਕੇ ਹਨ ਪ੍ਰੰਤੂ ਉਨ੍ਹਾਂ ਨੂੰ ਵੀ ਰਿਹਾਅ ਨਹੀਂ ਕੀਤਾ ਜਾ ਰਿਹਾ। ਇਸੇ ਤਰ੍ਹਾਂ ਜੇਕਰ ਵਿਚਾਰ-ਅਧੀਨ ਬੰਦੀ ਸਿੰਘਾਂ ਦੇ ਵਕੀਲਾਂ ਦੀ ਮੰਨੀਏ ਤਾਂ ਬਹੁਤਿਆਂ ਉਤੇ ਤਾਂ ਝੂਠੇ ਅਤੇ ਬੇ-ਬੁਨਿਆਦ ਕੇਸ ਹੀ ਪਾਏ ਹੋਏ ਹਨ। ਕੋਈ ਸਬੂਤ ਵੀ ਨਹੀਂ ਹਨ ਤੇ ਇਨ੍ਹਾਂ ਨੇ ਕਦੇ ਨਾ ਕਦੇ ਅਦਾਲਤਾਂ ਵਿਚੋਂ ਬਰੀ ਵੀ ਹੋ ਜਾਣਾ ਹੈ ਪਰ ਪੁਲਿਸ ਵਲੋਂ ਧਾਰਾਵਾਂ ਹੀ ਐਨੀਆਂ ਸੰਗੀਨ ਲਗਾ ਦਿੱਤੀਆਂ ਜਾਂਦੀਆਂ ਹਨ ਕਿ ਕੇਸ ਹੀ ਲੰਮੇ ਸਮੇਂ ਤਕ ਲਮਕਦੇ ਰਹਿੰਦੇ ਹਨ। ਸਖਤ ਧਾਰਾਵਾਂ ਕਾਰਨ ਜ਼ਮਾਨਤਾਂ ਵੀ ਨਹੀਂ ਹੁੰਦੀਆਂ। ਅਦਾਲਤਾਂ ਦਾ ਰੁਖ ਵੀ ਜਿਆਦਾ ਕਰਕੇ ਸਰਕਾਰ ਪੱਖੀ ਹੀ ਰਹਿੰਦਾ ਹੈ। ਹਰ ਕੋਈ ਜਾਣਦਾ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਸਿਆਸੀ ਹੈ। ਇਸ ਵਿਚ ਕੋਈ ਕਾਨੂੰਨੀ ਜਾਂ ਸੰਵਿਧਾਨਕ ਤੇ ਸੁਪਰੀਮ ਕੋਰਟ ਦੇ ਕਿਸੇ ਸਟੇਅ ਦਾ ਅੜਿੱਕਾ ਨਹੀਂ ਹੈ। ਇਸ ਤਰ੍ਹਾਂ ਭਾਰਤ ਵਿਚ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਦਾ ਨਿਰੰਤਰ ਘਾਣ ਹੋ ਰਿਹਾ ਹੈ। ਨਾ ਤਾਂ ਇਸ ਬਾਰੇ ਕਦੇ ਅਦਾਲਤਾਂ ਹੀ ਨੋਟਿਸ ਲੈਂਦੀਆਂ ਹਨ ਤੇ ਨਾ ਹੀ ਕਦੇ ਮੁੱਖ ਧਾਰਾ ਮੀਡੀਆ ਹੀ ਮੂੰਹ ਖੋਲ੍ਹਦਾ ਹੈ। ਕੈਪਟਨ ਅਭਿਨੰਦਨ ਦੀ ਰਿਹਾਈ ਦੀ ਖੁਸ਼ੀ ਮਨਾ ਰਹੇ ਮੀਡੀਆ ਤੇ ਸਰਕਾਰਾਂ, ਜੇ ਸਿੱਖਾਂ ਨੂੰ ਇਸ ਦੇਸ਼ ਦਾ ਥੋੜ੍ਹਾ ਬਹੁਤਾ ਨਾਗਰਿਕ ਮੰਨਦੀਆਂ ਹਨ, ਤਾਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ 'ਚ ਆਪਣੀ ਸਜ਼ਾਵਾਂ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦਾ ਵੀ ਸੋਚ ਲੈਣ।

# ਜਗਮੀਤ ਸਿੰਘ ਦੀ ਜਿੱਤ ਫਾਸ਼ੀਵਾਦੀ ਤੇ ਮਨੁੱਖੀ ਅਧਿਕਾਰ ਵਿਰੋਧੀ ਤਾਕਤਾਂ ਨੂੰ ਸਖ਼ਤ ਸੁਨੇਹਾ

**ਪੰਜਾਬ ਦੇ ਠੀਕਰੀਵਾਲ ਪਿੰਡ ਤੋਂ ਸ਼ਹੀਦ ਸੇਵਾ ਸਿੰਘ ਠੀਕਰੀਵਾਲ ਦੇ ਸਕਿਆਂ ਦੇ ਪਰਿਵਾਰ ਦੀ ਚੌਥੀ ਪੀੜ੍ਹੀ ਨਾਲ ਸਬੰਧਤ, 40 ਸਾਲਾ ਜਗਮੀਤ ਸਿੰਘ ਅੰਦਰ ਵੀ ਸਰਮਾਏਦਾਰੀ ਢਾਂਚੇ ਅਤੇ ਰਜਵਾੜਾਸ਼ਾਹੀ ਖਿਲਾਫ ਬੇਬਾਕੀ ਨਾਲ ਲੜਨ ਦੀ ਭਾਵਨਾ ਝਲਕਦੀ ਹੈ। ਵਕਾਲਤ 'ਚ ਸਫਲ ਰਹਿਣ ਵਾਲਾ ਇਹ ਨੌਜਵਾਨ ਸੰਨ 2011 ਵਿਚ ਪਹਿਲੀ ਵਾਰ ਉਂਟਾਰੀਓ ਵਿਧਾਨ ਸਭਾ 'ਚ ਵਿਧਾਇਕ ਬਣਿਆ ਅਤੇ ਮਗਰੋਂ ਸੂਬਾਈ ਨਿਊ ਡੈਮੋਕਰੇਟਿਕ ਪਾਰਟੀ ਦਾ ਉਪ -ਨੇਤਾ ਚੁਣਿਆ ਗਿਆ। ਉਸ ਦੇ ਅਗਾਂਹ ਵਧੂ ਜਜ਼ਬੇ, ਸਖਤ ਚੁਣੌਤੀਆਂ ਨਾਲ ਟੱਕਰ ਲੈਣ ਦੇ ਦ੍ਰਿੜ ਇਰਾਦੇ ਅਤੇ ਸਿਆਸੀ ਨਿਪੁੰਨਤਾ ਨੇ 1 ਅਕਤੂਬਰ 2017 ਨੂੰ ਜਗਮੀਤ ਸਿੰਘ ਨੂੰ ਐਨਡੀਪੀ. ਦਾ ਕੌਮੀ ਆਗੂ ਬਣਾ ਦਿੱਤਾ।**



**ਡਾ. ਗੁਰਵਿੰਦਰ ਸਿੰਘ ਧਾਲੀਵਾਲ ਕੈਨੇਡਾ**
(604 825 1550)

ਇਹ ਗੱਲ ਉਸ ਵੇਲੇ ਦੀ ਹੈ, ਜਦੋਂ ਜਗਮੀਤ ਸਿੰਘ ਕੈਨੇਡਾ ਦੀ ਤੀਜੀ ਸਭ ਤੋਂ ਵੱਡੀ ਪਾਰਟੀ, ਨਿਊ ਡੈਮੋਕਰੇਟਿਕ ਪਾਰਟੀ ਲਈ ਪਹਿਲੀ ਵਾਰ ਚੋਣ ਲੜਨ ਦੀ ਤਿਆਰੀ ਕਰ ਰਿਹਾ ਸੀ। ਉਸ ਨੇ ਸਿਆਸੀ ਪੱਧਰ 'ਤੇ ਕਾਮਯਾਬੀ ਲਈ 'ਗੁਰ' ਲੈਣ ਵਾਸਤੇ ਕਿਸੇ ਤਜਰਬੇਕਾਰ ਰਾਜਸੀ ਨੇਤਾ ਤੋਂ ਸਲਾਹ ਮੰਗੀ। ਜਗਮੀਤ ਸਿੰਘ ਦੇ ਦੱਸਣ ਅਨੁਸਾਰ ਉਸ ਮਸ਼ਹੂਰ ਵਿਅਕਤੀ ਨੇ ਕਿਹਾ ਕਿ ਜੇਕਰ ਕੈਨੇਡਾ ਦਾ ਰਾਸ਼ਟਰੀ ਪੱਧਰ ਦਾ ਆਗੂ ਬਣਨਾ ਹੈ, ਤਾਂ ਉਸ ਨੂੰ ਪੱਛਮੀ ਸਮਾਜ ਨੂੰ ਆਪਣੇ ਨਾਲ ਜੋੜਨ ਵਾਸਤੇ ਕੁਝ ਤਬਦੀਲੀਆਂ ਦੀ ਲੋੜ ਹੈ। ਪਹਿਲੀ ਗੱਲ ਇਹ ਹੈ ਕਿ ਆਪਣਾ ਪੂਰਾ ਨਾਂ ਜਗਮੀਤ ਸਿੰਘ ਲੈਣ ਦੀ ਬਜਾਏ 'ਜੈਗ' ਅਖਵਾਉਣਾ ਸ਼ੁਰੂ ਕਰ ਦੇਵੇ। ਦੂਸਰਾ ਉਪਨਾਮ 'ਸਿੰਘ' ਦੀ ਥਾਂ ਗੋਤ ਵਰਤੇ। ਤੀਜਾ ਦਾੜ੍ਹੀ ਖੁੱਲ੍ਹੀ ਰੱਖਣ ਦੀ ਬਜਾਏ ਬੰਨ੍ਹਣੀ ਸ਼ੁਰੂ ਕਰ ਦੇਵੇ। ਚੌਥੀ ਗੱਲ ਆਪਣੀ ਪੱਗ ਦਾ ਸਟਾਈਲ ਗੋਲ ਤੇ ਦੁਮਾਲੇ ਵਾਲਾ ਛੱਡ ਕੇ, ਨੋਕਦਾਰ ਬਣਾਵੇ ਤੇ ਪੰਜਵੀਂ ਤਬਦੀਲੀ ਇਹ ਹੈ ਕਿ ਉਹ ਕਿਰਪਾਨ ਉਪਰੋਂ ਪਹਿਨਣ ਦੀ ਥਾਂ ਕੱਪੜਿਆਂ ਦੇ ਹੇਠਾਂ ਦੀ ਪਹਿਨੇ। ਅਜਿਹਾ ਕਰਕੇ ਉਹ ਕੈਨੇਡੀਅਨ ਲੋਕਾਂ 'ਚ ਜਚ ਜਾਵੇਗਾ, ਨਹੀਂ ਤਾਂ ਉਸ ਲਈ ਕਾਮਯਾਬ ਹੋਣਾ ਔਖਾ ਹੈ। ਜਗਮੀਤ ਸਿੰਘ ਨੇ 'ਸਲਾਹਕਾਰ' ਨੂੰ ਬੜੇ ਅਦਬ ਨਾਲ ਕਿਹਾ ਕਿ ਉਹ ਨਹੀਂ ਸਮਝਦਾ ਕਿ ਕੈਨੇਡਾ ਦੇ ਬਹੁ-ਸੱਭਿਆਚਾਰਕ ਭਾਈਚਾਰੇ ਨੂੰ ਉਸ ਦੇ ਨਾਂ ਨਾਲ ਕੋਈ ਔਖ ਮਹਿਸੂਸ ਹੋਵੇਗੀ, ਜੋ ਨਾਂ ਬਦਲ ਕੇ ਠੀਕ ਹੋ ਜਾਵੇਗਾ। ਉਪਨਾਮ ਉਹ ਗੋਤ ਜਾਂ ਇਲਾਕੇ ਦਾ ਵਰਤਣ ਦੀ ਥਾਂ, 'ਸਿੰਘ' ਹੀ ਲਿਖਣਾ ਚਾਹੇਗਾ, ਕਿਉਂਕਿ ਇਹ ਉਸ ਦੀ ਪਛਾਣ ਹੈ ਤੇ ਉਹ ਜਾਤ-ਪਾਤ ਦੇ ਰੰਗ -ਨਸਲ ਵਿੱਚ ਫਰਕ ਨਹੀਂ ਮੰਨਦਾ। ਰਹੀ ਗੱਲ ਦਾਹੜੀ ਬੰਨ੍ਹਣ ਦੀ, ਉਹ ਸ਼ੁਰੂ ਤੋਂ ਹੀ 'ਦਾਹੜਾ ਪ੍ਰਕਾਸ਼' ਕਰਦਾ ਹੈ, ਇਸ ਕਰਕੇ ਬੰਨ੍ਹਣਾ ਨਹੀਂ ਚਾਹੁੰਦਾ। ਬਾਕੀ ਦਸਤਾਰ ਦੇ ਰੂਪ ਤੇ ਤਰੀਕੇ ਸਾਰੇ ਹੀ ਚੰਗੇ ਹਨ, ਪਰ ਉਸ ਦੇ ਪਤਲੇ ਚਿਹਰੇ 'ਤੇ ਗੋਲ ਦਸਤਾਰ ਵਧੇਰੇ ਜਚਦੀ ਹੈ ਤੇ ਉਸ ਨੇ ਇਤਿਹਾਸ ਪੜ੍ਹਦਿਆਂ ਵੀ ਜਾਣਿਆ ਹੈ ਕਿ ਸਦੀਆਂ ਤੋਂ ਸਿੱਖ ਇਸ ਤਰ੍ਹਾਂ ਦੀ ਦਸਤਾਰ ਜਾਂ ਦੁਮਾਲਾ ਹੀ ਸਜਾਉਂਦੇ ਆ ਰਹੇ ਹਨ। ਹੁਣ ਅੰਮ੍ਰਿਤਧਾਰੀ ਸਿੱਖ ਹੋਣ ਕਰਕੇ ਕਿਰਪਾਨ ਉਹ ਕਮੀਜ਼ ਦੇ ਉਪਰੋਂ ਪਾਉਂਦਾ ਹੈ ਤੇ ਉਸ ਨੂੰ ਅਜਿਹਾ ਚੰਗਾ ਲੱਗਦਾ ਹੈ। ਉਹ ਅਣਖੀ ਵਿਅਕਤੀ ਹੈ ਅਤੇ ਆਪਣੀ ਪਛਾਣ ਬਦਲ ਕੇ ਉਹ ਕੈਨੇਡਾ ਦਾ ਰਾਸ਼ਟਰੀ ਨੇਤਾ ਨਹੀਂ ਬਣਨਾ ਚਾਹੇਗਾ। ਜੇਕਰ ਕੈਨੇਡਾ ਦੇ ਲੋਕ ਚਾਹੁੰਣਗੇ, ਤਾਂ ਉਸ ਨੂੰ ਇਉਂ ਹੀ ਸਵੀਕਾਰ ਕਰਨਗੇ। ਕੈਨੇਡਾ ਦੇ ਲੋਕ ਉਸ ਦੀਆਂ ਨੀਤੀਆਂ ਅਤੇ ਸਿਆਸੀ ਪਹੁੰਚ ਨੂੰ ਆਧਾਰ ਬਣਾ ਕੇ ਹੀ ਫੈਸਲਾ ਕਰਨਗੇ, ਨਾ ਕਿ ਉਸ ਦੇ ਸਰੂਪ ਅਤੇ ਪਹਿਰਾਵੇ ਕਾਰਨ ਉਸ ਨਕਾਰਨਗੇ। ਜਗਮੀਤ ਸਿੰਘ ਦੀ ਸੋਚ ਸਹੀ ਸਾਬਿਤ ਹੋਈ ਤੇ ਕੈਨੇਡਾ ਵਾਸੀਆਂ ਨੇ ਉਸ ਨੂੰ ਉਵੇਂ-ਜਿਵੇਂ ਨਾ ਸਿਰਫ ਪ੍ਰਵਾਨ ਹੀ ਕੀਤਾ, ਸਗੋਂ ਕੈਨੇਡਾ ਦੇ ਇਤਿਹਾਸ ਵਿਚ ਕਿਸੇ ਨੈਸ਼ਨਲ ਪਾਰਟੀ ਦਾ ਗੈਰ-ਗੋਰਾ ਕੌਮੀ ਨੇਤਾ ਵੀ ਬਣਾ ਦਿੱਤਾ। ਇਹ ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ 'ਚ ਵਸਦੇ ਲੋਕਾਂ ਦੀ ਮਹਾਨ ਸੋਚ ਦਾ ਨਤੀਜਾ ਹੀ ਸੀ ਕਿ ਜਿੱਥੇ ਵਿਅਕਤੀ ਦੇ ਪਰਵਾਸੀ ਪਿਛੋਕੜ, ਧਰਮ, ਪਹਿਰਾਵੇ ਅਤੇ ਬੋਲੀ ਦੇ ਵਖਰੇਵੇਂ ਕਾਰਨ ਉਸ ਨੂੰ ਨਕਾਰਨ ਦੀ ਥਾਂ, ਉਸ ਦੀ ਸੂਝ-ਬੂਝ, ਵਿਚਾਰਾਂ, ਨੀਤੀਆਂ, ਦੂਰ ਅੰਦੇਸ਼ੀ ਅਤੇ ਲੀਡਰਸ਼ਿਪ ਨਿਪੁੰਨਤਾ ਕਰਕੇ ਸਵਿਕਾਰ ਕੀਤਾ ਗਿਆ ਹੋਵੇ।

ਪੰਜਾਬ ਦੇ ਠੀਕਰੀਵਾਲ ਪਿੰਡ ਤੋਂ ਸ਼ਹੀਦ ਸੇਵਾ ਸਿੰਘ ਠੀਕਰੀਵਾਲ ਦੇ ਸਕਿਆਂ ਦੇ ਪਰਿਵਾਰ ਦੀ ਚੌਥੀ ਪੀੜ੍ਹੀ ਨਾਲ ਸਬੰਧਤ, 40 ਸਾਲਾ ਜਗਮੀਤ ਸਿੰਘ ਅੰਦਰ ਵੀ ਸਰਮਾਏਦਾਰੀ ਢਾਂਚੇ ਅਤੇ ਰਜਵਾੜਾਸ਼ਾਹੀ ਖਿਲਾਫ ਬੇਬਾਕੀ ਨਾਲ ਲੜਨ ਦੀ ਭਾਵਨਾ ਝਲਕਦੀ ਹੈ। ਵਕਾਲਤ 'ਚ ਸਫਲ ਰਹਿਣ ਵਾਲਾ ਇਹ ਨੌਜਵਾਨ ਸੰਨ 2011 ਵਿਚ ਪਹਿਲੀ ਵਾਰ ਉਂਟਾਰੀਓ ਵਿਧਾਨ ਸਭਾ 'ਚ ਵਿਧਾਇਕ ਬਣਿਆ ਅਤੇ ਮਗਰੋਂ ਸੂਬਾਈ ਨਿਊ ਡੈਮੋਕਰੇਟਿਕ ਪਾਰਟੀ ਦਾ ਉਪ -ਨੇਤਾ ਚੁਣਿਆ ਗਿਆ। ਉਸ ਦੇ ਅਗਾਂਹ ਵਧੂ ਜਜ਼ਬੇ, ਸਖਤ ਚੁਣੌਤੀਆਂ ਨਾਲ ਟੱਕਰ ਲੈਣ ਦੇ ਦ੍ਰਿੜ ਇਰਾਦੇ ਅਤੇ ਸਿਆਸੀ ਨਿਪੁੰਨਤਾ ਨੇ 1 ਅਕਤੂਬਰ 2017 ਨੂੰ ਜਗਮੀਤ ਸਿੰਘ ਨੂੰ ਐਨਡੀਪੀ. ਦਾ ਕੌਮੀ ਆਗੂ ਬਣਾ ਦਿੱਤਾ। ਗੌਰ ਕਰਨ ਵਾਲੀ ਗੱਲ ਇਹ ਹੈ ਕਿ ਕਿਸੇ ਰਾਸ਼ਟਰੀ ਪਾਰਟੀ ਦਾ ਆਗੂ ਕੈਨੇਡਾ ਦੀਆਂ ਫੈਡਰਲ ਚੋਣਾਂ 'ਚ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਹੁੰਦਾ ਹੈ ਤੇ ਚੋਣਾਂ ਵੇਲੇ ਕੌਮੀ ਪੱਧਰ ਦੀਆਂ ਬਹਿਸਾਂ 'ਚ ਸ਼ਾਮਲ ਹੁੰਦਾ ਹੈ। ਜਗਮੀਤ ਸਿੰਘ ਪਾਰਟੀ ਆਗੂ ਬਣਨ ਸਮੇਂ ਕੈਨੇਡਾ ਦੀ ਪਾਰਲੀਮੈਂਟ ਹਾਊਸ ਆਫ ਕਾਮਨਜ਼ ਦਾ ਮੈਂਬਰ ਨਹੀਂ ਸੀ, ਜਿਸ ਕਾਰਨ ਉਸ ਨੇ ਬ੍ਰਿਟਿਸ਼ ਕੋਲੰਬੀਆ ਦੇ ਬਰਨਬੀ ਸਾਊਥ ਹਲਕੇ ਤੋਂ ਚੋਣ ਲੜੀ।

ਚਾਹੇ ਕੈਨੇਡਾ 'ਚ ਸਮੇਂ-ਸਮੇਂ ਜ਼ਿਮਨੀ ਚੋਣਾਂ ਹੁੰਦੀਆਂ ਰਹਿੰਦੀਆਂ ਹਨ ਪਰ 25 ਫਰਵਰੀ ਨੂੰ ਹੋਈ ਇਸ ਚੋਣ ਦਾ ਮਹੱਤਵ ਕੁਝ ਵੱਖਰਾ ਹੀ ਸੀ। ਇਕ ਪਾਸੇ ਕਿਸੇ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਉਮੀਦਵਾਰ ਕੈਨੇਡਾ ਦੀਆਂ ਬਹੁ-ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਸਤਿਕਾਰ ਕਰਦਾ ਹੋਇਆ, ਹਰ ਸ਼ਬਦ ਤੋਲ-ਤੋਲ ਕੇ ਬੋਲ ਰਿਹਾ ਸੀ, ਦੂਜੇ ਪਾਸੇ ਸੱਜੇ ਪੱਖੀ ਤਾਕਤਾਂ ਨਸਲੀ ਪੱਤਾ ਖੇਡਦਿਆਂ ਅਤੇ ਅਤਿ ਨੀਵੇਂ ਦਰਜੇ ਦੀ ਸਿਆਸਤ ਕਰਦਿਆਂ ਕੈਨੇਡਾ ਦੇ ਮਲਟੀ-ਕਲਚਰਲਿਜ਼ਮ ਨੂੰ ਢਾਹ ਲਾ ਰਹੀਆਂ ਸਨ। ਚੋਣ ਪ੍ਰਚਾਰ ਸ਼ੁਰੂ ਹੁੰਦਿਆਂ ਸਾਰ ਲਿਬਰਲ ਉਮੀਦਵਾਰ ਕੈਰੇਨ ਵਾਂਗ ਨੇ ਬਿਆਨ ਦਾਗਿਆ ਕਿ ਬਰਨਬੀ ਹਲਕੇ 'ਚ ਵਸਦੇ ਚੀਨੀ ਮੂਲ ਦੇ ਲੋਕ ਉਸ ਨੂੰ ਹੀ ਜਿਤਾਉਣ, ਕਿਉਂਕਿ ਉਹ ਉਨ੍ਹਾਂ ਵਿਚੋਂ ਹੀ ਹੈ। ਇਸ ਕਾਰਨ ਹੀ ਵਾਂਗ ਨੂੰ ਮਗਰੋਂ ਅਸਤੀਫਾ ਵੀ ਦੇਣਾ ਪਿਆ। ਕਨਜ਼ਰਵੇਟਿਵ ਉਮੀਦਵਾਰ ਜੇ ਸ਼ਿਨ ਨੇ ਤਾਂ ਉਸ ਸਮੇਂ ਸਾਰੀਆਂ ਹੀ ਹੱਦਾਂ ਪਾਰ ਕਰ ਦਿੱਤੀਆਂ, ਜਦੋਂ ਉਸ ਨੇ ਜਗਮੀਤ ਸਿੰਘ ਖਿਲਾਫ ਭੱਦੇ ਪੋਸਟਰ ਛਾਪੇ ਤੇ ਲਿਖਿਆ ਕਿ ਜਗਮੀਤ ਸਿੰਘ ਨੂੰ ਹਰਾ ਕੇ ਐਨਡੀਪੀ. ਨੂੰ 'ਨਵਾਂ ਲੀਡਰ' ਦਿੱਤਾ ਜਾਵੇ। ਸੱਜੇ ਪੱਖੀ ਕਨਜ਼ਰਵੇਟਿਵ ਪਾਰਟੀ ਦੇ ਆਗੂ ਐਂਡਰੀਊ ਸ਼ੀਅਰ, ਉਸ ਦੇ ਕਿਸੇ ਵੀ ਭਾਰਤੀ ਮੂਲ ਦੇ ਮੈਂਬਰ ਜਾਂ ਅਗਲੀਆਂ ਫੈਡਰਲ ਚੋਣਾਂ ਦੇ ਬਣੇ ਉਮੀਦਵਾਰ ਨੇ ਅਜਿਹੇ ਪੋਸਟਰਾਂ ਦਾ ਵਿਰੋਧ ਨਾ ਕੀਤਾ ਸਗੋਂ ਟੋਰੀ ਐਮਪੀ ਦੀਪਕ ਉਬਰਾਏ ਦੀ ਹਮਾਇਤ ਨਾਲ ਉਸ ਨੂੰ ਬਰਨਬੀ ਦੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੰਦਰ 'ਚ ਸੱਦ ਕੇ ਖੁੱਲ੍ਹਾ ਸਮਰਥਨ ਦਿੱਤਾ ਗਿਆ।

ਚਾਹੇ ਜਗਮੀਤ ਸਿੰਘ ਨੇ ਚੋਣ ਪ੍ਰਚਾਰ ਦੌਰਾਨ ਆਪਣਾ ਧਿਆਨ ਕੈਨੇਡਾ ਦੀਆਂ ਸਿਹਤ ਸੇਵਾਵਾਂ, ਆਰਥਿਕ ਢਾਂਚੇ, ਕਰ ਨੀਤੀ, ਵਿਦਿਅਕ ਪਾਸਾਰ ਅਤੇ ਲੋਕਾਂ ਦੀ ਬਰਾਬਰਤਾ ਆਦਿ ਮੁੱਦਿਆਂ 'ਤੇ ਰੱਖਿਆ ਪਰ ਫਾਸ਼ੀਵਾਦੀ ਤੇ ਨਸਲਵਾਦੀ ਤਾਕਤਾਂ ਨੇ ਉਸ ਨੂੰ ਉਸ ਦੀ ਪਛਾਣ, ਪਰਵਾਸੀ ਪਿਛੋਕੜ ਅਤੇ ਧਰਮ-ਰੰਗ 'ਤੇ ਹਮਲੇ ਕਰਦਿਆਂ ਭੰਡਣ ਦੀ ਹਰ ਕੋਸ਼ਿਸ਼ ਕੀਤੀ। ਟੋਰੀਆਂ ਨੇ ਤਾਂ ਸੀਰੀਆ ਦੇ ਰਫਿਊਜ਼ੀ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਲਿਬਰਲ ਪਾਰਟੀ ਦੇ ਆਗੂ ਜਸਟਿਨ ਟਰੂਡੋ ਨੂੰ ਵੀ ਨਾ ਸਿਰਫ ਨਿੰਦਿਆ, ਬਲਕਿ ਗੋਰਿਆਂ, ਚੀਨੀਆਂ, ਮੁਸਲਮਾਨਾਂ ਤੇ ਹੋਰਨਾਂ 'ਚ ਪਾੜਾ ਪਾਉਣ ਦਾ ਪੱਤਾ ਵੀ ਖੇਡਿਆ। ਜਗਮੀਤ ਸਿੰਘ ਦੀ ਚੋਣ ਮੁਹਿੰਮ ਨੂੰ ਤਾਰਪੀਡੋ ਕਰਨ ਲਈ ਉਸ ਦੀ ਆਲੋਚਨਾ ਕੈਨੇਡਾ ਦੀਆਂ ਸੱਜੇ ਪੱਖੀ ਤਾਕਤਾਂ ਤੋਂ ਇਲਾਵਾ ਭਾਰਤ ਨਾਲ ਸਬੰਧਤ ਫਾਸ਼ੀਵਾਦੀ ਤਾਕਤਾਂ ਨੇ ਵੀ ਖੁੱਲ੍ਹ ਕੇ ਕੀਤੀ। ਇਸ ਦਾ ਮੁੱਖ ਕਾਰਨ ਇਹ ਸੀ ਕਿ ਜਗਮੀਤ ਸਿੰਘ ਨੇ ਸੰਨ 2011 ਤੋਂ ਹੀ ਸਿੱਖ ਨਸਲਕੁਸ਼ੀ ਸਬੰਧੀ ਮਤੇ ਦੀ ਖੁੱਲ੍ਹ ਕੇ ਹਮਾਇਤ ਹੀ ਨਹੀਂ ਕੀਤੀ, ਸਗੋਂ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇਣ ਲਈ ਸਰਕਾਰਾਂ ਨੂੰ ਜ਼ਿੰਮੇਵਾਰ ਵੀ ਠਹਿਰਾਇਆ। ਉਸ ਨੇ ਮਨੁੱਖੀ ਅਧਿਕਾਰਾਂ ਦੇ ਮੁੱਦੇ 'ਤੇ ਘੱਟ ਗਿਣਤੀਆਂ, ਦਲਿਤਾਂ ਤੇ ਔਰਤਾਂ 'ਤੇ ਹੁੰਦੇ ਜ਼ੁਲਮ ਦੀ ਵੀ ਨਿਖੇਧੀ ਕੀਤੀ । ਇਸ ਕਾਰਨ ਹੀ ਭਾਰਤ ਅਤੇ ਪੰਜਾਬ ਦੇ ਸੱਤਾਧਾਰੀ ਆਗੂਆਂ ਵੱਲੋਂ ਜਗਮੀਤ ਸਿੰਘ ਦਾ ਲਗਾਤਾਰ ਵਿਰੋਧ ਵੀ ਹੁੰਦਾ ਆ ਰਿਹਾ ਹੈ। ਸਿਤਮਜ਼ਰੀਫੀ ਇਹ ਹੈ ਕਿ ਇਕ ਪਾਸੇ ਕੈਨੇਡਾ ਨੇ ਪਰਵਾਸੀ ਭਾਰਤੀ ਮੂਲ ਦੇ ਪਿਛੋਕੜ ਵਾਲੇ ਨੌਜਵਾਨ ਨੂੰ ਰਾਸ਼ਟਰੀ ਪਾਰਟੀ ਦਾ ਨੇਤਾ ਚੁਣਿਆ, ਦੂਜੇ ਪਾਸੇ ਕੈਨੇਡਾ ਦੇ ਜੰਮਪਲ ਜਗਮੀਤ ਸਿੰਘ ਨੂੰ ਭਾਰਤ ਦਾ ਵੀਜ਼ਾ ਦੇਣ 'ਤੇ ਪਾਬੰਦੀ ਲਾ ਦਿੱਤੀ ਗਈ। ਇਨ੍ਹਾਂ ਚੋਣਾਂ ਵਿਚ ਹੋਰ ਵੀ ਕਈ ਅਜਿਹੀਆਂ ਘਟਨਾਵਾਂ ਹੋਈਆਂ, ਜਿਹੜੀਆਂ ਜਗਮੀਤ ਸਿੰਘ ਨੂੰ ਹਰ

ਬਾਕੀ ਸਫ਼ਾ 28 'ਤੇ

# ਹਿੰਦੁਸਤਾਨ ’ਚ ਦੇਸ਼-ਭਗਤੀ ਦੇ ਬਦਲਦੇ ਮਾਅਨੇ

**ਰਾਮਚੰਦਰ ਗੁਹਾ**

ਜੌਰਜ ਓਰਵੈੱਲ ਨੇ ਸੰਨ 1940 ਵਿਚ ਇਕ ਲੇਖ ਲਿਖਿਆ ਸੀ ‘ਮੇਰਾ ਮੁਲਕ ਸੱਜੇ ਜਾਂ ਖੱਬੇ’। ਉਦੋਂ ਬਰਤਾਨੀਆ ਤੇ ਜਰਮਨੀ ਦੂਜੀ



ਸੰਸਾਰ ਜੰਗ ਵਿਚ ਉਲਝੇ ਹੋਏ ਸਨ। ਲੁਫ਼ਤਵਫ਼ (ਜਰਮਨੀ ਦੀ ਹਵਾਈ ਫ਼ੌਜ) ਵੱਲੋਂ ਲੰਡਨ ‘ਤੇ ਹਮਲੇ ਕੀਤੇ ਜਾ ਰਹੇ ਸਨ ਅਤੇ ਇਸ ਦੌਰਾਨ ਇਸ ਬੇਲਾਗ ਤੇ ਸੰਦੇਹਵਾਦੀ ਲੇਖਕ ਅੰਦਰੋਂ ਜਜ਼ਬਾਤੀ ਤੇ ਸਮਰਪਤ ਦੇਸ਼ਭਗਤ ਨਿਕਲ ਕੇ ਬਾਹਰ ਆ ਰਿਹਾ ਸੀ। ਲੇਖ ਵਿਚ ਓਰਵੈੱਲ ਨੇ ਉਸ ‘ਕਾਣੇ ਸ਼ਾਂਤੀਵਾਦ’ ਦੇ ਪਾਜ ਉਘੇੜੇ ਜਿਸ ਦਾ ਖੱਬੀ ਧਿਰ ਦੇ ਬੁੱਧੀਜੀਵੀ ਵਰਗ ਦਾ ਇਕ ਹਿੱਸਾ ਉਦੋਂ ਸ਼ਿਕਾਰ ਸੀ। ਇਸ ਤੋਂ ਪਹਿਲਾਂ ਸਮਾਜਵਾਦੀ ਹੋਣ ਨਾਤੇ ਓਰਵੈੱਲ ਨੇ ਲੋਕਾਂ ਨੂੰ ਜੰਗ ਦੇ ਭਿਆਨਕ ਸਿੱਟਿਆਂ ਬਾਰੇ ਖ਼ਬਰਦਾਰ ਕੀਤਾ ਸੀ ਅਤੇ ਜੰਗ ਤੋਂ ਬਚਣ ਤੇ ਨਰਮ-ਖ਼ਿਆਲ ਹੋਣ ਦੀ ਲੋੜ ਦੇ ਪੱਖ ‘ਚ ਭਾਰੀ ਪ੍ਰਚਾਰ ਕੀਤਾ ਸੀ। ਜਦੋਂ ਦੁਸ਼ਮਣੀਆਂ ਵਧ ਗਈਆਂ ਤਾਂ ਓਰਵੈੱਲ ਨੇ ਫ਼ੌਰੀ ਤਸਲੀਮ ਕੀਤਾ ਕਿ ਉਹ ‘ਦਿਲੋਂ ਦੇਸ਼ਭਗਤ ਸੀ ਤੇ ਉਹ ਆਪਣੇ ਦੇਸ਼ ਦੀ ਮੁਹਿੰਮ ਨੂੰ ਨਾ ਸਾਬੋਤਾਜ ਕਰੇਗਾ ਤੇ ਨਾ ਇਸ ਖ਼ਿਲਾਫ਼ ਕੰਮ ਕਰੇਗਾ ਸਗੋਂ ਜੰਗ ਦੀ ਹਮਾਇਤ ਕਰੇਗਾ ਅਤੇ ਲੋੜ ਪਈ ਤਾਂ ਮੈਦਾਨ-ਏ-ਜੰਗ ਵਿਚ ਜਾ ਕੇ ਲੜੇਗਾ ਵੀ’। ਉਸ ਨੇ ਇੱਥੋਂ ਤਕ ਲਿਖਿਆ ਕਿ ਉਸ ਵੇਲੇ ਦੀ ਟੋਰੀ ਸਰਕਾਰ ਨੂੰ ‘ਮੇਰੀ ਵਫ਼ਾਦਾਰੀ ਦਾ ਯਕੀਨ’ ਸੀ।

ਇਸ ਤੋਂ ਛੇ ਵਰ੍ਹੇ ਬਾਅਦ ਨਾਜ਼ੀ ਹਾਰ ਚੁੱਕੇ ਸਨ ਅਤੇ ਉਸ ਦੇ ਮੁਲਕ ਸਣੇ ਸਾਰੇ ਸੰਸਾਰ ਵਿਚ ਅਮਨ ਪਰਤ ਆਇਆ ਸੀ ਤਾਂ ਓਰਵੈੱਲ ਨੇ ਇਕ ਹੋਰ ਲੇਖ ਲਿਖਿਆ ਜਿਸ ਦਾ ਸਿਰਲੇਖ ਸੀ ‘ਮੈਂ ਲਿਖਦਾ ਕਿਉਂ ਹਾਂ’। ਇਸ ‘ਚ ਉਸ ਨੇ ਇਸ ਦੇ ਚਾਰ ਕਾਰਨ ਦੱਸੇ ਹਨ ਕਿ ਕੋਈ ਵਿਅਕਤੀ ਕਿਉਂ ਕਿਤਾਬਾਂ ਤੇ ਲੇਖ ਆਦਿ ਲਿਖਣ ਦੇ ਰਾਹ ਪੈਂਦਾ ਹੈ। ਇਹ ਕਾਰਨ ਸਨ- ‘ਖ਼ਾਲਸ ਆਕੜ’, ‘ਸੁਹਜਵਾਦੀ ਉਤਸ਼ਾਹ’, ‘ਇਤਿਹਾਸਕ ਵੇਗ’ ਅਤੇ ‘ਸਿਆਸੀ ਮਕਸਦ’। ਆਪਣੀ ਲੇਖਣੀ ਬਾਰੇ ਉਹ ਆਖਦਾ ਹੈ: “ਜਦੋਂ ਮੈਂ ਕਿਤਾਬ ਲਿਖਣ ਬੈਠਦਾ ਹਾਂ, ਮੈਂ ਆਪਣੇ ਆਪ ਨੂੰ ਇਹ ਨਹੀਂ ਆਖਦਾ, ‘ਮੈਂ ਕਲਾ ਦਾ ਕੋਈ ਰੂਪ ਸਿਰਜਣ ਜਾ ਰਿਹਾ ਹਾਂ।‘ ਸਗੋਂ ਮੈਂ ਇਸ ਕਾਰਨ ਲਿਖਦਾ ਹਾਂ ਕਿਉਂਕਿ ਮੈਂ ਕਿਸੇ ਝੂਠ ਦਾ ਪਰਦਾਫ਼ਾਸ਼ ਕਰਨਾ ਚਾਹੁੰਦਾ ਹਾਂ, ਕਿਸੇ ਤੱਥ ਵੱਲ ਧਿਆਨ ਖਿੱਚਣਾ ਚਾਹੁੰਦਾ ਹਾਂ।”

ਹਿੰਦੋਸਤਾਨ ਲਈ ਅੱਜ ਕਿਹੜਾ ਓਰਵੈੱਲ ਜ਼ਿਆਦਾ ਪ੍ਰਸੰਗਿਕ ਹੈ, ਅਤਿ-ਦੇਸ਼ ਭਗਤ ਜਾਂ ਸੱਚਾਈ ਬਿਆਨ ਕਰਨ ਵਾਲਾ? ਕੀ ਲੇਖਕ, ਰਿਪੋਰਟਰ, ਸੰਪਾਦਕ ਅਤੇ ਟੀਵੀ ਐਂਕਰ ਨੂੰ ਮੌਕੇ ਦੀ ਸਰਕਾਰ ਦੇ ਹੱਕ ਵਿਚ ਡਟ ਕੇ ਖੜ੍ਹ ਜਾਣਾ ਚਾਹੀਦਾ ਹੈ, ਜਾਂ ਉਹ ਉਨ੍ਹਾਂ ਤੱਥਾਂ ਨੂੰ ਜੱਗ ਜ਼ਾਹਰ ਕਰੇ ਜਿਨ੍ਹਾਂ ਨੂੰ ਸਰਕਾਰ ਦਬਾਉਣਾ ਚਾਹੁੰਦੀ ਹੋਵੇ ਅਤੇ ਉਨ੍ਹਾਂ ਝੂਠਾਂ ਦਾ ਪਰਦਾਫ਼ਾਸ਼ ਕਰੇ ਜਿਨ੍ਹਾਂ ਨੂੰ ਸਰਕਾਰ ਹੁਲਾਰਾ ਦੇ ਰਹੀ ਹੋਵੇ?

ਜੇ ਮੈਂ ਆਪਣੀ ਗੱਲ ਕਰਾਂ ਤਾਂ ਜਦੋਂ ਪੁਲਵਾਮਾ ਹਮਲਾ ਹੋਇਆ, ਮੇਰੇ ਅੰਦਰਲਾ ਦੇਸ਼ਭਗਤ ਦੁਖੀ ਹੋਇਆ, ਹਿੱਲਿਆ ਅਤੇ ਗੁੱਸੇ ‘ਚ ਆਇਆ। ਮੈਂ ਧੁਰ ਅੰਦਰੋਂ ਪਾਕਿਸਤਾਨ ਅਤੇ ਇਸ ਵੱਲੋਂ ਸਿਰਜੇ ਦਹਿਸ਼ਤੀ ਢਾਂਚੇ ਨੂੰ ਮੁਆਫ਼ ਕਰਨ ਲਈ ਤਿਆਰ ਨਹੀਂ ਸਾਂ। ਮੈਨੂੰ ਇਸ ਗੱਲ ਦੀ ਤਸੱਲੀ ਹੋਈ ਕਿ ਇਸ ਹਮਲੇ ਦੀ ਦੁਨੀਆ ਭਰ ‘ਚੋਂ ਜ਼ੋਰਦਾਰ ਨਿਖੇਧੀ ਹੋ ਰਹੀ ਸੀ, ਖ਼ਾਸਕਰ ਉਨ੍ਹਾਂ ਮੁਲਕਾਂ ਵੱਲੋਂ ਵੀ ਜਿਹੜੇ ਕਦੇ ਇਸਲਾਮਾਬਾਦ ਦੇ ਨੇੜੇ ਸਮਝੇ ਜਾਂਦੇ ਸਨ, ਜਿਵੇਂ ਅਮਰੀਕਾ। ਜਦੋਂ ਇਸ ਖ਼ਿਲਾਫ਼ ਭਾਰਤੀ ਹਵਾਈ ਫ਼ੌਜ ਨੇ ਕਾਰਵਾਈ ਕੀਤੀ ਤਾਂ ਮੈਨੂੰ ਸਹੀ ਲੱਗੀ। ਭਾਰਤੀ ਸਰਕਾਰ ਵੱਲੋਂ 26/11 ਮੌਕੇ ਰੱਖਿਆ ਗਿਆ ਜ਼ਬਤ ਪਾਕਿਸਤਾਨ ਨੂੰ ਸੰਸਾਰ ਦੀਆਂ ਨਜ਼ਰਾਂ ਵਿਚ ਸ਼ਰਮਿੰਦਾ ਕਰਨ ਲਈ ਸੀ। ਪਰ ਸਾਫ਼ ਹੈ ਕਿ ਗੁਆਂਢੀ



ਮੁਲਕ ਅਤੇ ਉੱਥੋਂ ਦੀ ਸਰਕਾਰ ਚਲਾਉਣ ਵਾਲਿਆਂ ਨੂੰ ਕੋਈ ਸ਼ਰਮ ਲਿਹਾਜ਼ ਨਹੀਂ। ਇਸ ਤੋਂ ਇਕ ਦਹਾਕੇ ਬਾਅਦ, ਜਦੋਂ ਪਾਕਿਸਤਾਨ ਵੱਲੋਂ ਭਾਰਤ ਖਿਲਾਫ਼ ਦਹਿਸ਼ਤਗਰਦੀ ਨੂੰ ਸ਼ਹਿ ਦੇਣੀ ਬੇਰੋਕ ਜਾਰੀ ਹੈ, ਤਾਂ ਜੈਸ਼-ਏ-ਮੁਹੰਮਦ ਦੇ ਬਾਲਾਕੋਟ ਕੈਂਪ ਉੱਤੇ ਭਾਰਤ ਵੱਲੋਂ ਕੀਤਾ ਹਵਾਈ ਹਮਲਾ ਮੈਨੂੰ ਵਾਜਬ ਜਾਪਿਆ।

ਇਸ ਦੇ ਬਾਵਜੂਦ, ਮੈਂ ਦੇਖਿਆ ਕਿ ਮੈਨੂੰ ਪਹਿਲਾਂ ਹੀ ਪਤਾ ਹੋਣਾ ਚਾਹੀਦਾ ਸੀ; ਕਿ ਸਾਲ 2019 ਦਾ ਭਾਰਤ ਅਸਲ ਵਿਚ ਸੰਨ 1940 ਵਾਲਾ ਬਰਤਾਨੀਆ ਨਹੀਂ ਹੈ। ਇਕ ਕਾਰਨ ਇਹ ਹੈ ਕਿ ਅਸੀਂ ਮੁਕੰਮਲ ਜੰਗ ਨਹੀਂ ਸਾਂ ਲੜ ਰਹੇ ਸਗੋਂ ਇਹ ਛੋਟੀ ਪੱਧਰ ਦਾ ਟਕਰਾਅ ਸੀ। ਦੂਜਾ, ਦੇਸ਼ ਦੀਆਂ ਆਮ ਚੋਣਾਂ ਸਿਰ ‘ਤੇ ਹਨ ਜਿਸ ਦਾ ਮਤਲਬ ਹੈ ਕਿ ਨਵੀਂ ਦਿੱਲੀ ਦੀ ਸੱਤਾਧਾਰੀ ਸਰਕਾਰ ਇਸ ਟਕਰਾਅ ਵੱਲ ਇਕ ਪੱਖ ਤੋਂ ਇਉਂ ਦੇਖ ਰਹੀ ਹੋਵੇਗੀ ਕਿ ਇਹ ਭਾਰਤ ਲਈ ਕੀ ਅਹਿਮੀਅਤ ਰੱਖਦਾ ਹੈ ਅਤੇ ਦੂਜੇ ਪੱਖ ਤੋਂ ਇਉਂ ਕਿ ਇਸ ਦੀ ਭਾਜਪਾ ਦੇ ਸੱਤਾ ‘ਤੇ ਮੁੜ ਕਾਬਜ਼ ਹੋਣ ਦੀਆਂ ਸੰਭਾਵਨਵਾਂ ਪੱਖੋਂ ਕੀ ਅਹਿਮੀਅਤ ਹੈ।

ਪੁਲਵਾਮਾ ਦਹਿਸ਼ਤੀ ਹਮਲੇ ਦੀ ਪੱਖਪਾਤੀ ਦੁਰਵਰਤੋਂ ਹੋਣ ਨੂੰ ਦੇਰ ਨਹੀਂ ਲੱਗੀ। ਭਾਜਪਾ ਦੇ ਐਮਪੀ ਤੇ ਕੇਂਦਰੀ ਮੰਤਰੀ ਹਮਲੇ ਦੇ ਸ਼ਹੀਦਾਂ ਦੇ ਜੱਦੀ ਜ਼ਿਲ੍ਹਿਆਂ ਵਿਚ ਫੌਰੀ ਜਾ ਪੁੱਜੇ ਅਤੇ ਸ਼ਹੀਦਾਂ ਦੀਆਂ ਅਰਥੀਆਂ ਨਾਲ ਸੈਲਫ਼ੀਆਂ ਲੈਂਦੇ ਦਿਖਾਈ ਦਿੱਤੇ। ਭਾਜਪਾ ਵੱਲੋਂ ਨਿਯੁਕਤ ਇਕ ਰਾਜਪਾਲ ਅਜਿਹਾ ਟਵੀਟ ਅਤੇ ਭਾਜਪਾ ਪ੍ਰਧਾਨ ਅਜਿਹੀ ਤਕਰੀਰ ਕਰਦਾ ਸੁਣਾਈ ਦਿੱਤਾ ਜਿਨ੍ਹਾਂ ਰਾਹੀਂ ਕਸ਼ਮੀਰ ਨੂੰ ਬਾਕੀ ਭਾਰਤ ਦਾ ਵੈਰੀ ਦੱਸਿਆ ਜਾ ਰਿਹਾ ਸੀ ਤਾਂ ਕਿ ਬਹੁਗਿਣਤੀ ਭਾਈਚਾਰੇ ਦਾ ਧਰੁਵੀਕਰਨ ਹਾਕਮ ਪਾਰਟੀ ਦੇ ਹੱਕ ਵਿਚ ਕੀਤਾ ਜਾ ਸਕੇ। ਇਸ ਦੇ ਨਾਲ ਹੀ ਹਮਲੇ ਤੋਂ ਮਹਿਜ਼ ਦਸ ਦਿਨ ਬਾਅਦ ਕੌਮੀ ਜੰਗੀ ਯਾਦਗਾਰ ਦਾ ਉਦਘਾਟਨ ਹੋਣ ਵਾਲਾ ਸੀ; ਜੋ ਕੌਮੀ ਇਕਮੁੱਠਤਾ ਦੇ ਪ੍ਰਗਟਾਵੇ ਦਾ ਸੁਨਹਿਰੀ ਮੌਕਾ ਸੀ, ਬਸ਼ਰਤੇ ਹਾਕਮ ਪਾਰਟੀ ਇਸ ਨੂੰ ਇੰਝ ਨਾ ਦੇਖਦੀ ਹੋਵੇ। ਇਸ ਦੌਰਾਨ ਇਕ ਸੀਨੀਅਰ ਕੈਬਨਿਟ ਮੰਤਰੀ ਨੇ ਆਪਣੇ ਬੌਸ (ਪ੍ਰਧਾਨ ਮੰਤਰੀ) ਦੀ ਖ਼ੁਸ਼ਨੂਦੀ ਹਾਸਲ ਕਰਨ ਲਈ ਇੱਥੋਂ ਤਕ ਟਵੀਟ ਕੀਤਾ: ‘ਕੌਮ ਨੂੰ ਭਾਰਤ ਦੀ ਪਹਿਲੀ ਕੌਮੀ ਜੰਗੀ ਯਾਦਗਾਰ ਨੂੰ ਸਾਕਾਰ ਰੂਪ ਦੇਣ ਲਈ 70 ਸਾਲ ਲੱਗ ਗਏ ਤੇ ਅਜਿਹਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਇਆ।‘ ਇੰਨਾ ਹੀ ਨਹੀਂ ਖ਼ੁਦ ਪ੍ਰਧਾਨ ਮੰਤਰੀ ਨੇ ਵੀ ਉਦਘਾਟਨ ਦੇ ਮੌਕੇ ਨੂੰ ਕਾਂਗਰਸ ਤੇ ਇਸ ਦੇ ਮੋਹਰੀ ਪਰਿਵਾਰ ਉੱਤੇ ਹਮਲਾ ਕਰਨ ਲਈ ਵਰਤਿਆ। ਉਨ੍ਹਾਂ ਇਹ ਜਚਾਉਣ ਦੀ ਕੋਸ਼ਿਸ਼ ਕੀਤੀ ਕਿ ਸਿਰਫ਼ ਉਨ੍ਹਾਂ ਅਤੇ ਉਨ੍ਹਾਂ ਦੀ ਪਾਰਟੀ ਨੇ ਹੀ ਮੁਲਕ ਨੂੰ ਸੁਰੱਖਿਆ ਦਾ ਅਹਿਸਾਸ ਕਰਾਉਣ ਲਈ ਕੁਝ ਕੀਤਾ ਹੈ।

ਦਹਿਸ਼ਤ ਦੇ ਵਡੇਰੇ ਸੰਦਰਭ ਅਤੇ ਪਾਕਿਸਤਾਨ ਨਾਲ ਸੰਭਵ ਜੰਗ ਦੇ ਮੰਡਰਾਉਂਦੇ ਖ਼ਤਰੇ ਦੇ ਮੱਦੇਨਜ਼ਰ ਇਹ ਸਾਰਾ ਕੁਝ ਬਹੁਤ ਡਰਾਉਣਾ ਤੇ ਭੱਦਾ ਸੀ। ਪਰ ਇਸ ਤੋਂ ਮਾੜੇ ਹਾਲਾਤ ਤਾਂ ਹਾਲੇ ਆਉਣੇ ਸਨ। ਭਾਰਤ ਵੱਲੋਂ 26 ਫਰਵਰੀ ਨੂੰ ਸਰਹੱਦ ਪਾਰ ਕੀਤੀ ਹਵਾਈ ਕਾਰਵਾਈ ਮਗਰੋਂ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਟਵੀਟ ਕੀਤਾ ਕਿ ‘ਅੱਜ ਦੀ ਫ਼ੌਜੀ ਕਾਰਵਾਈ ਇਸ ਗੱਲ ਨੂੰ ਹੋਰ ਪੱਕਾ ਕਰਦੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਜ਼ਬੂਤ ਤੇ ਫ਼ੈਸਲਾਕੁਨ ਅਗਵਾਈ ਹੇਠ ਭਾਰਤ ਪੂਰੀ ਤਰ੍ਹਾਂ

**ਬਾਕੀ ਸਫ਼ਾ 28 ’ਤੇ**



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

www.indiventy.com
indiventy
Indiventy Technologies




Our Services
- Website Designing
- Website Development
- Desktop Application Development
- Mobile Application Development
- Graphic Designing
- SEO (search Engine Optimiztation)

Plans

Basic website
- Website + Domain + Hosting
- Full Website with uptown 8 Pages
- 5 Social Media Handles of Choice up to 4 Branded Emails accounts with 250mb storage each
- Full Responsive Design
- SEO friendly Structure
- 200 Backlinks

$300

Custom websites
- Custom Web Solutions with Framework
- Full Responsive Design
- SEO friendly Structure
- Online Branding including logo and Graphic Support
- Virus Protection and Malware Scanning
- SSL Certificate
- 500 backlinks

Starting $500
*Request Custom Quotation

Softwares/Applications
- Android and IOS applications
- Desktop Applications
- Online Offline Softwares

Starting $500
*Request Custom Quotation

More Information: 775-293-4666



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

## ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

**1930 South Sikh Temple Street, Stockton CA 95206 (A Historical Land Mark of CA)**



## 21ਵਾਂ ਮਹਾਨ ਨਗਰ ਕੀਰਤਨ

**14 ਅਪ੍ਰੈਲ 2019 , ਦਿਨ ਐਤਵਾਰ**

**ਖ਼ਾਲਸਾ ਪੰਥ ਦੇ 321ਵੇਂ ਸਾਜਨਾ ਦਿਵਸ ਮੌਕੇ**

## ਮਹਾਨ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ 21ਵਾਂ ਮਹਾਨ ਨਗਰ ਕੀਰਤਨ 14 ਅਪ੍ਰੈਲ 2019 , ਦਿਨ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ ਜੀ। ਇਸ ਵਾਰ ਅੰਮ੍ਰਿਤ ਸੰਚਾਰ ਦਿਨ ਸ਼ਨਿਚਰਵਾਰ ਸਵੇਰੇ 13 ਅਪ੍ਰੈਲ 2019, ਗੁਰਦੁਆਰਾ ਸਾਹਿਬ ਵਿਖੇ ਹੋਵੇਗਾ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਅਰੰਭ ਹੈ ਅਤੇ ਦੀਵਾਨ 18 ਮਾਰਚ 2019 ਨੂੰ ਸ਼ਾਮ ਛੇ ਵਜੇ ਤੋਂ ਆਰੰਭ ਹੋ ਕੇ 14 ਅਪ੍ਰੈਲ 2019 ਤੱਕ ਲਗਾਤਾਰ ਚੱਲਣਗੇ, ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਸ਼ੇਰ ਸਿੰਘ ਜੀ ਅੰਬਾਲੇ ਵਾਲੇ, ਭਾਈ ਇੰਦਰਜੀਤ ਸਿੰਘ ਬੰਬੇਵਾਲੇ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਲਖਵਿੰਦਰ ਸਿੰਘ ਸੋਹਲ ਜੀ ਦਾ ਢਾਡੀ ਜਥਾ ਲਗਾਤਾਰ ਸੰਗਤਾਂ ਨੂੰ ਨਿਹਾਲ ਕਰਨਗੇ। ਭਾਈ ਜਗਮੋਹਣ ਸਿੰਘ ਜੀ ਅਤੇ ਭਾਈ ਗੁਰਸੇਵਕ ਸਿੰਘ ਜੀ ਦੇ ਹਜ਼ੂਰੀ ਜਥੇ ਵੀ ਸੰਗਤਾਂ ਨੂੰ ਨਿਹਾਲ ਕਰਨਗੇ।

**ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਸੰਪਰਕ ਕਰੋ**

ਹੈਡ ਗ੍ਰੰਥੀ ਭਾਈ ਗੁਰਸੇਵਕ ਸਿੰਘ 209-625-7500
ਸਕੱਤਰ ਭਾਈ ਦਵਿੰਦਰ ਸਿੰਘ 209-564-8899

**ਨਗਰ ਕੀਰਤਨ 'ਚ ਫਲੋਟ ਲਗਾਉਣ ਲਈ ਸੰਪਰਕ ਕਰੋ**

ਭਾਈ ਗੁਰਪ੍ਰੀਤ ਸਿੰਘ ਗਿੱਲ 209-513-8101
ਜਾਂ ਭਾਈ ਬਲਵਿੰਦਰ ਸਿੰਘ ਮਿੱਠੂ 209-456-3210
ਜਾਂ ਭਾਈ ਜਸਵਿੰਦਰ ਸਿੰਘ ਤੂਰ 209-470-6881

**ਨਗਰ ਕੀਰਤਨ 'ਚ ਸਟਾਲ ਲਗਾਉਣ ਲਈ ਸੰਪਰਕ ਕਰੋ**

ਬੀਬੀ ਸਰਬਜੀਤ ਕੌਰ : 209-430-9415
ਭਾਈ ਰਾਮ ਸਿੰਘ ਮੰਡੇਰ : 209-689-7454

**ਪਾਰਕਿੰਗ ਦੀ ਸਹੂਲਤ**

ਪਾਰਕਿੰਗ ਦੀ ਸਹੂਲਤ 1658 S. Airport Way Stockton ਵਿਖੇ ਹੋਵੇਗੀ। ਉਥੋਂ ਗੁਰਦੁਆਰਾ ਸਾਹਿਬ ਆਉਣ ਜਾਣ ਲਈ ਫਰੀ ਬੱਸ ਸਰਵਿਸ ਹੋਵੇਗੀ। ਜਿਹੜੀਆਂ ਸੜਕਾਂ 'ਤੇ ਨੋ ਪਾਰਕਿੰਗ ਸਾਈਨ ਹੋਣ ਉਥੇ ਕਾਰਾਂ ਪਾਰਕ ਨਾ ਕੀਤੀਆਂ ਜਾਣ, ਨਹੀਂ ਤਾਂ ਸਿਟੀ ਵਲੋਂ ਟੋਅ ਕਰ ਦਿੱਤੀਆਂ ਜਾਣਗੀਆਂ।

*ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁੰਮ-ਹੁਮਾ ਕੇ ਇਸ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ : ਭਾਈ ਜਸਵਿੰਦਰ ਸਿੰਘ ਗੋਰਾਇਆ 209-993-1788**
**ਸਕੱਤਰ ਭਾਈ ਦਵਿੰਦਰ ਸਿੰਘ 209-564-8899, ਖਜ਼ਾਨਚੀ ਭਾਈ ਅਮਰੀਕ ਸਿੰਘ ਵਿਰਦੀ 209-470-6321**

**ਜਾਰੀ ਕਰਤਾ : ਗੁਰਦੁਆਰਾ ਸਾਹਿਬ ਸਟਾਕਟਨ ਅਤੇ ਸਾਧ ਸੰਗਤ**

ੴ ਸਤਿਗੁਰ ਪ੍ਰਸਾਦਿ ॥

# ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ



# Homeopathicvibes



**Now we have two locations :**

940, E. El Camino Real, Sunnyvale, CA 94087

Office : (408) 737-7100 Fax: (408) 737-7102

39201 State Street, Suite 111, Fremont, CA 94538

www.homeopathicvibes.com

*We sell and ship homeopathic remedies through out North America.*

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H

*(Ex Homeopathic Medical officer Punjab Govt.)*



# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲੱਬਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

**ਸੰਪਰਕ:**
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

# Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ
**ਖੁੱਲ੍ਹ ਗਿਆ**



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



**ਸਹੂਲਤਾਂ**
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

**Free Buffet**
over 100 gallons

open 6am to midnight

**Phone: 765-478-6300**

# STEELE INSURANCE

## AGENCY INC

Grand Shield Insurance strives to offer you quality insurance coverage, a high level of professional service and a long-term relationship We'll research rates and coverage from top insurance companies to find the best insurance rates and insurance plans for you. We do the insurance shopping and comparing for you to save time and money!

- Specialize in Personal line insurance
- Auto Home life Umbrella and Commercial
- We have special discount as 20% Multi Policy Discount
- Occupational Discount 12% for Teacher, Doctors Engineers, Firefighter, RN nurse, Business Owner
- AARP membership discount 30%
- Good Students discount 3.0 GPA
- Four year College degree (Alumni) discount
- Multi car discount




- TERM LIFE
- RETURN OF PREMIUM LIFE
- UNIVERSAL LIFE
- INDEXED UNIVERSAL LIFE
- VARIABLE UNIVERSAL LIFE
- WHOLE LIFE
- ANNUITIES

**Working hard with Honesty & intergrity to protect your Financial Future**



# Ranjit Singh

**A Member of Steele Insurance Agency, Inc.**

**Insurance Broker, Lic#OH78402**

**Doing the Right Things for Our Clients and Their Families Everyday...**

**... Leads Us to Success as well as Our Company."**

Allied Insurance | FIDELITY NATIONAL INSURANCE COMPANY | CSE | MERCURY INSURANCE GROUP | FINANCIAL PACIFIC | Safeco Insurance | CNA | MetLife | Kemper | Philadelphia Insurance Companies | FOREMOST INSURANCE GROUP | The Hartford | CommerceWest Insurance | Midwest Insurance Agency | Kansas City Life | PROGRESSIVE | GeoTera Insurance | TRAVELERS | GMAC Insurance | TheZenith Workers' Compensation Specialists | PersonalUmbrella.com | ZURICH

## 17900 Murphy Park Way Lathrop, CA. 95330

**209-956-1000,Office-408-355-5700,Bay Area-888-246-1228 Fax**

**RSingh@siainc.net, www.SteeleInsuranceAgency.net**




# 22




**GET FLAT 22 CENTS DISCOUNT AT**

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**Home for Sale:**
163 Tannehill Drive, Manteca, CA 95337
4 Bedroom 3 Bath
3236 sqft home 7792 sqft lot, Built in 2003
**$475,000**



**Home for Sale:**
2165 Capistrano Street, Manteca, CA 95337
5 Bedroom 3 Bath
2939 sqft home 8084 sqft lot, Built in 2009
**$545,000**

**Home for Sale:** 1643 Langum Way, Manteca, CA 95337, 4 Bedroom 3 Bath, 2045 sqft home 7910 sqft lot
Built in 2005, Pool in backyard, Open house 03/10 11:30 AM- 3:00 PM **$432,900**

- **10 Acres commercial and Industrial lot available on West Yosemite ave Manteca listed at 3.8 Million. Permitted for truck yard, storage and repair.**
- **15 Acres industrial land available in French Camp listed at 5.1 million, prime corner lot, permitted for truck parking, truck wash, truck repair and warehousing.**
- **5 duplex under construction will be ready in September, 2019. listed at $599,000 each duplex.**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਏਅਰ ਸਟ੍ਰਾਈਕ ਤੋਂ ਬਾਅਦ ਸਿੱਧੂ ਤੇ ਹੋਰਨਾਂ ਨੇ ਮੋਦੀ ਘੇਰਿਆ

**✪ ਮਮਤਾ, ਰਾਹੁਲ, ਕਪਿਲ ਸਿੱਬਲ, ਪੀ. ਚਿਦਾਂਬਰਮ, ਦਿੱਗਵਿਜੇ ਸਿੰਘ, ਸਿੱਧੂ ਅਤੇ ਅਖਿਲੇਸ਼ ਯਾਦਵ ਆਦਿ ਨੇਤਾਵਾਂ ਨੇ ਬਾਲਾਕੋਟ ਕਾਰਵਾਈ ਦੇ ਨੁਕਸਾਨ ਦਾ ਸਬੂਤ ਮੰਗਿਆ**

ਵਿਸ਼ੇਸ ਰਿਪੋਰਟ/ਪ੍ਰੋ. ਬਲਵਿੰਦਰਪਾਲ ਸਿੰਘ

ਪਾਕਿਸਤਾਨ ਦੇ ਬਾਲਾਕੋਟ ਤੇ ਪੀਓਕੇ. ਦੇ ਚਕੋਟੀ ਤੇ ਮੁਜੱਫਰਾਬਾਦ ਸਥਿਤ ਕਥਿਤ ਅੱਤਵਾਦੀ ਕੈਂਪਾਂ 'ਤੇ ਭਾਰਤੀ ਹਵਾਈ ਫੌਜ ਦੀ ਭਾਰੀ ਬੰਬ ਵਰਖਾ ਨਾਲ ਵੱਡੀ ਗਿਣਤੀ ਵਿਚ ਜੈਸ਼ ਦੇ ਅੱਤਵਾਦੀਆਂ ਦੇ ਮਾਰੇ ਜਾਣ ਦੇ ਦਾਅਵੇ 'ਤੇ ਮੋਦੀ ਹੁਣ ਆਪਣੇ ਵਿਰੋਧੀਆਂ ਦੇ ਨਿਸ਼ਾਨੇ 'ਤੇ ਆ ਗਏ ਹਨ। ਕਾਂਗਰਸ ਦੇ ਬੁਲਾਰੇ ਨਵਜੋਤ ਸਿੰਘ ਸਿੱਧੂ ਤੇ ਹੋਰ ਨੇਤਾ ਮੋਦੀ ਸਰਕਾਰ ਵਿਰੁੱਧ ਠੋਕ ਕੇ ਬਿਆਨ ਜਾਰੀ ਕਰ ਰਹੇ ਹਨ ਤੇ ਭਾਰਤ ਵਿਚ ਮੋਦੀ ਦੇ ਖਿਲਾਫ਼ ਮੁਜਾਹਰੇ ਵੀ ਸ਼ੁਰੂ ਹੋ ਗਏ ਹਨ ਕਿ ਉਹ ਫੌਜ ਨੂੰ ਆਪਣੇ ਸਿਆਸੀ ਹਿੱਤਾਂ ਤੇ ਚੁਣਾਵੀਂ ਮੁਹਿੰਮ ਦੇ ਲਈ ਵਰਤ ਰਿਹਾ ਹੈ। ਦੂਸਰੇ ਪਾਸੇ ਪਾਕਿਸਤਾਨ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਹੋਇਆ। ਡੀ. ਜੀ. ਪਾਕਿਸਤਾਨ ਇੰਟਰ ਸਰਵਿਸ ਪਬਲਿਕ ਰਿਲੇਸ਼ਨਜ਼ ਮੇਜਰ ਜਨਰਲ ਆਸਿਫ ਗੱਫੂਰ ਨੇ ਹਮਲੇ ਵਿਚ ਹੋਏ ਨੁਕਸਾਨ ਦਾ ਖੰਡਨ ਕਰਦਿਆਂ ਕਿਹਾ, "ਮੋਦੀ ਸਰਕਾਰ ਦਾਅਵਾ ਕਰ ਰਹੀ ਹੈ ਕਿ 350 ਅੱਤਵਾਦੀ ਮਾਰੇ ਗਏ। ਮੈਂ ਕਹਿੰਦਾ ਹਾਂ ਕਿ ਜੇਕਰ 10 ਵੀ ਮਾਰੇ ਗਏ ਹੁੰਦਾ ਤਾਂ ਉਨ੍ਹਾਂ ਦੀਆਂ ਬਾਡੀਜ਼ ਕਿੱਥੇ ਗਈਆਂ? ਖ਼ੂਨ ਕਿੱਥੇ ਗਿਆ, ਉਨ੍ਹਾਂ ਦੇ ਜਨਾਜ਼ਿਆਂ ਦਾ ਕੀ ਬਣਿਆ? ਭਾਰਤ ਦਾ ਮੀਡੀਆ ਖ਼ੁਦ ਆ ਕੇ ਦੇਖ ਲਵੇ ਅਤੇ ਆਪਣੇ ਪ੍ਰਧਾਨ ਮੰਤਰੀ ਨੂੰ ਜਾ ਕੇ ਹਕੀਕਤ ਦੱਸੋ। ਉਨ੍ਹਾਂ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਨੇ ਚੋਣ ਲਾਭ ਲਈ ਏਅਰ ਸਟਰਾਈਕ ਕੀਤਾ ਹੈ।"




### *ਹਮਲੇ ਸਮੇਂ ਜੈਸ਼ ਦੇ ਅੱਡੇ 'ਤੇ ਸਰਗਰਮ ਸਨ 300 ਮੋਬਾਈਲ*

*ਬਾਲਾਕੋਟ ਸਥਿਤ ਜੈਸ਼-ਏ-ਮੁਹੰਮਦ ਦੇ ਅੱਡੇ 'ਤੇ ਹੋਏ ਹਮਲੇ ਦਾ ਜਿੱਥੇ ਵਿਰੋਧੀ ਸਬੂਤ ਮੰਗ ਰਿਹਾ ਹੈ, ਉੱਥੇ ਰਾਸ਼ਟਰੀ ਤਕਨੀਕ ਖੋਜ ਸੰਗਠਨ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਸਰਵਿਲਾਂਸ ਅਨੁਸਾਰ, ਬਾਲਾਕੋਟ ਸਥਿਤ ਜੈਸ਼-ਏ-ਮੁਹੰਮਦ ਦੇ ਕੈਂਪ ਵਿਚ ਜਿੱਥੇ ਭਾਰਤੀ ਹਵਾਈ ਫ਼ੌਜ ਨੇ ਏਅਰ ਸਟ੍ਰਾਈਕ ਕੀਤੀ ਸੀ, ਕਰੀਬ 300 ਮੋਬਾਈਲ ਸਰਗਰਮ ਸਨ।*

## ਵਿਰੋਧੀਆਂ ਨੇ ਮੋਦੀ ਸਰਕਾਰ ਘੇਰੀ

ਕਾਂਗਰਸ ਦੇ ਸੀਨੀਅਰ ਨੇਤਾ ਕਪਿਲ ਸਿੱਬਲ ਨੇ ਕਿਹਾ ਕਿ ਦੇਸ਼ ਏਅਰ ਸਟ੍ਰਾਈਕ ਵਿਚ ਮਾਰੇ ਗਏ ਅੱਤਵਾਦੀਆਂ ਦੀਆਂ ਲਾਸ਼ਾਂ ਦੇਖਣਾ ਚਾਹੁੰਦਾ ਹੈ। ਕਪਿਲ ਸਿੱਬਲ ਨੇ ਕਿਹਾ ਕਿ ਇੰਟਰਨੈਸ਼ਨਲ ਮੀਡੀਆ ਨਿਊਯਾਰਕ ਟਾਈਮਜ਼, ਲੰਡਨ ਸਥਿਤ ਜੇਨ ਇਨਫਰਾਮੇਸ਼ਨ ਗਰੁੱਪ, ਵਾਸ਼ਿੰਗਟਨ ਪੋਸਟ, ਡੇਲੀ ਟੈਲੀਗ੍ਰਾਫ਼, ਦ ਗਾਰਡੀਅਨ ਅਤੇ ਰਾਇਟਰਸ ਕਹਿ ਰਿਹਾ ਹੈ ਕਿ ਕੋਈ ਅੱਤਵਾਦੀ ਨਹੀਂ ਮਾਰਿਆ ਗਿਆ ਅਤੇ ਇਸ 'ਤੇ ਜਵਾਬ ਦਿੱਤਾ ਜਾਣਾ ਚਾਹੀਦਾ। ਉਨ੍ਹਾਂ ਕੇਂਦਰ ਸਰਕਾਰ 'ਤੇ ਅੱਤਵਾਦ ਦੇ ਰਾਜਨੀਤੀਕਰਨ ਦਾ ਦੋਸ਼ੀ ਹੋਣ ਦਾ ਦੋਸ਼ ਲਾਇਆ।

ਸਾਬਕਾ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਕਿਹਾ ਕਿ ਭਾਰਤੀ ਹਵਾਈ ਫੌਜ ਦੇ ਵਾਈਸ ਮਾਰਸ਼ਲ ਨੇ ਮਰਨ ਵਾਲੇ ਅੱਤਵਾਦੀਆਂ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਵਿਦੇਸ਼ ਮੰਤਰਾਲੇ ਦੇ ਬਿਆਨ ਵਿਚ ਕਿਹਾ ਗਿਆ ਕਿ ਕੋਈ ਨਾਗਰਿਕ ਜਾਂ ਫੌਜੀ ਦਾ ਨੁਕਸਾਨ ਨਹੀਂ ਹੋਇਆ ਤਾਂ ਮਰਨ ਵਾਲਿਆਂ ਦੀ ਗਿਣਤੀ 300-350 ਕਿਸ ਨੇ ਦੱਸੀ?

ਉਨ੍ਹਾਂ ਕਿਹਾ ਕਿ ਮੈਂ ਆਪਣੀ ਸਰਕਾਰ 'ਤੇ ਭਰੋਸਾ ਕਰਨ ਦੇ ਲਈ ਤਿਆਰ ਹਾਂ, ਪਰ ਜੇਕਰ ਅਸੀਂ ਇਹ ਚਾਹੁੰਦੇ ਹਾਂ ਕਿ ਦੁਨੀਆ ਨੂੰ ਵੀ ਭਰੋਸਾ ਹੋਵੇ, ਤਾਂ ਸਰਕਾਰ ਨੂੰ ਵਿਰੋਧੀ ਦਲ ਨੂੰ ਕੋਸਣ ਦੀ ਬਜਾਏ ਇਸ ਦਾ ਜੁਆਬ ਦੇਣਾ ਚਾਹੀਦਾ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅਮਿਤ ਸ਼ਾਹ ਨੂੰ ਫੌਜ ਦੇ ਬਿਆਨ 'ਤੇ ਭਰੋਸਾ ਨਹੀਂ ਹੈ। ਇਹ ਸਭ ਆਉਣ ਵਾਲੇ ਲੋਕ ਸਭਾ ਚੋਣਾਂ ਲਈ ਕੀਤਾ ਜਾ ਰਿਹਾ ਹੈ। ਇਹੋ ਜਿਹੇ ਬਿਆਨ ਮਮਤਾ ਬੈਨਰਜੀ, ਰਾਹੁਲ ਗਾਂਧੀ, ਦਿੱਗਵਿਜੇ ਸਿੰਘ, ਨਵਜੋਤ ਸਿੰਘ ਸਿੱਧੂ ਤੇ ਅਖਿਲੇਸ਼ ਯਾਦਵ ਆਦਿ ਵਿਰੋਧੀ ਨੇਤਾਵਾਂ ਨੇ ਵੀ ਦਿੱਤੇ ਹਨ ਤੇ ਬਾਲਾਕੋਟ ਕਾਰਵਾਈ ਦੇ ਨੁਕਸਾਨ ਦਾ ਸਬੂਤ ਮੰਗਿਆ ਹੈ। ਪੰਜਾਬ ਸਰਕਾਰ ਵਿਚ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਭਾਰਤੀ ਹਵਾਈ ਫੌਜ ਵੱਲੋਂ ਪਾਕਿਸਤਾਨ ਦੇ ਬਾਲਾਕੋਟ ਵਿੱਚ ਕੀਤੇ ਗਏ ਏਅਰ ਸਟਰਾਈਕ ਦੇ ਦਾਅਵੇ 'ਤੇ ਸਵਾਲ ਖੜੇ ਕਰਦਿਆਂ ਆਖਿਆ ਕਿ ਫ਼ੌਜ ਦਾ ਸਿਆਸੀਕਰਨ ਬੰਦ ਕਰੋ। ਸਿੱਧੂ ਦਾ ਕਹਿਣਾ ਹੈ ਕਿ ਮੀਡੀਆ ਵਿਚ 300-350 ਅੱਤਵਾਦੀਆਂ ਦੇ ਮਾਰੇ ਜਾਣ ਦੀਆਂ ਖਬਰਾਂ ਚੱਲ ਰਹੀਆਂ ਹਨ ਪਰ ਅਜਿਹਾ ਕੋਈ ਦਾਅਵਾ ਸਰਕਾਰ ਵਲੋਂ ਕੀਤਾ ਹੀ ਨਹੀਂ ਗਿਆ ਹੈ, ਫਿਰ ਇਹ ਅੰਕੜਾ ਕਿੱਥੋਂ ਆਇਆ? ਤੁਸੀਂ ਦਹਿਸ਼ਤਗਰਦਾਂ ਨੂੰ ਜੜ੍ਹ ਤੋਂ ਖ਼ਤਮ ਕਰ ਰਹੇ ਸੀ ਜਾਂ ਦਰਖ਼ਤਾਂ ਨੂੰ? ਕੀ ਇਹ ਚੋਣਾਂ ਨੂੰ ਦੇਖਦਿਆਂ ਡਰਾਮਾ ਸੀ?"

ਭਾਜਪਾ ਆਗੂ ਐਸ ਐਸ ਆਹਲੂਵਾਲੀਆ ਦਾ ਕਹਿਣਾ ਹੈ ਕਿ ਕਿਸੇ ਵੀ ਭਾਸ਼ਣ ਵਿਚ ਨਰਿੰਦਰ ਮੋਦੀ ਨੇ ਨਹੀਂ ਕਿਹਾ ਹੈ ਕਿ ਕਿੰਨੇ ਅੱਤਵਾਦੀ ਮਾਰੇ ਗਏ ਹਨ ਤੇ ਨਾ ਹੀ ਸਰਕਾਰ ਦੇ ਕਿਸੇ ਬੁਲਾਰੇ ਨੇ ਕੋਈ ਅੰਕੜਾ ਦਿੱਤਾ ਹੈ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਜਿਹੜੇ ਲੋਕ ਹਵਾਈ ਫ਼ੌਜ ਤੋਂ ਹਮਲੇ ਦੇ ਸਬੂਤ ਮੰਗ ਰਹੇ ਹਨ, ਉਹ ਦੇਸ਼ਧ੍ਰੋਹੀ ਹਨ। ਜਦ ਕਿ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦਾ ਦਾਅਵਾ ਹੈ ਕਿ ਏਅਰ ਸਟਰਾਈਕ ਵਿੱਚ 250 ਤੋਂ ਵੱਧ ਅੱਤਵਾਦੀ ਮਾਰੇ ਗਏ ਸਨ। ਇਸ ਤਰ੍ਹਾਂ ਪਾਕਿ ਅੱਤਵਾਦੀਆਂ ਵਿਰੁੱਧ ਭਾਰਤੀ ਹਵਾਈ ਫੌਜ ਦੀ ਕਾਰਵਾਈ ਨੂੰ ਲੈ ਕੇ ਇਕ ਭੁਲੇਖਾਪਾਊ ਸਥਿਤੀ ਪੈਦਾ ਹੋ ਰਹੀ ਹੈ। ਅਪੋਜ਼ੀਸ਼ਨ ਦਾ ਇਸ ਹਮਲੇ 'ਤੇ ਸਵਾਲ ਚੁੱਕਣਾ ਸਹੀ ਹੈ, ਕਿਉਂਕਿ ਭਾਜਪਾ ਦੇ ਵੱਡੇ ਨੇਤਾਵਾਂ ਦੇ ਬਿਆਨ ਹੀ ਆਪਸ ਵਿਚ ਨਹੀਂ ਮਿਲ ਰਹੇ।

**ਥਲ ਸੈਨਾ ਮੁਖੀ ਦਾ ਜਵਾਬ :** ਇਸ ਸਟਰਾਈਕ ਮਗਰੋਂ ਪਹਿਲੀ ਵਾਰ ਭਾਰਤੀ ਹਵਾਈ ਫੌਜ ਦੇ ਮੁਖੀ ਬੀਐਸ ਧਨੋਆ ਨੇ ਕਿਹਾ ਕਿ ਸਾਡਾ ਕੰਮ ਸਿਰਫ਼ ਟਾਰਗੇਟ 'ਤੇ ਹਮਲਾ ਕਰਨਾ ਹੈ। ਕਿੰਨੇ ਲੋਕ ਮਾਰੇ ਗਏ ਇਹ ਗਿਣਨਾ ਸਾਡਾ ਕੰਮ ਨਹੀਂ। ਧਨੋਆ ਨੂੰ ਇਹ ਸੁਆਲ ਪੁੱਛਿਆ ਜਾ ਸਕਦਾ ਹੈ ਕਿ ਜੇਕਰ ਤੁਸੀਂ ਆਪਣੇ ਟਾਰਗਿਟ ਵਿਚ ਸਫਲ ਨਹੀਂ ਹੋਏ ਤਾਂ ਅਜਿਹੇ ਸਟ੍ਰਾਈਕ ਦਾ ਕੀ ਫਾਇਦਾ, ਇਹ ਤਾਂ ਲੋਕਾਂ ਨੂੰ ਪ੍ਰਮਾਣੂ ਜੰਗ ਦੇ ਖਤਰੇ ਵਿਚ ਧਕੇਲਣ ਦੀ ਕਾਰਵਾਈ ਹੋਈ।

**ਪ੍ਰਧਾਨ ਮੰਤਰੀ ਦੀ ਭਲਵਾਨੀ:** ਪ੍ਰਧਾਨ ਮੰਤਰੀ ਮੋਦੀ ਦਾ ਕਹਿਣਾ ਹੈ ਕਿ ਵਿਰੋਧੀ ਧਿਰ ਸੈਨਾ ਤੇ ਫੌਜ ਦਾ ਮਨੋਬਲ ਡੇਗ ਰਹੀ ਹੈ। ਜੇਕਰ ਭਾਰਤ ਕੋਲ ਰਾਫ਼ਾਲ ਜਹਾਜ਼ ਹੁੰਦੇ ਤਾਂ ਪਾਕਿ ਵਿਰੁੱਧ ਕੀਤੀ ਗਈ ਕਾਰਵਾਈ ਦੇ ਨਤੀਜੇ ਕੁਝ ਹੋਰ ਹੋਣੇ ਸਨ। ਮੋਦੀ ਨੇ ਕਿਹਾ, 'ਅਸੀਂ ਘਰ ਵਿਚ ਵੜਕੇ ਮਾਰਾਂਗੇ ਅਤੇ ਅੱਤਵਾਦੀਆਂ ਦਾ ਸੱਤਵੇਂ ਪਤਾਲ ਤੱਕ ਪਿੱਛਾ ਕਰਾਂਗੇ। ਚੁਣ ਚੁਣ ਕੇ ਬਦਲਾ ਲੈਣਾ ਮੇਰੀ ਫ਼ਿਤਰਤ ਹੈ'।

**ਸਿਆਸਤਦਾਨ ਲੋਕ ਮੁੱਦਿਆਂ ਨੂੰ ਭੁੱਲੇ :** ਲੋਕ ਸਭਾ ਦੀਆਂ ਚੋਣਾਂ ਸਿਰ 'ਤੇ ਹਨ। ਪਰ ਮੋਦੀ ਸਰਕਾਰ ਦੇ ਸਿਆਸਤਦਾਨਾਂ ਦੀ ਤਕਰਾਰਬਾਜ਼ੀ ਕਾਰਨ ਲੋਕਾਂ ਦੇ ਅਸਲ ਮੁੱਦੇ ਅੱਖੋਂ ਪਰੋਖੇ ਹੋ ਰਹੇ ਹਨ ਤੇ ਦੇਸਭਗਤੀ ਦੇ ਨਾਅਰੇ ਲਗਾ ਕੇ ਲੋਕ ਮੁੱਦਿਆਂ ਨੂੰ ਕੁਚਲ ਕੇ ਰੱਖ ਦਿੱਤਾ ਗਿਆ ਹੈ। 2014 ਦੀਆਂ ਚੋਣਾਂ ਵਿਚ ਭਾਜਪਾ ਨੇ ਵਿਕਾਸ ਦੇ ਮੁੱਦੇ ਨੂੰ ਉਭਾਰਿਆ ਅਤੇ ਬੇਰੁਜ਼ਗਾਰੀ ਦੂਰ ਕਰਨ ਦਾ ਦਾਅਵਾ ਕੀਤਾ। ਪਰ ਸਰਕਾਰ ਨੇ ਇਸ ਬਾਰੇ ਕੋਈ ਭੂਮਿਕਾ ਨਹੀਂ ਨਿਭਾਈ, ਉਲਟਾ ਨੋਟਬੰਦੀ ਅਤੇ ਜੀਐੱਸਟੀ ਲਾਗੂ ਕਰਨ ਵਰਗੇ ਕਦਮ ਚੁੱਕ ਕੇ ਆਮ ਲੋਕਾਂ ਤੇ ਕਿਸਾਨੀ ਲਈ ਸੰਕਟ ਹੋਰ ਡੂੰਘਾ ਕਰ ਦਿੱਤਾ। ਮੋਦੀ ਸਰਕਾਰ ਹਰ ਵਰ੍ਹੇ ਇਕ ਕਰੋੜ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਆਪਣੇ ਵਾਅਦੇ ਵੀ ਪੂਰੇ ਨਹੀਂ ਕਰ ਸਕੀ। ਇਹੀ ਕਾਰਨ ਹੈ ਕਿ ਪੁਲਵਾਮਾ ਵਿਚਲੀ ਦਹਿਸ਼ਤਗਰਦ ਕਾਰਵਾਈ ਤੇ ਉਸ ਤੋਂ ਬਾਅਦ ਕੀਤੇ ਗਏ ਹਵਾਈ ਹਮਲੇ ਨੂੰ ਮੋਦੀ ਸਰਕਾਰ ਨੇ ਸਿਆਸੀ ਹਿੱਤਾਂ ਲਈ ਵਰਤਿਆ।

**ਪਾਕਿਸਤਾਨ ਕਰੇਗਾ ਵੱਡੀ ਕਾਰਵਾਈ :** ਪਾਕਿਸਤਾਨ ਸਰਕਾਰ ਜੈਸ਼-ਏ-ਮੁਹੰਮਦ ਤੋਂ ਇਲਾਵਾ ਹੋਰ ਪਾਬੰਦੀਸ਼ੁਦਾ ਸੰਗਠਨਾਂ ਖਿਲਾਫ ਨਿਰਣਾਇਕ ਫੈਸਲਾ ਕਰਨ ਜਾ ਰਹੀ ਹੈ। ਹਾਲ ਹੀ ਵਿੱਚ ਪਾਕਿਸਤਾਨ ਦੇ ਸੂਚਨਾ ਮੰਤਰੀ ਫਵਾਦ ਚੌਧਰੀ ਨੇ ਇਸ ਬਾਰੇ ਸੰਕੇਤ ਦਿੱਤੇ ਸੀ।

**ਕੈਪਟਨ ਦਾ ਦੋਗਲਾ ਪੈਂਤੜਾ :** ਬਾਲਾਕੋਟ ਹਵਾਈ ਹਮਲੇ ਬਾਰੇ ਕੈਪਟਨ ਅਮਰਿੰਦਰ ਸਿੰਘ ਦਾ ਦੋਗਲਾ ਪੈਂਤੜਾ ਹੈ। ਇਸ ਹਵਾਈ ਹਮਲੇ ਬਾਰੇ ਮੁੱਖ ਮੰਤਰੀ ਕੈਪਟਨ ਨੇ ਕਿਹਾ ਕਿ ਅਤਿਵਾਦ ਨਾਲ ਨਜਿੱਠਣ ਲਈ ਭਾਰਤ ਨੇ ਪਾਕਿਸਤਾਨ ਨੂੰ ਆਪਣਾ ਦ੍ਰਿੜ੍ਹ ਇਰਾਦਾ ਦਿਖਾ ਦਿੱਤਾ ਹੈ। ਇਸ ਵਿੱਚ ਕਿੰਨੇ ਅਤਿਵਾਦੀ ਮਾਰੇ ਗਏ, ਇਹ ਗੱਲ ਅਰਥ ਨਹੀਂ ਰੱਖਦੀ। ਉਨ੍ਹਾਂ ਆਖਿਆ ਕਿ ਕੋਈ ਵੀ ਮੁਲਕ ਲੜਾਈ ਦੇ ਪੱਖ ਵਿਚ ਨਹੀਂ ਹੈ।

# ਭਾਰਤ ਸਰਕਾਰ ਦੇ ਪੰਜਾਬ ਦੇ ਪਾਣੀਆਂ ਵਿਰੋਧੀ ਫੈਸਲੇ ਬਾਰੇ ਕੈਪਟਨ ਚੁੱਪ

ਰਜਿੰਦਰ ਸਿੰਘ

ਪੁਲਵਾਮਾ ਹਮਲੇ ਤੋਂ ਬਾਅਦ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਜੋ ਤਰੀਕੇ ਅਪਨਾਏ ਜਾ ਰਹੇ ਹਨ, ਉਨ੍ਹਾਂ ਵਿਚ ਹੁਣ ਨਦੀਆਂ ਦੇ ਪਾਣੀ ਦਾ ਨਾਮ ਵੀ ਜੁੜ ਗਿਆ ਹੈ। ਜਲ ਸਾਧਨ ਮੰਤਰੀ ਗਡਕਰੀ ਨੇ ਕਿਹਾ ਕਿ ਸਤਲੁਜ, ਰਾਵੀ ਤੇ ਬਿਆਸ ਨਦੀਆਂ ਵਿਚ ਭਾਰਤ ਦੇ ਹਿੱਸੇ ਦਾ ਜੋ ਪਾਣੀ ਪਾਕਿਸਤਾਨ ਜਾ ਰਿਹਾ ਹੈ, ਭਾਰਤ ਹੁਣ ਉਸ ਨੂੰ ਰੋਕ ਦੇਵੇਗਾ। ਉਸ ਪਾਣੀ ਦਾ ਰਸਤਾ ਹੁਣ ਯਮੁਨਾ ਨਦੀ ਵਲ ਮੋੜ ਦਿੱਤਾ ਜਾਵੇਗਾ। ਸਰਕਾਰ ਨੇ ਇਸ 'ਤੇ ਫੈਸਲਾ ਕਰ ਲਿਆ ਹੈ ਤੇ ਇਸ ਪਾਣੀ ਦਾ ਇਸਤੇਮਾਲ ਹੁਣ ਪੰਜਾਬ ਦੇ ਜੰਮੂ-ਕਸ਼ਮੀਰ ਦੇ ਲੋਕਾਂ ਲਈ ਹੋਵੇਗਾ। ਇਸ ਲਈ ਜੰਮੂ-ਕਸ਼ਮੀਰ ਦੇ ਸ਼ਾਹਪੁਰ ਕੰਢੀ 'ਚ ਰਾਵੀ ਨਦੀ 'ਤੇ ਇਕ ਪ੍ਰਾਜੈਕਟ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਹੋ ਚੁੱਕੀ ਹੈ।

ਇਸ ਤੋਂ ਇਲਾਵਾ ਉੱਝ ਪ੍ਰਾਜੈਕਟ ਦੀ ਮਦਦ ਨਾਲ ਜੰਮੂ-ਕਸ਼ਮੀਰ 'ਚ ਰਾਵੀ ਨਦੀ ਦਾ ਪਾਣੀ ਜਮ੍ਹਾਂ ਕੀਤਾ ਜਾਵੇਗਾ ਅਤੇ ਇਸ ਡੈਮ ਦਾ ਵਾਧੂ ਪਾਣੀ ਹੋਰਨਾਂ ਬੇਸਿਨ ਰਾਜਾਂ 'ਚ ਭੇਜਿਆ ਜਾਵੇਗਾ। ਗਡਕਰੀ ਨੇ ਕਿਹਾ ਸੀ ਕਿ ਬਟਵਾਰੇ ਦੇ ਬਾਅਦ ਭਾਰਤ ਅਤੇ ਪਾਕਿਸਤਾਨ ਨੂੰ 3-3 ਨਦੀਆਂ ਦਾ ਪਾਣੀ ਵਰਤਣ ਦੀ ਇਜਾਜ਼ਤ ਮਿਲੀ ਸੀ। ਇਸ ਸਮਝੌਤੇ ਦੇ ਬਾਵਜੂਦ ਭਾਰਤ ਦੇ ਕੋਟੇ 'ਚ ਆਈਆਂ 3 ਨਦੀਆਂ ਦਾ ਪਾਣੀ ਹੁਣ ਤੱਕ ਪਾਕਿਸਤਾਨ ਨੂੰ ਜਾ ਰਿਹਾ ਸੀ। ਹੁਣ ਅਸੀਂ ਤਿੰਨਾਂ ਨਦੀਆਂ 'ਤੇ ਪ੍ਰਾਜੈਕਟ ਦਾ ਨਿਰਮਾਣ ਕਰਵਾਇਆ ਹੈ, ਜਿਨ੍ਹਾਂ ਦੀ ਮਦਦ ਨਾਲ ਹੁਣ ਇਨ੍ਹਾਂ ਨਦੀਆਂ ਦਾ ਪਾਣੀ ਪੰਜਾਬ ਅਤੇ ਜੰਮੂ-ਕਸ਼ਮੀਰ ਦੇ ਲੋਕਾਂ ਲਈ ਵਰਤਿਆ ਜਾਵੇਗਾ। ਇਕ ਵਾਰ ਜਦੋਂ ਇਹ ਕੰਮ ਸ਼ੁਰੂ ਹੋ ਗਿਆ ਤਾਂ ਇਸ ਨਾਲ ਯਮੁਨਾ ਨਦੀ ਦੇ ਪਾਣੀ ਦੇ ਪੱਧਰ 'ਚ ਵਾਧਾ ਵੀ ਹੋ ਸਕੇਗਾ।

ਗਡਕਰੀ ਦੀਆਂ ਗੱਲਾਂ ਤੋਂ ਇਹ ਸਪੱਸ਼ਟ ਨਹੀਂ ਹੈ ਕਿ ਫੈਸਲਾ ਅਜੇ ਕਿਸ ਪੱਧਰ 'ਤੇ ਹੈ। ਹਾਲਾਂਕਿ ਉਨ੍ਹਾਂ ਨੇ ਕੋਈ ਨਵੀਂ ਗੱਲ ਵੀ ਨਹੀਂ ਕਹੀ ਹੈ। ਇਹ ਮਸਲਾ ਕਾਫੀ ਸਮੇਂ ਤੋਂ ਚਰਚਾ ਵਿਚ ਹੈ ਕਿ ਸਿੰਧੂ ਨਦੀ ਸਮਝੌਤੇ ਤਹਿਤ ਭਾਰਤ ਦੇ ਕੋਲ ਇਨ੍ਹਾਂ ਨਦੀਆਂ ਦੇ ਜਿੰਨੇ ਪਾਣੀ ਦੇ ਇਸਤੇਮਾਲ ਦਾ ਅਧਿਕਾਰ ਹੈ, ਭਾਰਤ ਉਸ ਵਿਚੋਂ ਕਾਫੀ ਘੱਟ ਪਾਣੀ ਹੀ ਇਸਤੇਮਾਲ ਕਰ ਰਿਹਾ ਹੈ। ਇਸ ਪਾਣੀ ਦੇ ਇਸਤੇਮਾਲ ਲਈ ਭਾਰਤ ਨੇ ਤਿੰਨ ਪ੍ਰਯੋਜਨਾਵਾਂ ਬਣਾਈਆਂ ਹਨ, ਜਿਨ੍ਹਾਂ 'ਤੇ ਅਜੇ ਕੰਮ ਚੱਲ ਰਿਹਾ ਹੈ। ਕਈ ਰਿਪੋਰਟਾਂ ਅਨੁਸਾਰ ਇਨ੍ਹਾਂ ਪ੍ਰਯੋਜਨਾਵਾਂ ਦੇ



ਪੂਰਾ ਹੋਣ ਵਿਚ ਪੰਜ ਤੋਂ ਛੇ ਸਾਲ ਦਾ ਸਮਾਂ ਲੱਗ ਸਕਦਾ ਹੈ। ਜ਼ਾਹਿਰ ਹੈ ਕਿ ਇਹ ਕੰਮ ਏਨੀ ਜਲਦੀ ਨਹੀਂ ਹੋਣ ਵਾਲਾ। ਪਾਕਿਸਤਾਨ ਨੇ ਵੀ ਦੂਸਰੇ ਪਾਸਿਓਂ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਉਸ ਨੂੰ ਭਾਰਤ ਦੀ ਇਸ ਗੱਲ 'ਤੇ ਇਤਰਾਜ਼ ਨਹੀਂ ਹੈ।

ਪਰ ਹੈਰਾਨੀ ਦੀ ਗੱਲ ਇਹ ਹੈ ਕਿ ਕੈਪਟਨ ਸਰਕਾਰ ਨੇ ਇਸ 'ਤੇ ਕੋਈ ਕਿੰਤੂ ਪਰੰਤੂ ਨਹੀਂ ਕੀਤਾ, ਕਿਉਂਕਿ ਪੰਜਾਬ ਦੇ ਦਰਿਆਵਾਂ 'ਤੇ ਸਿਰਫ਼ ਪੰਜਾਬ ਦਾ ਹੱਕ ਹੈ। ਕੌਮਾਂਤਰੀ ਕਾਨੂੰਨ ਰਿਪੇਰੀਅਨ ਅਨੁਸਾਰ ਇਸ 'ਤੇ ਪੰਜਾਬ ਦਾ ਹੀ ਹੱਕ ਬਣਦਾ ਹੈ। ਬੀਤੇ ਦਿਨੀਂ ਦੀਨਾਨਗਰ ਦੇ ਮਕੌੜਾ ਪੱਤਣ 'ਤੇ ਪੰਜਾਬ ਦੇ ਦੋ ਕੈਬਨਿਟ ਮੰਤਰੀਆਂ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਅਤੇ ਅਰੁਣਾ ਚੌਧਰੀ ਨੇ ਦਰਿਆ ਰਾਵੀ ਤੇ ਉੱਜ ਦੇ ਸੁਮੇਲ ਮਕੌੜਾ ਪੱਤਣ ਤੋਂ ਪਾਕਿਸਤਾਨ ਵੱਲ ਜਾਂਦੇ ਵਾਧੂ ਪਾਣੀ ਨੂੰ ਪੂਰਨ ਤੌਰ 'ਤੇ ਰੋਕਣ ਲਈ ਬੰਨ੍ਹ ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਇਥੋਂ ਤੱਕ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਗ੍ਰਾਂਟ ਜਾਰੀ ਕਰ ਦਿੱਤੀ ਤਾਂ ਛੇਤੀ ਹੀ ਇੱਥੇ ਬੰਨ੍ਹ ਬਣਾ ਦਿੱਤਾ ਜਾਵੇਗਾ। ਇਸ ਪ੍ਰਾਜੈਕਟ 'ਤੇ 400 ਕਰੋੜ ਰੁਪਏ ਦਾ ਖ਼ਰਚਾ ਆਉਣ ਦਾ ਅੰਦਾਜ਼ਾ ਹੈ। ਇਸ ਦਰਿਆ ਦਾ ਇਕ ਬੂੰਦ ਵੀ ਪਾਣੀ ਪਾਕਿਸਤਾਨ ਵੱਲ ਨਹੀਂ ਜਾਣ ਦਿੱਤਾ ਜਾਵੇਗਾ ਪਰ ਉਨ੍ਹਾਂ ਇਹ ਕੋਈ ਸਪੱਸ਼ਟ ਨਹੀਂ ਕੀਤਾ ਕਿ ਉਸ ਉੱਪਰ ਸਿਰਫ ਪੰਜਾਬ ਦਾ ਹੀ ਅਧਿਕਾਰ ਹੋਵੇਗਾ। ਇਹ ਮੰਤਰੀ ਪੰਜਾਬ ਦਾ ਹੱਕ ਛੱਡ ਕੇ ਇਹ ਸਿੱਧ ਕਰ ਰਹੇ ਹਨ ਕਿ ਜਿਵੇਂ ਪੰਜਾਬ ਕੇਂਦਰ ਸਰਕਾਰ ਦੀ ਬਸਤੀ ਹੋਵੇ ਤੇ ਇਹ ਮੰਤਰੀ ਉਸ ਦੇ ਪਟਵਾਰੀ।

ਪਹਿਲੀ ਗੱਲ ਇੰਡੂਜ ਟੈਰਿਟੀ ਅਧੀਨ ਛੇ ਦਰਿਆਵਾਂ ਦੀ ਭਾਰਤ ਅਤੇ ਪਾਕਿਸਤਾਨ ਵਿਚਕਾਰ ਵੰਡ ਦੀ ਗੱਲ ਨਿਰਾ ਕੁਫਰ ਹੈ। ਭਾਰਤ, ਪਾਕਿਸਤਾਨ ਜਾਂ ਕਿਸੇ ਹੋਰ ਕੋਲ ਦੋਵਾਂ ਪੰਜਾਬਾਂ ਦੇ ਪਾਣੀ ਦੀ ਵੰਡ ਕਰਨ ਦਾ ਕੋਈ ਕਾਨੂੰਨੀ ਜਾਂ ਇਖਲਾਕੀ ਅਧਿਕਾਰ ਨਹੀਂ ਸੀ। ਨਾ ਹੀ ਅਜਿਹੀ ਕੋਈ ਵੰਡ ਹੋਈ ਸੀ। ਸਚਾਈ ਇਹ ਹੈ ਕਿ ਪੂਰਬੀ ਅਤੇ ਪੱਛਮੀ ਪੰਜਾਬ ਦੀ ਰੈਡਕਲਿਫ ਕਮਿਸ਼ਨ ਨੇ ਵੰਡ ਕੀਤੀ। ਵੰਡ ਅਨੁਸਾਰ ਜਿਸ ਧਿਰ ਵਿਚੋਂ ਜੋ ਵੀ ਦਰਿਆ ਗੁਜ਼ਰਦਾ ਸੀ ਉਹ ਉਸੇ ਜ਼ਮੀਨ ਦਾ ਹਿੱਸਾ ਬਣ ਗਿਆ। ਇੰਜ ਸਤਲੁਜ, ਬਿਆਸ ਅਤੇ ਰਾਵੀ ਪੂਰਬੀ ਪੰਜਾਬ ਵਿਚੋਂ ਲੰਘਦੇ ਹੋਣ ਕਾਰਨ ਪੂਰਬੀ ਪੰਜਾਬ ਦੇ ਹਿੱਸੇ ਆ ਗਏ, ਝਨਾ, ਜਿਹਲਮ ਅਤੇ ਸਿੰਧ ਪੱਛਮੀ ਪੰਜਾਬ ਵਿਚੋਂ ਲੰਘਣ ਕਾਰਨ ਪੱਛਮੀ ਪੰਜਾਬ ਦੇ ਹੋ ਗਏ। ਮੂਲ ਰੂਪ ਵਿਚ ਮੱਤਭੇਦ ਸਿਰਫ ਰਾਵੀ ਬਾਰੇ ਉਤਪੰਨ ਹੋਏ, ਉਹ ਵੀ ਇਸ ਦੇ ਸਾਰੇ ਪਾਣੀ ਸਬੰਧੀ ਨਹੀਂ ਸਿਰਫ ਕੁਝ ਪਾਣੀ ਉਪਰ ਜੋ ਉਸ ਵੇਲੇ ਤਕ ਪੱਛਮੀ ਪੰਜਾਬ ਦੇ ਹੇਠਲੇ ਹਿਸੇ ਨੂੰ ਮਿਲਦਾ ਸੀ। ਪੂਰਬੀ ਪੰਜਾਬ ਕਹਿੰਦਾ ਸੀ ਕਿ ਸਾਰਾ ਰਾਵੀ ਰੈਡਕਲਿਫ ਐਵਾਰਡ ਅਨੁਸਾਰ ਪੂਰਬੀ ਪੰਜਾਬ ਦਾ ਹੈ ਜਦ ਕਿ ਪੱਛਮੀ ਪੰਜਾਬ ਦਾ ਮੱਤ ਸੀ ਕਿ ਰਾਵੀ ਦਾ ਜੋ ਪਾਣੀ 1947 ਤਕ ਪੱਛਮੀ ਪੰਜਾਬ ਵਲੋਂ ਵਰਤਿਆ ਜਾ ਰਿਹਾ ਸੀ, ਉਸ ਉਤੇ ਉਸ ਦਾ ਹੱਕ ਬਣਦਾ ਹੈ। ਇਸ ਝਗੜੇ ਦੀਆਂ ਸੰਨ 1947 ਤੋਂ 1948 ਤਕ ਦੋ ਹੀ ਧਿਰਾਂ ਸਨ ਪੂਰਬੀ ਅਤੇ ਪੱਛਮੀ ਪੰਜਾਬ।

ਪਰ ਭਾਰਤੀ ਕੇਂਦਰ ਨੇ ਇਸ ਵਿਚ ਦਖਲ ਦੇ ਕੇ ਮਾਮਲਾ ਜੰਗ ਦੀਆਂ ਬਰੂਹਾਂ ਤਕ ਪਹੁੰਚਾ ਦਿੱਤਾ। ਉਸ ਵਿਚ ਪੱਛਮੀ ਦੇਸ਼ਾਂ ਨੇ ਦਖਲ ਦੇ ਕੇ ਪੂਰਬੀ ਪੰਜਾਬ ਦੇ ਦਾਅਵੇ ਦੀ ਪੁਸ਼ਟੀ ਕਰ ਦਿੱਤੀ ਪਰ ਪਾਕਿਸਤਾਨ ਨੇ ਹਾੜ੍ਹਾ ਪਾਇਆ ਕਿ ਸਾਡੇ ਕੋਲ ਰਾਵੀ ਹੇਠਲੇ ਪਾਣੀ ਦੀ ਉਪਲਬਧੀ ਬਣਾਈ ਰੱਖਣ ਲਈ ਪਾਣੀ ਤਾਂ ਹੈ ਪਰ ਝਨਾ, ਜਿਹਲਮ ਆਦਿ 'ਤੇ ਬੰਨ੍ਹ ਮਾਰ ਕੇ ਪਾਣੀ ਇਧਰ ਲਿਆਉਣ ਲਈ ਕਾਣੀ ਕੌਡੀ ਨਹੀਂ, ਕਿਉਂਕਿ ਭਾਰਤ ਨੇ ਸਾਂਝੇ ਭਾਰਤ ਦੇ ਕੈਸ਼ ਦਾ ਬਣਦਾ ਹਿੱਸਾ ਨਹੀਂ ਦਿੱਤਾ। ਹਾਲਾਂਕਿ ਇਸ ਦੇਣਦਾਰੀ ਦੇ ਹੱਕ ਵਿਚ ਗਾਂਧੀ ਨੇ ਇੰਡੀਆ ਵਿਰੁੱਧ ਭੁੱਖ ਹੜਤਾਲ ਵੀ ਕੀਤੀ ਸੀ। ਪੱਛਮੀ ਦੇਸ਼ਾਂ ਨੇ 900 ਕਰੋੜ ਆਪਣੇ ਕੋਲੋਂ ਪਾਕਿਸਤਾਨ ਨੂੰ ਦੇ ਦਿੱਤੇ ਅਤੇ ਸੌ ਕਰੋੜ ਇੰਡੀਆ ਤੋਂ ਦਿਵਾਇਆ ਤਾਂ ਜੋ ਪਾਕਿਸਤਾਨ ਆਪਣੇ ਸਿੰਚਾਈ ਰਹਿਤ ਹੋਏ ਇਲਾਕੇ ਲਈ ਆਪਣਾ ਪਾਣੀ ਦੇ ਸਕੇ।

ਪੰਜਾਬਾਂ ਵਿਚਕਾਰ ਝਗੜੇ ਵਿਚ ਕੇਂਦਰ ਇਸ ਲਈ ਆਇਆ ਕਿਉਂਕਿ ਸੰਨ 1935 ਦੇ ਐਕਟ ਅਧੀਨ ਵੀ ਅਤੇ ਭਾਰਤ ਦੇ ਸੰਨ 1950 ਵਿਚ ਲਾਗੂ ਹੋਏ ਵਿਧਾਨ ਅਧੀਨ ਵੀ ਭਾਵੇਂ ਤਿੰਨੋਂ ਨਦੀਆਂ ਪੂਰਬੀ ਪੰਜਾਬ ਦੀਆਂ ਸਨ ਪਰ ਕੌਮਾਂਤਰੀ ਸਮਝੌਤੇ ਕਰਨ ਦਾ ਅਧਿਕਾਰ ਕੇਂਦਰ ਦਾ ਸੀ। ਇਸ ਨੁਕਤੇ ਤੇ ਆ ਕੇ ਨਹਿਰੂ ਨੇ ਇੰਡਸ ਟਰੀਟੀ ਵਿਚ ਲਿਖਵਾ ਲਿਆ ਕਿ ਇਹ ਤਿੰਨ ਨਦੀਆਂ ਦਾ ਸਾਰਾ ਪਾਣੀ ਇੰਡੀਆ ਦੇ ਹਿੱਸੇ ਆ ਗਿਆ, ਬਾਕੀ ਤਿੰਨ ਨਦੀਆਂ ਪਾਕਿਸਤਾਨ ਦੇ ਹਿੱਸੇ ਆ ਗਈਆਂ ਸਮਝੀਆਂ ਗਈਆਂ।

ਇਹ ਨਿਰੀਪੁਰੀ ਮੋਮੋਠਗਣੀ ਭਾਸ਼ਾ ਸੀ ਜਿਸ ਦਾ ਮਕਸਦ ਪੂਰਬੀ ਪੰਜਾਬ ਦੀ ਲੀਡਰਸ਼ਿਪ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਪੰਜਾਬ ਦੇ ਲੋਕਾਂ ਨਾਲ ਠੱਗੀ ਮਾਰਨਾ ਸੀ। ਕੌਮਾਂਤਰੀ ਸੰਧੀ ਵਿਚ ਭਾਸ਼ਾ ਕੋਈ ਵੀ ਲਿਖ ਲਵੋ ਇਹ ਭਾਰਤੀ ਵਿਧਾਨ ਦੀ ਉਲੰਘਣਾ ਨਹੀਂ ਕਰ ਸਕਦੀ। ਜੇ ਕਰਦੀ ਹੈ ਤਾਂ ਅਜਿਹੀ ਟਰੀਟੀ ਦੀ ਉਹ ਵਿਵਸਥਾ ਗੈਰਕਾਨੂੰਨੀ ਮੰਨੀ ਜਾਵੇਗੀ। ਪਰ ਉਸੇ ਵਿਧਾਨ ਵਿਰੋਧੀ ਮੋਮੋਠਗਣੀ ਭਾਸ਼ਾ ਦਾ ਗੁਣਗਾਣ ਅੱਜ ਤਕ ਪੰਜਾਬ ਵਿਰੁੱਧ ਭੁਗਤਾਇਆ ਜਾ ਰਿਹਾ ਹੈ। ਇਸ ਉਪਰ ਅਮਲ ਇਸ ਢੰਗ ਨਾਲ ਹੋਇਆ ਕਿ ਪੰਜਾਬ ਦੇ ਭ੍ਰਿਸ਼ਟ, ਵਿਕਾਊ, ਗ਼ਦਾਰ ਲੀਡਰਾਂ ਤੋਂ ਗ਼ੈਰ-ਵਿਧਾਨਕ ਸਮਝੌਤੇ ਕਰਵਾ ਕੇ ਲਾਗੂ ਕਰਵਾ ਦਿਉ ਤਾਂ ਕਿ ਉਨ੍ਹਾਂ ਨੂੰ ਗੈਰਵਿਧਾਨਕ ਐਲਾਨੇ ਜਾਣਾ ਅਮਲੀ ਤੌਰ 'ਤੇ ਅਸੰਭਵ ਬਣਾ ਦਿੱਤਾ ਜਾਵੇ। ਰਾਵੀ ਦਾ ਜਿੰਨਾ ਕੁ ਪਾਣੀ ਅੱਜ ਤਕ ਪਾਕਿਸਤਾਨ ਜਾਂਦਾ ਰਿਹਾ ਹੈ, ਇਸ ਲਈ ਪੰਜਾਬ ਦੋਸ਼ੀ ਨਹੀਂ ਬਲਕਿ ਕੇਂਦਰ ਪੂਰੀ ਤਰਾਂ ਦੋਸ਼ੀ ਹੈ ਜਿਸ ਨੇ ਪਹਿਲਾਂ ਥੀਨ ਡੈਮ ਦੀ ਮਨਜ਼ੂਰੀ ਦੇਣ ਵਿਚ 20 ਸਾਲ ਦੀ ਦੇਰੀ ਕੀਤੀ ਅਤੇ ਬਾਅਦ ਵਿਚ ਅੱਜ ਤਕ ਡਾਊਨਸਟਰੀਮ ਪਰਾਜੈਕਟਾਂ ਨੂੰ ਹਰੀ ਝੰਡੀ ਦੇਣ ਵਿਚ ਢੁੱਚਰਾਂ ਡਾਹੀਆਂ।

ਅੱਜ ਉਹੀ ਮੋਮੋਠੱਗਣੀ ਪੁਰਾਣੀ ਭਾਸ਼ਾ ਨਿਤਿਨ ਗਡਕਰੀ ਬੋਲ ਰਿਹਾ ਹੈ। ਅੱਗੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੇਂਦਰ ਦਾ ਪਟਵਾਰੀ ਬਣ ਕੇ ਪੰਜਾਬ ਦੇ ਹੱਕਾਂ ਵਿਰੁੱਧ ਭੁਗਤ ਰਿਹਾ ਹੈ। ਸੁਖਪਾਲ ਸਿੰਘ ਖਹਿਰਾ ਨੇ ਇਸ ਦਾ ਵਿਰੋਧ ਕੀਤਾ ਹੈ, ਜਿਸ ਦੀ ਅਸੀਂ ਹਮਾਇਤ ਕਰਦੇ ਹਾਂ। ਖਹਿਰਾ ਦਾ ਬਿਆਨ ਪੰਜਾਬ ਪੱਖੀ ਹੈ ਤੇ ਉਸ ਨੇ ਇਸ ਮਾਮਲੇ ਵਿਚ ਕੈਪਟਨ ਸਰਕਾਰ ਉੱਪਰ ਸੁਆਲ ਵੀ ਉਠਾਏ ਹਨ। ਕੇਂਦਰ ਦੇ ਇਸ ਫੈਸਲੇ ਨਾਲ ਇਸ ਵਿਚ ਪਾਕਿਸਤਾਨ ਦਾ ਕੋਈ ਨੁਕਸਾਨ ਨਹੀਂ ਹੋਣ ਵਾਲਾ, ਨੁਕਸਾਨ ਸਿਰਫ ਸਾਡੇ ਪੰਜਾਬ ਦਾ ਹੋਵੇਗਾ। ਇਹ ਪੰਜਾਬ ਦੇ ਹੱਕਾਂ 'ਤੇ ਡਾਕਾ ਪਵੇਗਾ, ਜਿਸ ਬਾਰੇ ਪੰਜਾਬ ਨੂੰ ਸੁਚੇਤ ਹੋਣ ਦੀ ਲੋੜ ਹੈ।

# ਗਿਆਨੀ ਇਕਬਾਲ ਸਿੰਘ ਦੇ ਅਸਤੀਫ਼ੇ ਦੀ ਡਰਾਮੇਬਾਜ਼ੀ

## ਸੌਦਾ ਸਾਧ ਨੂੰ ਮਾਫੀ ਦੇਣ ਅਤੇ ਮਾਫੀ ਦੀ ਚਿੱਠੀ ਐਡਿਟ ਕਰਨ ਬਾਰੇ ਹੋਇਆ ਖੁਲਾਸਾ

**ਅੰਮ੍ਰਿਤਸਰ/ਏਟੀ ਨਿਊਜ਼ :** ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਦਿੱਤਾ ਗਿਆ ਪ੍ਰਵਾਨ ਕਰ ਲਿਆ ਗਿਆ ਹੈ । ਤੇ ਗਿਆਨੀ ਰਜਿੰਦਰ ਸਿੰਘ ਐਕਟਿੰਗ ਜਥੇਦਾਰ ਬਣੇ ਹਨ। ਇਸ ਸਾਰੇ ਡਰਾਮੇ ਦੌਰਾਨ ਦੌਰਾਨ ਸੌਦਾ ਸਾਧ ਨੂੰ ਸ੍ਰੀ ਅਕਾਲ ਤਖਤ ਉਤੇ ਮਾਫੀ ਦੇਣ ਪਿਛੇ ਬਾਦਲਾਂ ਦਾ ਹੱਥ ਹੋਣ ਅਤੇ ਅਤੇ ਸਾਧ ਦੀ ਮਾਫੀ ਵਾਲੀ ਚਿੱਠੀ ਨੂੰ ਗਿਆਨੀ ਗੁਰਮੁਖ ਸਿੰਘ ਦੁਆਰਾ ਐਡਿਟ ਕਰਵਾਉਣ ਬਾਰੇ ਵੀ ਖੁਲਾਸਾ ਹੋਇਆ ਹੈ। ਆਪਣੇ ਅਸਤੀਫੇ ਤੋਂ ਭੜਕੇ ਬਾਦਲਾਂ ਦੇ ਰਾਜ਼ਦਾਰ ਗਿਆਨੀ ਇਕਬਾਲ ਸਿੰਘ ਨੇ ਹੀ ਉਕਤ ਪਰਦਾਫਾਸ਼ ਕੀਤਾ ਹੈ।



### ਇਕਬਾਲ ਸਿੰਘ ਨੇ ਅਕਾਲ ਤਖ਼ਤ ਦੇ ਜਥੇਦਾਰ ’ਤੇ ਲਗਾਏ ਦੋਸ਼

ਇਕਬਾਲ ਸਿੰਘ ਨੇ ਦਾਅਵਾ ਕੀਤਾ ਸੀ ਕਿ ਅਕਾਲ ਤਖ਼ਤ ਵਿਖੇ ਜਥੇਦਾਰਾਂ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਵੱਲੋਂ ਲਿਖੀ ਮਾਫ਼ੀ ਦੀ ਚਿੱਠੀ ਦੀ ਐਡਿਟਿੰਗ ਕੀਤੀ ਗਈ ਸੀ। ਉਨ੍ਹਾਂ ਕਿਹਾ, "ਗਿਆਨੀ ਗੁਰਮੁਖ ਸਿੰਘ ਨੇ ਆਪਣੇ ਇੱਕ ਕਰੀਬੀ ਨੂੰ ਦਿੱਲੀ ਤੋਂ ਸੱਦਿਆ ਤੇ ਚਿੱਠੀ ਐਡਿਟ ਕਰਵਾਈ। ਉਨ੍ਹਾਂ ਨੇ ਚਿੱਠੀ ਵਿੱਚ 'ਖਿਮਾ ਦਾ ਜਾਚਕ' ਸ਼ਬਦ ਜੋੜਿਆ ਜੋ ਕਿ ਪਹਿਲਾਂ ਚਿੱਠੀ ਵਿੱਚ ਨਹੀਂ ਸੀ।"

### ਗਿਆਨੀ ਇਕਬਾਲ ਸਿੰਘ ’ਤੇ ਕੀ ਦੋਸ਼ ਹਨ

ਜ਼ਿਕਰਯੋਗ ਹੈ ਕਿ ਗਿਆਨੀ ਇਕਬਾਲ ਸਿੰਘ ਦੇ ਬੇਟੇ ਗੁਰਪ੍ਰਸਾਦਿ ਸਿੰਘ ਦੀ ਕੁਝ ਦਿਨ ਪਹਿਲਾਂ ਨਸ਼ੇ ਦਾ ਸੇਵਨ ਤੇ ਸਿਗਰਟਨੋਸ਼ੀ ਕਰਦਿਆਂ ਦੀ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਈ ਸੀ ਤੇ ਉਨ੍ਹਾਂ ਦੀ ਪਤਨੀ ਨੇ ਵੀ ਉਨ੍ਹਾਂ 'ਤੇ ਕੁੱਟਮਾਰ ਕਰਨ ਦੇ ਦੋਸ਼ ਲਾਉਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਸ਼ਿਕਾਇਤ ਦੇ ਕੇ ਇਨਸਾਫ਼ ਦੀ ਗੁਹਾਰ ਲਗਾਈ ਸੀ । ਤਖ਼ਤ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਜਥੇ: ਅਵਤਾਰ ਸਿੰਘ ਹਿਤ ਸਮੇਤ ਹੋਰ ਕਈ ਮੈਂਬਰਾਂ ਤੇ ਸਿੱਖ ਸੰਸਥਾਵਾਂ ਵਲੋਂ ਗਿਆਨੀ ਇਕਬਾਲ ਸਿੰਘ ਵਿਰੁੱਧ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸ਼ਿਕਾਇਤ ਪੱਤਰ ਭੇਜ ਕੇ ਤਖ਼ਤ ਸਾਹਿਬ 'ਤੇ ਤਲਬ ਕਰਨ ਦੀ ਮੰਗ ਕੀਤੀ ਗਈ ਸੀ, ਜਿਸ 'ਤੇ ਕਾਰਵਾਈ ਕਰਦਿਆਂ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਗਿਆਨੀ ਇਕਬਾਲ ਸਿੰਘ 'ਤੇ ਲੱਗੇ ਦੋਸ਼ਾਂ ਦੀ ਜਾਂਚ ਪੜਤਾਲ ਲਈ ਬੀਤੀ 28 ਫਰਵਰੀ ਨੂੰ ਇਕ 7 ਮੈਂਬਰੀ ਕਮੇਟੀ ਬਣਾਈ ਗਈ ਸੀ, ਜਿਸ ਵਲੋਂ ਬਕਾਇਦਾ ਜਾਂਚ ਆਰੰਭ ਕਰ ਦਿੱਤੀ ਗਈ ਸੀ ।

ਇੱਥੇ ਜ਼ਿਕਰਯੋਗ ਹੈ ਕਿ ਇਕਬਾਲ ਸਿੰਘ ਦਾ ਬੇਟਾ, ਜੋ ਕਿ ਗੁਰਦੁਆਰਾ ਬੋਰਡ ਦਾ ਮੁਲਾਜ਼ਮ ਵੀ ਸੀ, ਦੀ 17 ਫਰਵਰੀ ਨੂੰ ਨਸ਼ਿਆਂ ਤੇ ਸਿਗਰਟ ਦਾ ਸੇਵਨ ਕਰਦਿਆਂ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਹੈਰਾਨੀ ਪ੍ਰਗਟ ਕਰਦਿਆਂ ਆਪਣੇ ਪੁੱਤਰ ਨੂੰ ਬੇਗੁਨਾਹ ਸਾਬਤ ਹੋਣ ਤੱਕ ਬੇਦਖ਼ਲ ਕਰਨ ਦਾ ਐਲਾਨ ਕੀਤਾ ਸੀ।

### ਗਿਆਨੀ ਇਕਬਾਲ ਸਿੰਘ ਦੀ ਡਰਾਮੇਬਾਜ਼ੀ

ਇਸ ਮੀਟਿੰਗ ਤੋਂ ਦੋ ਦਿਨ ਪਹਿਲਾਂ ਕਾਫੀ ਸਮੇਂ ਤੋਂ ਵਿਵਾਦਾਂ ਵਿਚ ਘਿਰੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਖ਼ਾਲਸਾ ਨੇ ਡਰਾਮੇਬਾਜ਼ੀ ਕਰਦਿਆਂ ਆਪਣੀ ਪਦਵੀ ਤੋਂ ਇਹ ਕਹਿ ਕੇ ਅਸਤੀਫ਼ਾ ਦੇ ਦਿੱਤਾ ਹੈ ਕਿ ਉਹ ਅਖੌਤੀ ਧਾਰਮਿਕ ਆਗੂਆਂ ਤੇ ਰਾਜਨੀਤਕ ਲੋਕਾਂ ਦੀ ਸਾਜਿਸ਼ ਦਾ ਸ਼ਿਕਾਰ ਹੋ ਰਹੇ ਹਨ । ਬਾਅਦ ਵਿਚ ਪਤਾ ਲੱਗਾ ਕਿ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਦਿੱਤੇ ਅਸਤੀਫ਼ੇ ਸਬੰਧੀ ਯੂ ਟਰਨ ਲੈ ਲਿਆ। ਆਪਣੇ ਇਕ ਪੰਨੇ ਦੇ ਅਸਤੀਫ਼ੇ ਵਿਚ ਗਿਆਨੀ ਇਕਬਾਲ ਸਿੰਘ ਨੇ ਕਿਹਾ ਸੀ ਕਿ ਉਹ ਬੀਤੇ 35 ਵਰ੍ਹਿਆਂ ਤੋਂ ਤਖ਼ਤ ਸਾਹਿਬ ਵਿਖੇ ਬਤੌਰ ਜਥੇਦਾਰ ਸੇਵਾ ਨਿਭਾਅ ਰਹੇ ਹਨ ਤੇ ਉਨ੍ਹਾਂ ਤੋਂ ਗੁਰੂ ਸਾਹਿਬ ਨੇ ਕ੍ਰਿਪਾ ਕਰਕੇ ਨਾਮ ਗੁਰਬਾਣੀ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਪ੍ਰਚਾਰ-ਪ੍ਰਸਾਰ ਕਰਵਾਇਆ ਜੋ ਕਿ ਕੁਝ ਧਾਰਮਿਕ ਅਤੇ ਰਾਜਨੀਤਕ ਲੋਕਾਂ ਤੋਂ ਬਰਦਾਸ਼ਤ ਨਹੀਂ ਹੋ ਰਿਹਾ ਉਨ੍ਹਾਂ ਅਸਤੀਫ਼ੇ ਵਿਚ ਲਿਖਿਆ ਹੈ ਕਿ ਤਖ਼ਤ ਸਾਹਿਬ ਦੇ ਮਾਣ-ਸਨਮਾਨ ਨੂੰ ਘਟਾਉਣ ਵਾਸਤੇ ਮੇਰੇ 'ਤੇ ਤਰ੍ਹਾਂ-ਤਰ੍ਹਾਂ ਦੇ ਝੂਠੇ ਇਲਜ਼ਾਮ ਲਾ ਰਹੇ ਹਨ, ਜਿਨ੍ਹਾਂ ਬਾਰੇ ਕਈ ਵਾਰ ਸਪੱਸ਼ਟੀਕਰਨ ਸੰਗਤ ਦੇ ਸਾਹਮਣੇ ਹੋ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਮੈਂ ਤਖ਼ਤ ਸਾਹਿਬ ਦੇ ਮਾਣ ਸਨਮਾਨ ਨੂੰ ਮੁੱਖ ਰੱਖਦਿਆਂ ਬਿਨਾਂ ਕਿਸੇ ਦਬਾਅ ਤੋਂ ਜਥੇਦਾਰ ਤਖ਼ਤ ਹਰਿਮੰਦਰ ਜੀ ਪਟਨਾ ਸਾਹਿਬ ਦੀ ਪਦਵੀ ਤੋਂ ਅਸਤੀਫ਼ਾ ਦੇ ਰਿਹਾ ਹਾਂ। ਬਾਅਦ ਵਿਚ ਅਸਤੀਫਾ ਵਾਪਸ ਲੈਣ ਬਾਰੇ ਗਿਆਨੀ ਇਕਬਾਲ ਸਿੰਘ ਨੇ ਦੱਸਿਆ ਗੁਰਦੁਆਰਾ ਬੋਰਡ ਦੇ ਜਨਰਲ ਸਕੱਤਰ ਨੇ ਉਨ੍ਹਾਂ ਦਾ ਅਸਤੀਫ਼ਾ ਪ੍ਰਵਾਨ ਨਹੀਂ ਕੀਤਾ। ਇਸ ਲਈ ਉਨ੍ਹਾਂ ਨੇ ਸਿੱਖ ਸੰਗਤ ਦੇ ਕਹਿਣ 'ਤੇ ਜਥੇਦਾਰ ਵਜੋਂ ਮੁੜ ਸੇਵਾ ਸੰਭਾਲ ਲਈ ਹੈ।

### ਜਥੇਦਾਰ ਅਕਾਲ ਤਖ਼ਤ ਦੀ ਕੀਤੀ ਆਲੋਚਨਾ

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਗਿਆਨੀ ਇਕਬਾਲ ਸਿੰਘ 'ਤੇ ਲੱਗੇ ਦੋਸ਼ਾਂ ਦੀ ਜਾਂਚ ਲਈ ਬਣਾਈ 7 ਮੈਂਬਰੀ ਕਮੇਟੀ ਵਿਚੋਂ ਦੋ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਗਵੰਤ ਸਿੰਘ ਸਿਆਲਕਾ ਤੇ ਕੋਆਰਡੀਨੇਟਰ ਸੁਖਦੇਵ ਸਿੰਘ ਭੂਰਾਕੋਹਨਾ ਗਿਆਨੀ ਇਕਬਾਲ ਸਿੰਘ ਨਾਲ ਗੱਲਬਾਤ ਕਰਨ ਪਟਨਾ ਸਾਹਿਬ ਪੁੱਜੇ। ਪਰ ਉਸ ਤੋਂ ਕੁੱਝ ਸਮਾਂ ਪਹਿਲਾਂ ਹੀ ਉਨ੍ਹਾਂ ਨੇ ਅਸਤੀਫ਼ਾ ਦੇ ਦਿੱਤਾ ਸੀ। ਪ੍ਰਾਪਤ ਸੂਚਨਾ ਅਨੁਸਾਰ ਇਸ ਮੌਕੇ ਜਾਂਚ ਕਮੇਟੀ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਇਕਬਾਲ ਸਿੰਘ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਆਲੋਚਨਾ ਕਰਦਿਆਂ ਕਿਹਾ ਕਿ ਜਿੰਨੀ ਉਸ ਦੀ ਉਮਰ ਹੈ, ਓਨੀ ਉਨ੍ਹਾਂ (ਮੇਰੀ) ਦੀ ਸੇਵਾ ਹੈ। ਕੱਲ੍ਹ ਦਾ ਬੱਚਾ ਮੇਰੇ 'ਤੇ ਕੀ ਕਾਰਵਾਈ ਕਰ ਸਕਦਾ ਹੈ।

# ਹਰਸਿਮਰਤ ਬਾਦਲ ਬਠਿੰਡਾ ਛੱਡ ਕੇ ਦੌੜ ਸਕਦੀ ਹੈ ਫਿਰੋਜ਼ਪੁਰ

## ਸੁਖਬੀਰ ਬਾਦਲ ਦੇ ਫ਼ਿਰੋਜ਼ਪੁਰ ਲੋਕ ਸਭਾ ਹਲਕੇ ਦੇ ਦੌਰਿਆਂ ਤੋਂ ਸ਼ੱਕ ਵਧਿਆ

**ਫਾਜ਼ਿਲਕਾ/ਏਟੀ ਨਿਊਜ਼ :** ਫ਼ਿਰੋਜ਼ਪੁਰ ਲੋਕ-ਸਭਾ ਹਲਕੇ ਤੋਂ ਭਾਵੇਂ ਕਿਸੇ ਵੀ ਸਿਆਸੀ ਪਾਰਟੀ ਨੇ ਰਸਮੀ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਪਰ ਚੋਣ ਲੜਨ ਵਾਲੇ ਚਾਹਵਾਨ ਉਮੀਦਵਾਰਾਂ ਵਲੋਂ ਆਪਣੀਆਂ ਸਰਗਰਮੀਆਂ ਚਲਾਈਆਂ ਜਾ ਰਹੀਆਂ ਹਨ । ਮੌਜੂਦਾ ਅਕਾਲੀ ਦਲ ਦੇ ਲੋਕ-ਸਭਾ ਮੈਂਬਰ ਸ਼ੇਰ ਸਿੰਘ ਘੁਬਾਇਆ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਕੇ ਪਾਰਟੀ ਨੂੰ ਅਲਵਿਦਾ ਕਹਿ ਚੁੱਕੇ ਹਨ। ਪਿਛਲੇ ਲੰਬੇ ਸਮੇਂ ਤੋਂ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਘੁਬਾਇਆ ਦੀ ਆਪਸ ਵਿਚ ਅਣਬਣ ਚੱਲ ਰਹੀ ਸੀ। ਸੂਤਰਾਂ ਅਨੁਸਾਰ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਮੋਗਾ ਰੈਲੀ ਤੋਂ ਸੂਬੇ ਅੰਦਰ ਚੋਣ ਮੁਹਿੰਮ ਦਾ ਆਗਾਜ਼ ਕਰਨ ਦੌਰਾਨ ਘੁਬਾਇਆ ਦੀ ਕਾਂਗਰਸ ਵਿਚ ਸ਼ਮੂਲੀਅਤ ਦਾ ਅਤੇ ਟਿਕਟ ਦਾ ਐਲਾਨ ਕਰ ਸਕਦੇ ਹਨ। ਇਸ ਤੋਂ ਇਲਾਵਾ ਕਾਂਗਰਸ ਦੇ ਹੋਰ ਕਈ ਨੇਤਾ ਜਿਨ੍ਹਾਂ ਵਿਚ ਪੰਜਾਬ ਦੇ ਕੈਬਿਨੇਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ, ਸਾਬਕਾ ਮੰਤਰੀ ਹੰਸ ਰਾਜ ਜੋਸਨ ਆਦਿ ਚੋਣ ਲੜਨ ਲਈ ਦਾਅਵੇਦਾਰਾਂ ਵਿਚੋਂ ਦੱਸੇ ਜਾਂਦੇ ਹਨ। ਦੂਜੇ ਪਾਸੇ ਹਰਸਿਮਰਤ ਕੌਰ ਬਾਦਲ ਵਲੋਂ ਫ਼ਿਰੋਜ਼ਪੁਰ ਤੋਂ ਚੋਣ ਲੜਨ ਦੀਆਂ ਤਿਆਰੀਆਂ ਨੂੰ ਲੈ ਕੇ ਅਕਾਲੀ ਆਗੂ ਸਰਗਰਮ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੀ ਅਬੋਹਰ, ਬੱਲੂਆਣਾ, ਅਰਨੀ ਵਾਲਾ ਤੇ ਜਲਾਲਾਬਾਦ ਦੇ ਦੌਰਿਆਂ 'ਤੇ ਆ ਰਹੇ ਹਨ। ਸੂਤਰਾਂ ਅਨੁਸਾਰ ਬੀਬਾ ਬਾਦਲ ਦਾ ਫ਼ਿਰੋਜ਼ਪੁਰ ਤੋਂ ਚੋਣ ਲੜਨਾ ਲਗਭੱਗ ਤੈਅ ਹੈ। ਜੋ ਸਿਆਸੀ ਹਾਲਾਤ ਬਣ ਰਹੇ ਹਨ, ਉਸ ਤੋਂ ਸਪਸ਼ਟ ਹੈ ਕਿ ਫ਼ਿਰੋਜ਼ਪੁਰ ਲੋਕ-ਸਭਾ ਚੋਣਾਂ ਵਿਚ ਮੁਕਾਬਲਾ ਗਹਿਗੱਚ ਹੋਵੇਗਾ।

## ਖਡੂਰ ਸਾਹਿਬ ਤੋਂ ਟਕਸਾਲੀਆਂ ਵੱਲੋਂ ਜਨਰਲ ਜੇ.ਜ਼ੇ. ਸਿੰਘ ਉਮੀਦਵਾਰ

**ਸ੍ਰੀ ਗੋਇੰਦਵਾਲ ਸਾਹਿਬ/ਏਟੀ ਨਿਊਜ਼ :** ਪਿੰਡ ਬ੍ਰਹਮਪੁਰਾ ਵਿਚ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੀ ਵਰਕਰ ਮੀਟਿੰਗ ਦੌਰਾਨ ਭਾਰਤੀ ਫ਼ੌਜ ਦੇ ਸਾਬਕਾ ਮੁਖੀ ਜਨਰਲ ਜੇ.ਜੇ. ਸਿੰਘ ਨੂੰ ਹਲਕਾ ਖਡੂਰ ਸਾਹਿਬ ਤੋਂ ਰਸਮੀ ਤੌਰ 'ਤੇ ਉਮੀਦਵਾਰ ਐਲਾਨ ਦਿੱਤਾ ਗਿਆ ਹੈ। ਇਸ ਮੌਕੇ ਸੰਸਦ ਮੈਂਬਰ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਸਾਰਿਆਂ ਨੂੰ ਇਕਜੁੱਟ ਹੋ ਕੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਉਮੀਦਵਾਰ ਨੂੰ ਜਿਤਾਉਣ ਦੀ ਅਪੀਲ ਕੀਤੀ।

# ਨਕੋਦਰ ਗੋਲੀਕਾਂਡ : ਪੀੜਤ ਪਰਿਵਾਰਾਂ ਨੇ ਦੋਸ਼ੀ ਪੁਲੀਸ ਅਧਿਕਾਰੀਆਂ ਵਿਰੁੱਧ ਬਹਿਬਲ ਕਲਾਂ ਕਾਂਡ ਵਰਗੀ ਕਾਰਵਾਈ ਮੰਗੀ

**ਜਲੰਧਰ/ਏਟੀ ਨਿਊਜ਼ :** ਨਕੋਦਰ ਬੇਅਦਬੀ ਕਾਂਡ ਵਿਚ ਪੁਲੀਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਦੇ ਮਾਪਿਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਂ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ। ਇਨ੍ਹਾਂ ਪੀੜਤ ਮਾਪਿਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ ਮੰਗ ਕੀਤੀ ਕਿ ਆਉਂਦੇ ਵਿਧਾਨ ਸਭਾ ਸੈਸ਼ਨ ਦੌਰਾਨ ਐਕਸ਼ਨ ਟੇਕਨ ਰਿਪੋਰਟ ਸਦਨ ਵਿਚ ਰੱਖੀ ਜਾਵੇ। ਜ਼ਿਕਰਯੋਗ ਹੈ ਕਿ 2 ਫਰਵਰੀ 1986 ਨੂੰ ਨਕੋਦਰ ਦੇ ਗੁਰੂ ਨਾਨਕਪੁਰਾ ਮੁਹੱਲੇ ਦੇ ਗੁਰਦੁਆਰਾ ਗੁਰੂ ਅਰਜਨ ਦੇਵ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਵਿਰੋਧ ਵਿਚ ਸ਼ਾਂਤਮਈ ਢੰਗ ਨਾਲ ਰੋਸ ਮਾਰਚ ਕਰ ਰਹੇ ਸਿੱਖਾਂ ਉੱਪਰ 4 ਫਰਵਰੀ 1986 ਨੂੰ ਪੰਜਾਬ ਪੁਲੀਸ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ। ਇਸ ਗੋਲੀਬਾਰੀ ਵਿਚ ਚਾਰ ਨੌਜਵਾਨ ਸ਼ਹੀਦ ਹੋਏ ਸਨ। ਡਿਪਟੀ ਕਮਿਸ਼ਨਰ ਨੂੰ ਮਿਲਣ ਵਾਲੇ ਇਨ੍ਹਾਂ ਪੀੜਤ ਮਾਪਿਆਂ ਵਿਚ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ, ਸ਼ਹੀਦ ਭਾਈ ਝਲਮਣ ਸਿੰਘ ਗੋਰਸੀਆਂ ਦੀ ਭੈਣ ਰਾਜਵਿੰਦਰ ਕੌਰ ਤੇ ਸ਼ਹੀਦ ਭਾਈ ਬਲਧੀਰ ਸਿੰਘ ਰਾਮਗੜ੍ਹ ਦੀ ਭੈਣ ਕਰਮਜੀਤ ਕੌਰ ਹਾਜ਼ਰ ਸਨ। ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦੇਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ 33 ਸਾਲਾਂ ਤੋਂ ਇਨਸਾਫ ਦੀ ਮੰਗ ਕਰਦੇ ਆ ਰਹੇ ਹਨ। ਇਸ ਘਟਨਾ ਨੂੰ ਬਰਗਾੜੀ ਤੇ ਬਹਿਬਲ ਕਲਾਂ 'ਚ ਵਾਪਰੀਆਂ ਘਟਨਾਵਾਂ ਨਾਲ ਜੋੜਦਿਆਂ ਉਨ੍ਹਾਂ ਕਿਹਾ ਕਿ ਉਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਸੀ ਤੇ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾਅ ਰਹੀਆਂ ਸੰਗਤਾਂ ਉੱਪਰ ਪੰਜਾਬ ਪੁਲੀਸ ਨੇ ਗੋਲੀਆਂ ਚਲਾ ਦਿੱਤੀਆਂ ਸਨ। ਇਸ ਘਟਨਾ ਵਿਚ ਦੋ ਸਿੱਖ ਸ਼ਹੀਦ ਹੋ ਗਏ ਸਨ। ਇਨ੍ਹਾਂ ਬਾਰੇ ਦੋ ਜਾਂਚ ਕਮਿਸ਼ਨ ਬਣੇ ਤੇ ਦੋ ਵਿਸ਼ੇਸ਼ ਜਾਂਚ ਟੀਮਾਂ ਬਣੀਆਂ। ਜਦੋਂ ਇਨ੍ਹਾਂ ਘਟਨਾਵਾਂ ਦੀ ਜਾਂਚ ਤੇਜ਼ੀ ਨਾਲ ਹੋ ਰਹੀ ਹੈ ਤੇ ਇਸ ਵਿਚ ਦੋਸ਼ੀ ਮੰਨੇ ਜਾ ਰਹੇ ਉੱਚ ਪੁਲੀਸ ਅਧਿਕਾਰੀਆਂ ਦੀਆਂ ਗ੍ਰਿਫਤਾਰੀਆਂ ਵੀ ਹੋ ਚੁੱਕੀਆਂ ਹਨ ਤਾਂ ਉਸੇ ਤਰ੍ਹਾਂ ਨਕੋਦਰ ਕਾਂਡ 'ਚ ਸ਼ਾਮਲ ਪੁਲੀਸ ਅਧਿਕਾਰੀਆਂ ਵਿਰੁੱਧ ਵੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਉਸ ਵੇਲੇ ਦੇ ਐਸਐਸਪੀ ਇਜ਼ਹਾਰ ਆਲਮ ਅਤੇ ਵਧੀਕ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ, ਜਿਨ੍ਹਾਂ ਕੋਲ ਮੈਜਿਸਟਰੇਟ ਦੀਆਂ ਤਾਕਤਾਂ ਸਨ, ਇਹ ਦੋਵੇਂ ਜ਼ਿੰਮੇਵਾਰ ਅਫਸਰ 4 ਫਰਵਰੀ 1986 ਨੂੰ ਗੋਲੀ ਚੱਲਣ ਵੇਲੇ ਨਕੋਦਰ ਹਾਜ਼ਰ ਸਨ। ਉਸ ਵੇਲੇ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ। ਚਾਰ ਸਿੱਖ ਨੌਜਵਾਨਾਂ ਦੀ ਪੁਲੀਸ ਗੋਲੀਆਂ ਨਾਲ ਹੋਈ ਮੌਤ ਤੋਂ ਬਾਅਦ ਵੀ ਉਨ੍ਹਾਂ ਦੀਆਂ ਲਾਸ਼ਾਂ ਪੁਲੀਸ ਨੇ ਲਾਵਾਰਸ ਕਹਿ ਕੇ ਸਾੜ ਦਿੱਤੀਆਂ ਸਨ, ਜਦੋਂ ਕਿ ਉਹ ਸਾਰਾ ਦਿਨ ਲਾਸ਼ ਲੈਣ ਲਈ ਸਿਵਲ ਹਸਪਤਾਲ ਨਕੋਦਰ 'ਚ ਇੰਤਜ਼ਾਰ ਕਰ ਰਹੇ ਸਨ।



# ਪੰਜਾਬੀ ਗੀਤਕਾਰ ਪ੍ਰਗਟ ਸਿੰਘ ਲਿੱਦੜਾਂ ਦੀ ਮੌਤ

**ਸੰਗਰੂਰ/ਏਟੀ ਨਿਊਜ਼ :** ਪੰਜਾਬੀ ਗੀਤਕਾਰ ਅਤੇ ਸਾਹਿਤਕਾਰ ਪ੍ਰਗਟ ਸਿੰਘ ਲਿੱਦੜਾਂ ਦਾ ਦੇਹਾਂਤ ਹੋ ਗਿਆ ਹੈ। 56 ਸਾਲਾਂ ਦੇ ਪ੍ਰਗਟ ਸਿੰਘ ਲਿੱਦੜਾਂ ਨੇ ਕਈ ਮਸ਼ਹੂਰ ਗੀਤ ਲਿਖੇ, ਜੋ ਲੋਕਾਂ ਦੀ ਜ਼ੁਬਾਨ ਉਤੇ ਚੜ੍ਹ ਗਏ। ਉਨ੍ਹਾਂ ਵੱਲੋਂ ਲਿਖੇ ਗਏ ਗੀਤਾਂ ਨੂੰ ਹਰਜੀਤ ਹਰਮਨ, ਰਵਿੰਦਰ ਗਰੇਵਾਲ ਤੋਂ ਇਲਾਵਾ ਹੋਰ ਵੀ ਕਈ ਗਾਇਕਾਂ ਵੱਲੋਂ ਗਾਇਆ ਗਿਆ।

ਪ੍ਰਗਟ ਸਿੰਘ ਲਿੱਦੜਾਂ ਦੇ ਮਸ਼ਹੂਰ ਗੀਤਾਂ ਵਿਚੋਂ 'ਪੰਜਾਬ ਉਜਾੜਨ ਵਾਲੇ ਖੁਦ ਹੀ ਉਜੜ ਗਏ', ਪੰਜਾਬ ਗੁਰਾਂ ਦੀ ਕ੍ਰਿਪਾ ਦੇ ਨਾਲ ਵਸਦਾ ਹੈ', 'ਮਿੱਤਰਾਂ ਦਾ ਨਾਂ ਚੱਲਦਾ' ਆਦਿ ਕਾਫੀ ਚਰਚਾ ਵਿਚ ਰਹੇ। ਉਸ ਨੇ ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਤੋਂ ਆਪਣੀ ਪੜ੍ਹਾਈ ਪੂਰੀ ਕੀਤੀ ਸੀ ਤੇ ਉਨ੍ਹਾਂ ਕਾਫੀ ਸਮਾਂ ਪੰਜਾਬੀ ਪੱਤਰਕਾਰੀ ਵੀ ਕੀਤੀ ਸੀ।



ਪ੍ਰਗਟ ਸਿੰਘ ਲਿੱਦੜਾਂ ਦਾ ਪੁੱਤਰ ਸਟਾਲਨਵੀਰ ਵੀ ਮਿਊਜ਼ਿਕ ਇੰਡਸਟਰੀਜ਼ ਦੇ ਖੇਤਰ ਵਿਚ ਵੀਡਿਓ ਡਾਇਰੈਕਟਰ ਦਾ ਕੰਮ ਕਰ ਰਿਹਾ ਹੈ। ਪ੍ਰਗਟ ਸਿੰਘ ਨੇ ਜ਼ਿਆਦਾਤਰ ਗੀਤ ਪੰਜਾਬੀ ਸੱਭਿਆਚਾਰ, ਪੰਜਾਬ ਦੇ ਦੁਖ ਅਤੇ ਪੰਜਾਬੀਅਤ ਨੂੰ ਪੇਸ਼ ਕਰਦੇ ਹੀ ਲਿਖੇ ਹਨ। ਉਨ੍ਹਾਂ ਦੀ ਮੌਤ ਨਾਲ ਪੰਜਾਬੀ ਸੰਗੀਤ ਜਗਤ ਵਿਚ ਸੋਗ ਦਾ ਮਾਹੌਲ ਹੈ।

# ਪਾਕਿ ਅੰਬੈਸਡਰ ਡਾ. ਆਸਦ ਮਜ਼ੀਦ ਖਾਨ ਨਾਲ ਰਮੇਸ਼ ਸਿੰਘ ਖਾਲਸਾ ਦੀ ਅਹਿਮ ਮੀਟਿੰਗ

## ਸਿੱਖ ਮਸਲਿਆਂ, ਗੁਰਧਾਮਾਂ ਦੀ ਯਾਤਰਾ ਸਬੰਧੀ ਹੋਈਆਂ ਵਿਚਾਰਾਂ

**ਵਾਸ਼ਿੰਗਟਨ ਡੀਸੀ./ਏਟੀ ਨਿਊਜ਼ :** ਪਾਕਿਸਤਾਨ ਸਿੱਖ ਕੌਂਸਲ ਦੇ ਪੈਟਰਨ-ਇਨ-ਚੀਫ ਰਮੇਸ਼ ਸਿੰਘ ਖਾਲਸਾ ਨੇ ਇੱਕ ਅਹਿਮ ਮੀਟਿੰਗ ਡਾ. ਆਸਦ ਮਜ਼ੀਦ ਖਾਨ ਅੰਬੈਸਡਰ ਪਾਕਿਸਤਾਨ ਨਾਲ ਵਾਸ਼ਿੰਗਟਨ ਡੀਸੀ. ਸਥਿਤ ਆਫਿਸ ਵਿੱਚ ਕੀਤੀ। ਜਿੱਥੇ ਸਿੱਖ ਮਸਲਿਆਂ, ਗੁਰਧਾਮਾਂ ਦੀ ਯਾਤਰਾ ਤੇ ਹੋਰ ਅਹਿਮ ਮੁੱਦਿਆਂ ਤੇ ਵਿਚਾਰਾਂ ਹੋਈਆਂ, ਉੱਥੇ ਪਾਕਿਸਤਾਨ ਅੰਬੈਸੀ ਵਿੱਚ ਵਿਸਾਖੀ ਅਤੇ ਗੁਰੂ ਨਾਨਕ ਦੇਵ ਜੀ ਦਾ 550ਵਾਂ ਜਨਮ ਦਿਹਾੜਾ ਮਨਾਉਣ ਸਬੰਧੀ ਵਿਚਾਰਾਂ ਵੀ ਕੀਤੀਆਂ ਗਈਆਂ। ਇਸ ਨੂੰ ਪ੍ਰਵਾਨ ਕਰਦਿਆਂ ਅੰਬੈਸਡਰ ਸਾਹਿਬ ਨੇ ਜਲਦੀ ਹੀ ਇੱਕ ਕਮੇਟੀ ਗਠਿਤ ਕਰਨ ਦਾ ਜ਼ਿਕਰ ਕੀਤਾ।

ਰਮੇਸ਼ ਸਿੰਘ ਖਾਲਸਾ ਨੇ ਕਿਹਾ ਕਿ ਵਿਦੇਸ਼ੀ ਸਿੱਖਾਂ ਵਿੱਚ ਕਾਫੀ ਉਤਸ਼ਾਹ ਹੈ ।ਉਹ ਆਪਣੇ ਗੁਰਧਾਮਾਂ ਦੇ ਦਰਸ਼ਨਾਂ ਲਈ ਲਗਾਤਾਰ ਪਾਕਿਸਤਾਨ ਜਾਣਾ ਚਾਹੁੰਦੇ ਹਨ। ਇਸ ਲਈ ਵੀਜ਼ਾ ਮਿਆਦ ਵਿੱਚ ਵਾਧਾ ਕਰਨਾ ਚਾਹੀਦਾ ਹੈ ਤਾਂ ਜੋ ਸ਼ਰਧਾਲੂਆਂ ਨੂੰ ਵਾਰ-ਵਾਰ ਵੀਜ਼ਾ ਨਾ ਲੈਣਾ ਪਵੇ। ਹਾਲ ਦੀ ਘੜੀ ਵੀਜ਼ਾ ਕੇਵਲ ਤਿੰਨ ਜਾਂ ਛੇ ਮਹੀਨੇ ਦਾ ਦਿੱਤਾ ਜਾਂਦਾ ਹੈ। ਪਹੁੰਚ ਵੀਜ਼ੇ ਨੂੰ ਵੀ ਜਲਦੀ ਲਾਗੂ ਕਰਨ ਦੀ ਬੇਨਤੀ ਕੀਤੀ ਗਈ ਹੈ।

ਡਾ. ਆਸਦ ਮਜ਼ੀਦ ਖਾਨ ਨੇ ਬਹੁਤ ਹੀ ਠਰੰਮੇ ਨਾਲ ਸਾਰੇ ਮਸਲਿਆਂ ਨੂੰ ਸੁਣਿਆ ਅਤੇ ਕਿਹਾ ਕਿ ਵਿਸਾਖੀ ਅਤੇ 550ਵੇਂ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਲਈ ਪਾਕਿਸਤਾਨ ਦੇ ਕੀਰਤਨੀ ਜਥਿਆਂ ਨੂੰ ਸੱਦਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਨੂੰ ਵੱਧ ਤੋਂ ਵੱਧ ਵੀਜ਼ੇ ਦਿੱਤੇ ਜਾਣਗੇ ਤਾਂ ਜੋ ਉਹ ਆਪਣੇ ਗੁਰਧਾਮਾਂ ਦੇ ਦਰਸ਼ਨ ਕਰ ਸਕਣ। ਉਨ੍ਹਾਂ ਭਾਰਤ-ਪਾਕਿ ਸਬੰਧਾਂ ਨੂੰ ਸੁਧਾਰਨ ਅਤੇ ਸ਼ਾਂਤੀ ਦਾ ਮਹੌਲ ਸਿਰਜਣ ਲਈ ਵੀ ਜ਼ਿਕਰ ਕੀਤਾ ਤਾਂ ਜੋ ਗਵਾਂਢੀ ਬਿਹਤਰੀ ਵੱਲ ਕਦਮ ਵਧਾ ਸਕਣ। ਉਨ੍ਹਾਂ ਕਿਹਾ ਕਿ ਹਿੰਦ-ਪਾਕਿ ਦੁਨੀਆ ਦੀ ਸੁਪਰ ਪਾਵਰ ਬਣ ਸਕਦੇ ਹਨ ਜੇਕਰ ਭਾਰਤ ਪਹਿਲਕਦਮੀ ਕਰੇ। ਇਸ ਲਈ ਪ੍ਰਵਾਸੀਆਂ ਨੂੰ ਆਪਣਾ ਰੋਲ ਅਦਾ ਕਰਨਾ ਚਾਹੀਦਾ ਹੈ। ਰਮੇਸ਼ ਸਿੰਘ ਖਾਲਸਾ ਪੈਟਰਨ-ਇਨ-ਚੀਫ ਨੇ ਅੰਬੈਸਡਰ ਡਾ. ਆਸਦ ਮਜ਼ੀਦ ਖਾਨ ਨੂੰ ਸਿੰਧ ਦੀ ਬਣੀ ਸ਼ਾਲ ਅਤੇ ਸਿਰੀ ਸਾਹਿਬ ਭੇਟ ਕਰਕੇ ਸਨਮਾਨਿਤ ਕੀਤਾ। ਉਨ੍ਹਾਂ ਰਮੇਸ਼ ਸਿੰਘ ਖਾਲਸਾ ਨੂੰ ਹਰ ਪੱਖੋਂ ਮਦਦ ਕਰਨ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਉਹ ਪ੍ਰਵਾਸੀ ਸੰਗਤਾਂ ਨੂੰ ਉਤਸ਼ਾਹਿਤ ਕਰਕੇ ਗੁਰਧਾਮਾਂ ਦੇ ਦਰਸ਼ਨਾਂ ਲਈ ਪ੍ਰੇਰਿਤ ਕਰਨ ਤਾਂ ਜੋ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਵਿਚ ਮਿਠਾਸ ਭਰ ਸਕੇ।



# ਖ਼ੁਸ਼ਹਾਲ ਪੰਜਾਬ ਪੰਜਾਬੀਆਂ ਦੀ ਉਮੰਗ

**ਪ੍ਰੋ. ਅਵਤਾਰ ਸਿੰਘ**

ਬੜੀ ਪੁਰਾਣੀ ਗੱਲ ਹੈ। ਮੈਂ ਪਿਤਾ ਜੀ ਨਾਲ ਨਵਾਂਸ਼ਹਿਰ ਦੇ ਨਜ਼ਦੀਕ ਹਿਆਲ਼ੇ ਦਾ ਜੋੜ ਮੇਲਾ ਦੇਖਣ ਜਾ ਰਿਹਾ ਸੀ। ਸਾਡੇ ਕੋਲੋਂ ਰੇਲ ਗੱਡੀ ਲੰਘੀ, ਜੋ ਨੱਕੋ-ਨੱਕ ਭਰੀ ਹੋਈ ਸੀ। ਬਹੁਤ ਸਾਰੇ ਲੋਕ ਡੱਬਿਆਂ ਦੇ ਉੱਪਰ ਵੀ ਚੜ੍ਹੇ ਹੋਏ ਸਨ। ਪਿਤਾ ਜੀ ਨੇ ਦੇਖਿਆ ਤੇ ਕਿਹਾ, ਸਭ ਬਟੌਟ। ਮੈਂ ਪੁੱਛਿਆ, ਬਟੌਟ ਕੀ ਹੁੰਦਾ? ਕਹਿੰਦੇ, ਜਿਹੜੇ ਟਿਕਟ ਨਹੀਂ ਲੈਂਦੇ। ਇਹ ਗੱਲ ਸਮਝ ਆ ਗਈ ਪਰ 'ਬਟੌਟ' ਦੇ ਅਰਥ ਦਾ ਦਸਵੀਂ ਵਿਚ ਜਾ ਕੇ ਪਤਾ ਲੱਗਾ ਕਿ ਉਹ 'ਵਿਦਾਊਟ' ਨੂੰ 'ਬਟੌਟ' ਕਹਿ ਰਹੇ ਸਨ। ਉਹ ਬੜਾ ਕਮ ਖ਼ਰਚ ਜ਼ਮਾਨਾ ਸੀ, ਜਿਸ ਕਰਕੇ ਲੋਕ ਟਿਕਟ ਲੈਣ ਤੋਂ ਟਾਲ਼ਾ ਵੱਟਦੇ ਸਨ।



ਪਰ ਹੁਣ ਕਮ ਖ਼ਰਚੀ ਦਾ ਨਹੀਂ, ਖ਼ਪਤਕਾਰੀ ਅਤੇ ਖ਼ਰਚਦਾਰੀ ਦਾ ਜ਼ਮਾਨਾ ਹੈ। ਪੁਰਾਣੇ ਸਮਿਆਂ ਵਿਚ ਨਵੀਂ ਹੱਟੀ ਨੂੰ ਕਈ ਕਈ ਸਾਲ ਚੱਟੀ ਭਰਨੀ ਪੈਂਦੀ ਸੀ। ਇਕ ਦਮ ਖੱਟੀ ਨਹੀਂ ਸੀ ਹੁੰਦੀ। ਪਰ ਹੁਣ ਜਦ ਵੀ ਕੋਈ ਨਵਾਂ ਅਤੇ ਵੱਡਾ ਮਾਲ ਖੁੱਲ੍ਹਦਾ ਹੈ ਤਾਂ ਪੁਰਾਣਾ ਫੇਲ੍ਹ ਹੋ ਜਾਂਦਾ ਹੈ ਤੇ ਨਵਾਂ ਮਾਲਾ ਮਾਲ ਹੋ ਜਾਂਦਾ ਹੈ, ਜਿੱਥੇ ਰੱਜੇ ਹੋਏ ਲੋਕ ਹੀ ਜਾਂਦੇ ਹਨ ਅਤੇ ਰੱਜ ਰੱਜ ਕੇ ਆਉਂਦੇ ਹਨ।

ਹੁਣ ਕੋਈ 'ਬਟੌਟ' ਨਹੀਂ, ਸਭ ਟਿਕਟ ਕਟਾ ਕੇ ਸਫ਼ਰ ਕਰਦੇ ਹਨ। ਸ਼ਾਇਦ ਇਸੇ ਕਰਕੇ ਸਾਡੀ ਰਾਜਨੀਤੀ ਟਿਕਟ ਕੇਂਦਰਿਤ ਹੋ ਗਈ ਹੈ। ਉਹ ਵੀ ਦਿਨ ਸਨ ਜਦ ਸਾਡੀ ਦੇਸ ਦੀ ਰਾਜਨੀਤੀ ਵਿਚ ਵਰਕਰਾਂ ਦੀ ਭਰਮਾਰ ਹੁੰਦੀ ਸੀ, ਜੋ ਕਿਸੇ ਅਜਿਹੇ ਬੰਦੇ ਦੇ ਬੰਦੇ ਹੁੰਦੇ ਸਨ, ਜੋ ਅੱਗੋਂ ਕਿਸੇ ਪਾਰਟੀ ਦਾ ਬੰਦਾ ਹੁੰਦਾ ਸੀ ਅਤੇ ਪਾਰਟੀ ਦੇ ਕੋਈ ਵਿਚਾਰ ਅਤੇ ਅਸੂਲ ਹੁੰਦੇ ਸਨ। ਹੁਣ ਨਾ ਕਿਸੇ ਪਾਰਟੀ ਦਾ ਅਸੂਲ ਹੈ ਨਾ ਕਿਸੇ ਬੰਦੇ ਦਾ ਤੇ ਨਾ ਕਿਸੇ ਵਰਕਰ ਦਾ।

ਕਿਸੇ ਵੀ ਇਲਾਕੇ, ਹਲਕੇ ਜਾਂ ਪਾਰਟੀ ਦਾ ਕੋਈ ਇਕ ਹੀ ਚੌਧਰੀ ਹੁੰਦਾ ਹੈ। ਕੋਈ ਹੋਰ ਚੌਧਰ ਘੋਟਣ ਦੀ ਕੋਸ਼ਿਸ਼ ਕਰੇ ਤਾਂ ਥਊ ਥਊ ਕਰਕੇ ਹਲਕੇ ਵਿੱਚੋਂ ਬਾਹਰ ਕਰ ਦਿੰਦੇ ਹਨ। ਜੇ ਕਿਸੇ ਨਵੇਂ ਚੌਧਰੀ ਨੂੰ ਪੁਰਾਣਾ ਚੌਧਰੀ ਹਲਕੇ ਵਿੱਚੋਂ ਬਾਹਰ ਨਾ ਕੱਢ ਸਕੇ ਤਾਂ ਲੋਕ ਇਸ ਤਰ੍ਹਾਂ ਗੱਲਾਂ ਕਰਦੇ ਹਨ ਕਿ ਇਹ ਹੁਣ ਕੀ ਕਰੂਗਾ, ਟਿਕਟ ਤਾਂ ਇਕ ਨੂੰ ਹੀ ਮਿਲਣੀ ਹੈ। ਦੂਸਰੇ ਲੋਕ ਹੱਲ ਦੱਸਦੇ ਹਨ ਕਿ ਇਸ ਨੂੰ ਕਿਤੇ ਹੋਰ ਥਾਂ 'ਤੇ ਅਡਜਸਟ ਕਰ ਦੇਣਗੇ। ਕਿਤੇ ਚੇਅਰ ਚੁਅਰਮੈਨ ਲਗਾ ਦੇਣਗੇ।

ਸੱਚਮੁੱਚ ਜਿਹੜੇ ਵੱਡੇ ਅਤੇ ਅਸਲ ਚੌਧਰੀ ਹਨ, ਉਹ ਟਿਕਟ ਲੈਣ ਵਿਚ ਕਾਮਯਾਬ ਹੋ ਜਾਂਦੇ ਹਨ ਜਾਂ ਜਿਹੜੇ ਕਿਸੇ ਨਾ ਕਿਸੇ ਹੀਲੇ ਵਸੀਲੇ ਟਿਕਟ ਹਥਿਆ ਲੈਂਦੇ ਹਨ, ਉਹੀ ਅਸਲ ਅਤੇ ਵੱਡੇ ਚੌਧਰੀ ਗਿਣੇ ਜਾਂਦੇ ਹਨ। ਅੱਵਲ ਦਰਜੇ ਦੇ ਟਿਕਟੂ ਚੌਧਰੀ ਪਾਰਲੀਮੈਂਟ ਜਾਂ ਅਸੈਂਬਲੀ ਦਾ ਨਿੱਘ ਮਾਣਦੇ ਹਨ ਤੇ ਦੋਮ, ਤਿੜਕ ਅਤੇ ਮਨੂਰ ਚੌਧਰੀ ਚੇਅਰਮੈਨੀਆਂ ਦੀ ਛਾਂ ਹੇਠ ਜਾ ਬੈਠਦੇ ਹਨ।

ਥੈਲੀਆਂ ਵੱਟੇ ਲਈ ਟਿਕਟ ਨਾਲ ਬਣੇ ਚੌਧਰੀ ਮੁੜ ਥੈਲੀਆਂ ਭਰਨ ਵਿਚ ਮਸ਼ਰੂਫ਼ ਹੋ ਜਾਂਦੇ ਹਨ। ਟਿਕਟ ਮਿਲਣ ਤੋਂ ਪਹਿਲਾਂ ਵੱਡਿਆਂ ਦੇ ਦਰਾਂ 'ਤੇ ਝੁਕਣ ਵਾਲੇ, ਜਦ ਜਿੱਤ ਹਥਿਆ ਲੈਂਦੇ ਹਨ ਤਾਂ ਦਰ ਦਰ ਦੇ ਲੋਕ ਉਨ੍ਹਾਂ ਦੇ ਦਰ 'ਤੇ ਝੁਕਣਾ ਸ਼ੁਰੂ ਕਰ ਦਿੰਦੇ ਹਨ। ਚੌਧਰੀ ਖ਼ੁਸ਼ ਹੁੰਦੇ ਹਨ।

ਅਜਿਹੇ ਚੌਧਰੀਆਂ ਦਾ ਨਿੱਤ ਕਰਮ ਇਹ ਬਣ ਜਾਂਦਾ ਹੈ ਕਿ ਉਹ ਹਰ ਰੋਜ਼ ਵੱਡੇ ਤੜਕੇ, ਵੱਡੇ ਘਰ ਵਿਚ ਕਿਸੇ ਵੱਡੇ ਬੰਦੇ ਦੀ ਲੱਤ ਹੇਠੋਂ ਲੰਘ ਕੇ ਸਾਰਾ ਦਿਨ ਹਲਕੇ ਵਿਚ ਵਿਚਰਦੇ ਹੋਏ ਹਰ ਜਣੇ ਖਣੇ ਨੂੰ ਆਪਣੀ ਲੱਤ ਹੇਠੋਂ ਲੰਘਾਉਂਦੇ ਹਨ ਤੇ ਵੱਡੇ ਹੋਣ ਦਾ ਭਰਮ ਪਾਲਦੇ ਹਨ। ਲੋਕ ਉਨ੍ਹਾਂ ਸਾਹਮਣੇ ਜਾ ਕੇ ਲੇਲ੍ਹੜੀਆਂ ਕੱਢਦੇ ਹਨ, ਕਿ ਸਾਡੀ ਸੜਕ ਪੱਕੀ ਕਰਾ ਦਿਉ, ਨਾਲੀਆਂ ਦੀ ਮੁਰੰਮਤ ਕਰਾ ਦਿਉ, ਪਾਰਕ ਬਣਵਾ ਦਿਉ, ਸੀਵਰੇਜ ਪੁਆ ਦਿਉ। ਇਹ ਲੋਕ ਕੰਮ ਵੀ ਕਰਦੇ ਹਨ, ਇਸ ਕਰਕੇ ਨਹੀਂ ਕਿ ਇਹ ਲੋਕ ਸੇਵਕ ਹੁੰਦੇ ਹਨ। ਇਸ ਕਰਕੇ ਕਿ ਇਹ ਤਨਖ਼ਾਹ 'ਤੇ ਨਿਰਭਰ ਨਹੀਂ ਰਹਿੰਦੇ। ਆਖ਼ਰ ਖ਼ਰਚ ਪਾਣੀ ਵੀ ਤਾਂ ਚਾਹੀਦਾ ਹੁੰਦਾ ਹੈ। ਕੰਮ ਨਹੀਂ ਕਰਨਗੇ ਤਾਂ ਖਾਣਗੇ ਕੀ? ਤੇ ਅਗਲੀ ਵਾਰੀ ਟਿਕਟ ਨਹੀਂ ਲੈਣੀ!

ਰਾਜਨੀਤੀ ਵਿਚ 'ਬਟੌਟ' ਉਹ ਨਹੀਂ ਗਿਣੇ ਜਾਂਦੇ ਜੋ ਟਿਕਟ ਨਹੀਂ ਲੈਂਦੇ, ਬਲਕਿ ਬਟੌਟ ਉਹ ਗਿਣੇ ਜਾਂਦੇ ਹਨ, ਜਿਨ੍ਹਾਂ ਨੂੰ ਟਿਕਟ ਨਹੀਂ ਮਿਲ਼ਦੀ। ਅਜਿਹੇ 'ਬਟੌਟ' ਰਾਜਨੀਤਕ ਦੱਬੇ ਕੁਚਲੇ ਤੇ ਲਤਾੜੇ ਹੋਏ ਮਜ਼ਲੂਮ ਸਮਝੇ ਜਾਂਦੇ ਹਨ। ਟਿਕਟੂਆਂ ਅਤੇ ਬਟੌਟਾਂ ਨੂੰ ਦੇਖ ਕੇ ਵਰਕਰ ਵੀ ਉਸੇ ਤਰ੍ਹਾਂ ਦੇ ਹੋ ਗਏ ਹਨ। ਉਹ ਵੀ ਹੁਣ ਦਿਹਾੜੀ ਲੈ ਕੇ ਰੈਲੀਆਂ 'ਤੇ ਜਾਂਦੇ ਹਨ। ਕਈ ਵਾਰੀ ਤਾਂ ਇਹ ਵੀ ਸੁਣਨ ਵਿਚ ਆਇਆ ਹੈ ਕਿ ਵਰਕਰ ਪੈਸੇ ਕਿਸੇ ਪਾਰਟੀ ਤੋਂ ਲੈਂਦੇ ਹਨ ਤੇ ਰੈਲੀ ਕਿਸੇ ਹੋਰ ਦੀ ਨੂੰ ਜਾ ਭਾਗ ਲਾ ਆਉਂਦੇ ਹਨ। ਹੁਣ ਤਾਂ ਗਾਣੇ ਵੀ ਇਸ ਤਰ੍ਹਾਂ ਦੇ ਆ ਗਏ ਹਨ, ਅਖੇ, ਘਰ ਆਈ ਲੱਛਮੀ ਮੋੜਨੀ ਨਹੀਂ, ਮਰਜ਼ੀ ਨਾਲ਼ ਵੋਟਾਂ ਪਾਵਾਂਗੇ।

ਪੰਜਾਬ ਦੀ ਸਮਾਜਿਕਤਾ ਭ੍ਰਿਸ਼ਟਤਾ ਦੇ ਰਾਹ ਪਈ ਹੋਈ ਹੈ। ਰਾਜਾਸ਼ਾਹੀ ਦਾ ਛੱਪਾ ਸਾਡੀ ਮਾਨਸਿਕਤਾ ਵਿੱਚੋਂ ਨਸ਼ਟ ਨਹੀਂ ਹੋਇਆ। ਅਸੀਂ ਆਪਣੇ ਨੇਤਾ ਨੂੰ ਲੋਕ ਸੇਵਕ ਵਜੋਂ ਦੇਖਣਾ ਪਸੰਦ ਨਹੀਂ ਕਰਦੇ। ਨੇਤਾਵਾਂ ਦੇ ਵੱਡੇ ਵੱਡੇ ਘਰ, ਵੱਡੀਆਂ ਗੱਡੀਆਂ, ਮਹਿੰਗੇ ਕੱਪੜੇ, ਚੱਲਦੇ ਕੇਸ ਅਤੇ ਵੱਡੇ ਵੱਡੇ ਝੂਠ ਅਤੇ ਘਪਲੇ ਸੁਣ ਕੇ ਖ਼ੁਸ਼ ਹੁੰਦੇ ਹਾਂ।

ਨਿੱਜੀ ਕਿਰਦਾਰ ਤੋਂ ਸਮਾਜੀ ਕਿਰਦਾਰ ਦਾ ਨਿਰਮਾਣ ਹੁੰਦਾ ਹੈ। ਸਮਾਜੀ ਕਿਰਦਾਰ ਸਵੱਛ ਅਤੇ ਨੇਕ ਰਾਜਨੀਤੀ ਦਾ ਜਨਮਦਾਤਾ ਹੈ। ਨੇਕ ਰਾਜਨੀਤੀ ਖ਼ੁਸ਼ਹਾਲੀ ਅਤੇ ਬਿਹਤਰੀ ਦੀ ਜ਼ਾਮਨ ਹੈ। ਹੁਣ ਚਿਹਰਿਆਂ 'ਤੇ ਯਕੀਨ ਨਹੀਂ ਰਿਹਾ। ਭੋਲ਼ੇ ਚਿਹਰੇ ਅਤੇ ਸਾਦਾ ਪਹਿਰਾਵੇ ਸ਼ੱਕ ਦੇ ਘੇਰਿਆਂ ਵਿਚ ਘਿਰ ਗਏ ਹਨ। ਧਾਰਮਿਕਤਾ ਦੂਸਰਿਆਂ ਨੂੰ ਬੁੱਧੂ ਬਣਾਉਣ ਵਿਚ ਕੰਮ ਆਉਂਦੀ ਹੈ। ਨੈਤਿਕਤਾ ਦੀ ਤਵੱਕੋ ਸਿਰਫ਼ ਦੂਸਰਿਆਂ ਤੋਂ ਕੀਤੀ ਜਾਂਦੀ ਹੈ, ਸਬਕ ਸਿਰਫ਼ ਦੂਸਰਿਆਂ ਨੂੰ ਸਿਖਾਏ ਜਾਂਦੇ ਹਨ।

ਪੈਸੇ ਨੇ ਸਾਨੂੰ ਪਾਗਲ ਕਰ ਦਿੱਤਾ ਹੈ। ਪੈਸੇ ਦੀ ਸਮਝ ਸਾਨੂੰ ਨਹੀਂ ਹੈ। ਪੈਸਾ ਕੀ ਹੈ, ਕਿੱਥੋਂ ਆਉਂਦਾ, ਕਿੱਥੇ ਜਾਂਦਾ ਤੇ ਕਿਵੇਂ ਆਉਂਦਾ ਅਤੇ ਕਿਵੇਂ ਜਾਂਦਾ ਹੈ, ਸਾਨੂੰ ਨਹੀਂ ਪਤਾ। ਅਸੀਂ ਨਹੀਂ ਜਾਣਦੇ ਕਿ ਪਰਜਾ ਦਾ ਹੀ ਪੈਸਾ ਸਰਕਾਰੀ ਖ਼ਜ਼ਾਨੇ ਵਿਚ ਜਾਂਦਾ ਹੈ, ਜਿਸ ਵਿੱਚੋਂ ਮੁੜ ਕੇ ਪਰਜਾ ਵੱਲ ਤੁਰਿਆ ਰੁਪਇਆ ਪਰਜਾ ਤੱਕ ਪੁੱਜਦਾ ਪੁੱਜਦਾ ਚਾਰ ਆਨੇ ਰਹਿ ਜਾਂਦਾ ਹੈ। ਬਾਰਾਂ ਆਨੇ ਕਿੱਥੇ ਜਾਂਦੇ ਹਨ? ਪਰਜਾ ਇਸ ਵਾਰੇ ਚਟਖ਼ਾਰੇ ਲਾ ਲਾ ਗੱਲਾਂ ਕਰਦੀ ਹੈ: ਬਈ ਉਹ ਬੜਾ ਅਸਤਰ ਹੈ, ਬੜੀ ਚੀਜ਼ ਹੈ।




ਘਾਗ ਸ਼ਬਦ ਨੂੰ ਅਸੀਂ ਸੰਤ ਦਾ ਪਰਿਆਏ ਸਮਝਦੇ ਹਾਂ। ਇਹ ਐਨ ਉਸੇ ਤਰ੍ਹਾਂ ਦੀ ਗੱਲ ਹੈ ਕਿ ਕਿਸੇ ਦੇ ਘਰ ਚੋਰੀ ਹੋ ਗਈ ਹੋਵੇ ਤੇ ਉਹ ਚੁਟਕਲੇ ਬਣਾ ਬਣਾ ਗੱਲਾਂ ਸੁਣਾਵੇ। ਹੁਣ ਤਾਂ ਧੀਆਂ ਦੇ ਉਧਾਲੇ, ਛੇੜਖਾਨੀਆਂ, ਜ਼ੋਰ ਜ਼ਬਰ ਅਤੇ ਕਤਲ ਤਕ ਦੀਆਂ ਖ਼ਬਰਾਂ ਪੜ੍ਹਕੇ ਵੀ ਲੋਕਾਂ ਦੇ ਮੱਥੇ ਵੱਟ ਨਹੀਂ ਪੈਂਦੇ। ਸਗੋਂ ਧਾੜਵੀਆਂ, ਬਦਮਾਸ਼ਾਂ ਅਤੇ ਕਾਤਲਾਂ ਦੇ ਪੱਖ ਅਤੇ ਹੱਕ ਵਿਚ ਦਲੀਲਾਂ ਦੇਣ ਲੱਗ ਜਾਂਦੇ ਹਨ ਕਿ ਤਾੜੀ ਇੱਕ ਹੱਥ ਨਾਲ਼ ਨਹੀਂ ਵੱਜਦੀ ਜੀ।

ਜਿਹੜਾ ਨੇਤਾ ਚੋਰਾਂ ਮਕਾਰਾਂ ਨੂੰ ਗਲ਼ੇ ਲਾਈ ਫਿਰਦਾ ਹੈ ਉਸ ਦਾ ਨਾਂ ਲੈ ਲੈ ਕੇ ਅਸੀਂ ਕੱਛਾਂ ਵਜਾਉਂਦੇ ਹਾਂ ਤੇ ਜਿਹੜਾ ਬੇਈਮਾਨਾਂ ਦੀ ਖ਼ਬਰ ਰੱਖਦਾ ਅਤੇ ਖ਼ਬਰ ਲੈਂਦਾ ਵੀ ਹੈ, ਉਸ

ਬਾਕੀ ਸਫ਼ਾ 28 'ਤੇ

## ਕੀ ਵਾੜ ਤੋਂ ਖੇਤ ਨੂੰ ਬਚਾ ਸਕਣਗੇ ਦਿਨਕਰ ਗੁਪਤਾ

**ਬੇਅੰਤ ਕੌਰ ਗਿੱਲ**

ਭਾਵੇਂ ਦਿਨਕਰ ਗੁਪਤਾ ਨੂੰ ਪੰਜਾਬ ਦਾ ਡੀਜੀਪੀ.ਦਾ ਅਹੁਦਾ ਮਿਲਣ 'ਤੇ ਵਧਾਈਆਂ ਦੇਣ ਅਤੇ ਤੋਹਫੇ ਦੇਣ ਵਾਲਿਆਂ ਦੀ ਭੀੜ ਲੱਗ ਗਈ ਹੈ ਪਰ ਉਨ੍ਹਾਂ ਲਈ ਇਹ ਕੁਰਸੀ (ਅਹੁਦਾ) ਫੁੱਲਾਂ ਦੀ ਸੇਜ ਨਹੀਂ, ਸਗੋਂ ਕੰਡਿਆਂ ਨਾਲ ਭਰਿਆ ਹੋਇਆ ਵਿਛਾਉਣਾ ਹੈ। ਇਸ ਵਕਤ ਪੰਜਾਬ ਦਾ ਪੁਲਿਸ ਵਿਭਾਗ ਬਹੁਤ ਸਾਰੀਆਂ ਚਰਚਾਵਾਂ ਦਾ ਵਿਸ਼ਾ ਹੀ ਨਹੀਂ ਬਣਿਆ ਹੋਇਆ ਸਗੋਂ ਇਸ ਵਿਭਾਗ ਦੇ ਖਾਕੀ ਅੱਤਵਾਦੀ ਗੈਂਗਸਟਰਾਂ, ਚੋਰਾਂ ਡਕੈਤਾਂ ਅਤੇ ਅੱਤਵਾਦੀ ਸੰਗਠਨਾਂ ਤੋਂ ਵੀ ਵੱਧ ਖਤਰਨਾਕ ਹਨ। ਬਹੁਤ ਸਾਰੇ ਮੁੰਡਿਆਂ ਦੇ ਗੈਂਗਸਟਰ ਬਣਨ ਵਿਚ ਸਿਰਫ਼ ਖਾਕੀ ਵਰਦੀ ਦਾ ਹੀ ਰੋਲ ਰਿਹਾ ਹੈ। ਕੁਝ ਕੁ ਇਮਾਨਦਾਰ ਅਫਸਰਾਂ ਨੂੰ ਛੱਡ ਖਾਕੀ ਵਰਦੀ ਵਿਕ ਚੁੱਕੀ ਹੈ। ਛੋਟੇ ਤੋਂ ਛੋਟੇ ਪੁਲਿਸ ਮੁਲਾਜ਼ਮ ਅਤੇ ਐਸਐਸਪੀ ਤਕ ਦੇ ਰੈਂਕ ਵਿਕ ਚੁੱਕੇ ਹਨ। ਵਿਦੇਸ਼ਾਂ ਵਿਚ ਵੀ ਹੁਣ ਤਾਂ ਪੰਜਾਬ ਦੇ ਡੀਐਸਪੀਜ਼.ਅਤੇ ਐਸਐਸਪੀਜ਼.ਦੀ ਰਿਸ਼ਵਤ ਦੇ ਚਰਚੇ ਆਮ ਹੋਣ ਲੱਗੇ ਹਨ। ਜਿੱਥੇ ਰਿਸ਼ਵਤ ਲਈ ਸਰਕਾਰੀ ਟੇਬਲਾਂ 'ਤੇ ਬੋਲੀਆਂ ਲਗਦੀਆਂ ਹੋਣ ਉਸ ਰਾਜ ਵਿਚ ਗੈਂਗਸਟਰ ਹੀ ਜਨਮ ਲਵੇਗਾ। ਗੈਂਗਸਟਰਾਂ ਦਾ ਬੀਜ ਉਦੋਂ ਪੁੰਗਰਦਾ ਹੈ ਜਦੋਂ ਉਹਨਾਂ ਮੁੰਡਿਆਂ ਜਾਂ ਉਹਨਾਂ ਦੇ ਪਰਿਵਾਰਾਂ ਨੂੰ ਨਾ ਇਨਸਾਫੀਆਂ ਦਾ ਸਾਹਮਣਾ ਕਰਨਾ ਪਿਆ ਹੋਵੇ। ਅਸੀਂ ਦੇਖਦੇ ਹਾਂ ਕਿ ਅਕਸਰ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਮੁੰਡੇ ਹੀ ਗੈਂਗਸਟਰ ਬਣਦੇ ਹਨ ਕਿਉਂਕਿ ਇਹ ਉਮਰ ਅੱਥਰੀ ਹੁੰਦੀ ਹੈ। ਇਸ ਉਮਰ ਵਿਚ ਅਸੀਂ ਨੌਜਵਾਨਾਂ ਦੀ ਅਵਾਜ਼ ਸੁਣਨ ਦੀ ਬਜਾਏ ਉਸ ਨੂੰ ਦਬਾਉਣ ਦੀ ਕੋਸ਼ਿਸ਼ ਕਰਦੇ ਹਾਂ। ਖੈਰ ਦਿਨਕਰ ਗੁਪਤਾ ਨੂੰ ਦੇਸ਼ ਦੇ ਨਾਲ-ਨਾਲ ਵਿਦੇਸ਼ਾਂ ਦੀ ਪੁਲਿਸ ਬਾਰੇ ਵੀ ਕਾਫੀ ਤਜਰਬਾ ਹੈ ਜੋ ਉਹ ਪੰਜਾਬ ਵਿੱਚ ਵੀ ਅਜ਼ਮਾਉਣਗੇ। ਬਾਹਰਲੇ ਦੇਸ਼ਾਂ ਵਿਚ ਵੀ ਭਾਵੇਂ ਗੈਂਗਸਟਰ ਅਤੇ ਹੋਰ ਸੰਗਠਨ ਸਰਗਰਮ ਰਹਿੰਦੇ ਹਨ ਪਰ ਉਥੋਂ ਦੇ ਕਾਰਨ ਹੋਰ ਹਨ। ਸਾਡੇ ਪੰਜਾਬ ਦੇ ਬੱਚੇ ਮਿਹਨਤ ਕਰਨ ਤੋਂ ਕੰਨੀ ਨਹੀਂ ਕਤਰਾਉਂਦੇ, ਹੱਡ ਭੰਨਵੀਂ ਮਿਹਨਤ ਕਰਦੇ ਹਨ। ਉਹ ਬਹੁਗਿਣਤੀ ਲੁੱਟਾਂ ਖੋਹਾਂ ਲਈ ਗੈਂਗਸਟਰ ਨਹੀਂ ਬਣਦੇ ਸਗੋਂ ਸਿਸਟਮ ਦੇ ਸਤਾਏ ਬਣਦੇ ਹਨ। ਇਸ ਰਾਹੇ ਪਏ ਕਈ ਨੌਜਵਾਨ ਬੱਚਿਆਂ ਨਾਲ ਮਿਲ ਕੇ ਕੀਤੀ ਗੱਲਬਾਤ ਤੋਂ ਤਾਂ ਸਿਰਫ ਅਤੇ ਸਿਰਫ ਇੱਕ ਹੀ ਗੱਲ ਸਾਹਮਣੇ ਆਉਂਦੀ ਹੈ ਕਿ ਪੰਜਾਬ ਵਿਚ ਪੁਲਿਸ ਵਿਭਾਗ ਹੋਣਾ ਹੀ ਨਹੀਂ ਚਾਹੀਦਾ। ਲੋਕ ਆਪਣੀ ਰੱਖਿਆ ਇਨ੍ਹਾਂ ਨਾਲੋਂ ਖੁਦ ਬਿਹਤਰ ਕਰ ਸਕਦੇ ਹਨ। ਸਰਕਾਰ ਕਰੋੜਾਂ ਰੁਪਿਆ ਐਵੇਂ ਹੀ ਇਸ ਵਿਭਾਗ ਉਪਰ ਬਰਬਾਦ ਕਰ ਰਹੀ ਹੈ। ਪੈਸਾ ਵੀ ਬਚੇਗਾ ਅਤੇ ਸ਼ਾਂਤੀ ਵੀ ਬਣੀ ਰਹੇਗੀ। ਖੈਰ, ਇਸ ਤਰ੍ਹਾਂ ਹੋ ਨਹੀਂ ਸਕਦਾ ਪਰ ਹਾਂ ਅਮਨ ਕਾਨੂੰਨ ਬਣਾਏ ਰੱਖਣ ਦੇ ਬਹੁਤ ਸਾਰੇ ਹੱਕ ਪੁਲਿਸ ਦੀ ਬਜਾਏ ਪੰਚਾਇਤਾਂ ਨੂੰ ਦੇ ਦੇਣੇ ਚਾਹੀਦੇ ਹਨ। ਸੱਚਮੁੱਚ ਉਸ ਦੇਸ਼ ਵਿਚ ਇਸ ਮਹਿਕਮੇ ਦੀ ਕੋਈ ਕੀਮਤ ਨਹੀਂ ਜਿੱਥੇ ਇਸ ਮਹਿਕਮੇ ਦੀਆਂ ਸਰਕਾਰੀ ਗੱਡੀਆਂ ਵਿਚ ਦੂਸਰੇ ਪਾਰੋਂ ਕਦੇ ਅੱਤਵਾਦੀ ਅਤੇ ਕਦੇ ਨਸ਼ਾ ਆਉਂਦਾ ਹੋਵੇ। ਦੇਸ਼ ਪੱਧਰ ਉਤੇ ਵੀ ਗੁਜਰਾਤ ਦੇ ਦੰਗੇ ਅਤੇ ਚੁਰਾਸੀ ਦੇ ਸਿੱਖ ਕਤਲੇਆਮ ਵਿਚ ਸਥਾਨਕ ਪੁਲਿਸ ਪ੍ਰਸ਼ਾਸਨ ਦੀ ਵਰਦੀ ਦਾਗਦਾਰ ਰਹੀ ਹੈ। ਬਰਗਾੜੀ ਬੇਅਦਬੀ ਕਾਂਡ ਵਿਚ ਪੰਜਾਬ ਪੁਲਿਸ ਦੀ ਨਾਕਾਮੀ ਜੱਗ ਜ਼ਾਹਰ ਹੈ। ਪਿੱਛੇ ਜਿਹੇ ਹੋਏ ਨਿਰੰਕਾਰੀ ਭਵਨ ਦੇ ਹਮਲੇ ਵਿਚ ਸਰਕਾਰ ਵੱਲੋਂ ਨਿਰੰਕਾਰੀ ਭਵਨ ਦੇ ਹਮਲਾਵਰਾਂ ਨੂੰ ਫੜਨ ਦੇ ਦਾਅਵੇ ਕੀਤੇ ਜਾ ਰਹੇ ਸਨ। 72 ਘੰਟਿਆਂ ਵਿੱਚ ਦੋਸ਼ੀਆਂ ਨੂੰ ਫੜਨ ਵਾਲੀ ਸਰਕਾਰ ਸ਼ੱਕ ਦੇ ਘੇਰੇ ਵਿਚ ਹੈ। ਦੂਜੇ ਪਾਸੇ ਸਰਕਾਰੀ ਅੱਤਵਾਦੀ ਜਿਨ੍ਹਾਂ ਨੇ ਬਰਗਾੜੀ ਸੰਗਤਾਂ 'ਤੇ ਗੋਲੀਆਂ ਚਲਾਈਆਂ, ਬਹੁਤ ਦੇਰੀ ਨਾਲ ਫੜੇ ਗਏ। ਕਿਸ ਨੇ ਗੋਲੀ ਦਾ ਹੁਕਮ ਦਿੱਤਾ, ਗੋਲੀਆਂ ਕਿਸ-ਕਿਸ ਪੁਲਿਸ ਮੁਲਾਜ਼ਮ ਦੀ ਬੰਦੂਕ ਵਿੱਚੋਂ ਨਿਕਲੀਆਂ, ਸਰਕਾਰੀ ਬੰਦੂਕਾਂ, ਸਰਕਾਰੀ ਰੌਂਦ, ਪੰਜ ਮਿੰਟ ਵਿਚ ਦੋਸ਼ੀ ਫੜੇ ਜਾ ਸਕਦੇ ਸਨ। ਜਦ ਗੋਲੀਆਂ ਚਲਾਉਣ ਵਾਲੇ ਫੜੇ ਜਾਂਦੇ ਤਾਂ ਮਾਸਟਰ ਮਾਈਂਡ ਆਪਣੇ ਆਪ ਲੱਭ ਜਾਂਦਾ। ਹੁਣ ਸਵਾਲ ਇਹ ਹੈ ਕਿ ਕੀ ਪੁਲਿਸ ਦਾ ਆਪਣੇ ਰਾਜ ਪ੍ਰਤੀ, ਆਪਣੇ ਲੋਕਾਂ ਪ੍ਰਤੀ ਕੋਈ ਕਰੱਤਵ ਨਹੀਂ? ਕੀ ਪੁਲਿਸ ਉਪਰੋਂ ਆਏ ਹੁਕਮਾਂ 'ਤੇ ਬੇਦੋਸ਼ੇ ਲੋਕਾਂ ਉਪਰ ਫਾਇਰਿੰਗ ਕਰੇਗੀ? ਕੀ ਪੁਲਿਸ ਪੈਸੇ ਖਾਤਿਰ ਕਿਸੇ ਵੀ ਬੇਕਸੂਰ ਉਪਰ ਜ਼ੁਲਮ ਕਰਕੇ ਦੋਸ਼ ਕਬੂਲ ਕਰਵਾ ਲਵੇਗੀ? ਕੀ ਇਹ ਪੁਲਿਸੀਆ ਅੱਤਵਾਦ ਨਹੀਂ? ਅੱਤਵਾਦੀ ਪੈਸੇ ਖਾਤਿਰ ਨਿਰਦੋਸ਼ੇ ਲੋਕਾਂ ਨੂੰ ਮਾਰਨ ਵਾਲਿਆਂ ਨੂੰ ਕਹਿੰਦੇ ਹਨ ਅਤੇ ਪੁਲਿਸ ਵੀ ਸਰਕਾਰੀ ਖਜ਼ਾਨੇ ਵਿੱਚੋਂ ਪੈਸੇ ਲੈ ਕੇ ਲੋਕਾਂ ਨੂੰ ਮਾਰ ਰਹੀ ਹੈ। ਕੋਈ ਬੇਰੁਜ਼ਗਾਰ ਪੈਸੇ ਖਾਤਿਰ ਕਦੇ ਮਾਨਵ ਬੰਬ ਬਣਦਾ ਹੈ ਤੇ ਕਦੇ ਪੁਲਿਸ ਨੌਕਰੀਆਂ ਤੇ ਤਰੱਕੀਆਂ ਖਾਤਿਰ ਭਾਈਆਂ ਦਾ ਕਤਲ ਕਰਦੀ ਹੈ। ਖੈਰ ਦੇਖਦੇ ਹਾਂ ਕਿ ਇਸ ਵੱਡੇ ਅਜਗਰ ਬਣੇ ਪੁਲਿਸ ਵਿਭਾਗ ਨੂੰ ਕੀ ਦਿਨਕਰ ਗੁਪਤਾ ਨੱਥ ਪਾ ਸਕਣਗੇ? ਕੀ ਦਿਨਕਰ ਗੁਪਤਾ ਸਾਊ ਮੁੰਡਿਆਂ ਤੋਂ ਬਣਦੇ ਗੈਂਗਸਟਰਾਂ ਨੂੰ ਅਗਵਾਈ ਦੇ ਕੇ ਚੰਗੇ ਪਾਸੇ ਲਾ ਸਕਣਗੇ? ਕੀ ਦਿਨਕਰ ਗੁਪਤਾ ਪੰਜਾਬ ਪੁਲਿਸ ਦੇ ਧੁੰਦਲੇ ਹੋਏ ਅਕਸ ਨੂੰ ਸੁਧਾਰ ਸਕਣਗੇ? ਕੀ ਦਿਨਕਰ ਗੁਪਤਾ ਪੈਂਡਿੰਗ ਪਏ ਕੇਸਾਂ ਨੂੰ ਜਲਦੀ ਹੱਲ ਕਰਨਗੇ? ਕੀ ਦਿਨਕਰ ਗੁਪਤਾ ਭੇਸ ਵਟਾ ਆਪਣੀ ਪੁਲਿਸ ਦਾ ਸਮੇਂ-ਸਮੇਂ ਸਿਰ ਇਮਤਿਹਾਨ ਲੈਂਦੇ ਰਹਿਣਗੇ? ਕੀ ਨਿਆਂ ਨੂੰ ਤਰਸਦੇ ਔਰਤਾਂ ਅਤੇ ਬੱਚੇ ਸੰਤੁਸ਼ਟ ਸਕਣਗੇ? ਪੰਜਾਬ ਦੇ ਲੋਕਾਂ ਨੂੰ ਉਨ੍ਹਾਂ ਤੋਂ ਬਹੁਤ ਸਾਰੀਆਂ ਉਮੀਦਾਂ ਹਨ, ਜਿਨ੍ਹਾਂ ਉਤੇ ਸ਼ਾਇਦ ਹੀ ਗੁਪਤਾ ਜੀ ਪੂਰੇ ਉਤਰ ਸਕਣ।



## ਬਾਬਿਆਂ ਦੇ ਚਮਤਕਾਰ

**ਬਲਰਾਜ ਸਿੰਘ ਸਿੱਧੂ, (ਐਸਪੀ ਪੰਜਾਬ ਪੁਲੀਸ)**

ਅੰਧਵਿਸ਼ਵਾਸ ਨੇ ਸਾਡੇ ਸਮਾਜ ਨੂੰ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਬਹੁਤ ਘੱਟ ਅਜਿਹੇ ਲੋਕ ਹੋਣਗੇ ਜੋ ਬਿਲਕੁਲ ਅੰਧਵਿਸ਼ਵਾਸੀ ਨਹੀਂ ਹਨ। ਇੱਕ ਵਾਰ ਜੇ ਕਿਸੇ ਦੇ ਮਨ ਕੋਈ ਵਹਿਮ ਪੈ ਗਿਆ ਤਾਂ ਫਿਰ ਉਹ ਨਿਕਲ ਨਹੀਂ ਸਕਦਾ। ਬਚਪਨ ਤੋਂ ਹੀ ਬੱਚਿਆਂ ਨੂੰ ਸਿਖਾਇਆ ਜਾਂਦਾ ਹੈ ਕਿ ਕਿੰਨਾ ਵੀ ਜ਼ਰੂਰੀ ਕੰਮ ਹੋਵੇ, ਪਿੱਛੋਂ ਆਵਾਜ਼ ਵੱਜਣ 'ਤੇ, ਛਿੱਕ ਵੱਜਣ 'ਤੇ, ਜੇ ਕਾਲ਼ੀ ਬਿੱਲੀ ਰਸਤਾ ਕੱਟ ਜਾਵੇ ਤਾਂ ਰੁਕ ਜਾਣਾ ਹੈ, ਬਲਕਿ ਘਰ ਵਾਪਸ ਆ ਜਾਣਾ ਹੈ। ਕਈ ਮੂਰਖ ਇਸ ਚੱਕਰ ਵਿਚ ਜ਼ਰੂਰੀ ਕੰਮਾਂ ਤੋਂ ਲੇਟ ਹੋ ਜਾਂਦੇ ਹਨ। ਬੱਚੇ ਪੇਪਰਾਂ ਵਿਚ ਟਾਈਮ 'ਤੇ ਨਹੀਂ ਪਹੁੰਚਦੇ ਅਤੇ ਕਈ ਨੌਕਰੀ ਦੀ ਇੰਟਰਵਿਊ ਮਿੱਸ ਕਰ ਬੈਠਦੇ ਹਨ। ਇਸ ਤੋਂ ਇਲਾਵਾ ਹੋਰ ਪ੍ਰਚਲਿਤ ਵਹਿਮ ਹਨ, ਰਾਤ ਨੂੰ ਨਹੁੰ ਨਹੀਂ ਕੱਟਣੇ, ਬਿੱਲੀਆਂ ਅੱਖਾਂ ਵਾਲਾ ਬੰਦਾ ਤੇ ਮੁੱਛਾਂ ਵਾਲੀ ਔਰਤ ਬੁਰੇ ਹੁੰਦੇ ਹਨ, ਸ਼ਨੀ ਦੇਵਤੇ ਨੂੰ ਸ਼ਨੀਵਾਰ ਤੇਲ ਚੜ੍ਹਾਉਣਾ, ਮੰਗਲ ਅਤੇ ਵੀਰਵਾਰ ਨੂੰ ਵਾਲ ਨਹੀਂ ਕਟਵਾਉਣੇ, ਬੁਰੀ ਨਜ਼ਰ





ਤੋਂ ਬਚਣ ਲਈ ਦੁਕਾਨ ਦੇ ਅੱਗੇ ਮਿਰਚਾਂ ਅਤੇ ਨਿੰਬੂ ਲਟਕਾਉਣੇ ਅਤੇ ਨਵੀਂ ਨਕੋਰ ਲੱਖਾਂ ਦੀ ਗੱਡੀ ਅੱਗੇ ਟੁੱਟੀ ਤੇ ਸੜੀ ਹੋਈ ਜੁੱਤੀ ਬੰਨ੍ਹਣੀ।ਜਿਵੇਂ ਜਿਵੇਂ ਸਮਾਜ ਗੁੰਝਲਦਾਰ ਹੁੰਦਾ ਜਾ ਰਿਹਾ ਹੈ, ਤਿਵੇਂ ਤਿਵੇਂ ਵਹਿਮ ਭਰਮ ਵਧਦੇ ਜਾ ਰਹੇ ਹਨ। ਐਤਵਾਰ ਨੂੰ ਕਈ ਅਖਬਾਰਾਂ ਦੇ ਤਿੰਨ ਚਾਰ ਪੰਨੇ ਪੂਰੇ ਦੇ ਪੂਰੇ ਪਾਖੰਡੀ ਤਾਂਤਰਿਕਾਂ ਦੇ ਇਸ਼ਤਿਹਾਰਾਂ ਨਾਲ ਭਰੇ ਹੁੰਦੇ ਹਨ। ਇਹਨਾਂ ਇਸ਼ਤਿਹਾਰਾਂ ਵਿਚ ਸਿਰਫ ਫੋਨ ਕਰਨ 'ਤੇ ਹੀ ਦੁਸ਼ਮਣ ਨੂੰ ਨਸ਼ਟ ਕਰਨ ਦੀ ਤੇ ਪਤਨੀ ਪਤੀ ਦੇ ਪੈਰਾਂ ਵਿਚ ਲਿਟਾਉਣ ਦੀ ਗਾਰੰਟੀ ਦਿੱਤੀ ਜਾਂਦੀ ਹੈ, ਤਾਂਤਰਿਕ ਆਪ ਭਾਵੇਂ ਰੋਜ਼ ਘਰਵਾਲੀ ਤੋਂ ਛਿੱਤਰ ਖਾਂਦਾ ਹੋਵੇ। ਦੱਬੇ ਖਜ਼ਾਨੇ ਗਾਰੰਟੀ ਨਾਲ ਪੁੱਟਵਾਏ ਜਾਂਦੇ ਹਨ। ਬੰਦਾ ਪੁੱਛੇ, ਤੂੰ ਆਪ ਕਿਉਂ ਨਹੀਂ ਪੁੱਟ ਕੇ ਅਮੀਰ ਹੋ ਜਾਂਦਾ? ਅਜਿਹੇ ਇਸ਼ਤਿਹਾਰ ਪੰਜਾਬ ਵਿਚ ਹੀ ਨਹੀਂ, ਸਗੋਂ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਆਦਿ ਦੇ ਅਖਬਾਰਾਂ ਵਿਚ ਵੀ ਧੜੱਲੇ ਨਾਲ ਛਪਦੇ ਹਨ। ਅਸਲ ਵਿਚ ਉਹ ਕਹਿੰਦੇ ਹਨ ਕਿ ਜਿਹੜੇ ਲਾਹੌਰ ਬੁੱਧੂ, ਉਹ ਪਸ਼ੌਰ ਬੁੱਧੂ, ਬਾਹਰ ਜਾਣ ਨਾਲ ਅਕਲ ਥੋੜ੍ਹਾ ਆ ਜਾਂਦੀ ਹੈ। ਜਦੋਂ ਕੋਈ ਵਿਅਕਤੀ ਤਰੱਕੀ ਕਰ ਜਾਂਦਾ ਹੈ ਤਾਂ ਉਸ ਨੂੰ ਹਮੇਸ਼ਾ

ਬਾਕੀ ਸਫ਼ਾ 28 'ਤੇ

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਮਨੁੱਖਤਾ ਦੇ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ

ਗੁਰਸ਼ਰਨ ਸਿੰਘ ਕੁਮਾਰ



ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਸਨ। ਉਨ੍ਹਾਂ ਦਾ ਪ੍ਰਕਾਸ਼ ਸੰਨ 1469 ਈਸਵੀ ਵਿਚ ਰਾਏ ਭੋਇ ਦੀ ਤਲਵੰਡੀ (ਪਾਕਿਸਤਾਨ) ਮਹਿਤਾ ਕਾਲੂ ਜੀ ਦੇ ਗ੍ਰਹਿ ਵਿਖੇ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਹੋਇਆ। ਚਾਲੂ ਸਾਲ 2019 ਵਿਚ ਉਨ੍ਹਾਂ ਦਾ 550ਵਾਂ ਪ੍ਰਕਾਸ਼ ਉਤਸਵ ਮਨਾਉਣ ਦਾ ਅਤੇ ਇਸ ਦੇ ਜਲੌਅ ਦੁਨੀਆ ਭਰ ਵਿਚ ਦੇਖਣ ਦਾ ਸੁਭਾਗ ਪ੍ਰਾਪਤ ਹੋਵੇਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਸੰਸਾਰ ਵਿਚ ਆਉਣ ਤੋਂ ਪਹਿਲਾਂ ਸਮਾਜ ਚਾਰ ਵਰਣਾਂ (ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ) ਵਿਚ ਵੰਡਿਆ ਹੋਇਆ ਸੀ। ਵੱਖ-ਵੱਖ ਧਰਮਾਂ ਦੇ ਪੈਰੋਕਾਰ ਇਕ-ਦੂਸਰੇ ਨੂੰ ਘਟੀਆ ਅਤੇ ਆਪਣੇ ਦੁਸ਼ਮਣ ਸਮਝਦੇ ਸਨ। ਚਾਰੇ ਪਾਸੇ ਕੂੜ ਦਾ ਬੋਲਬਾਲਾ ਸੀ। ਦੁਖੀਆਂ ਦੀ ਬਾਂਹ ਫੜਨ ਵਾਲਾ ਕੋਈ ਰਹਿਨੁਮਾ ਨਹੀਂ ਸੀ ਦਿਸਦਾ। ਅਸਮਾਨ 'ਤੇ ਜ਼ੁਲਮ ਅਤੇ ਦਹਿਸ਼ਤਗਰਦੀ ਦੇ ਕਾਲੇ ਬੱਦਲ ਛਾਏ ਹੋਏ ਸਨ। ਸਭ ਪਾਸੇ ਹਨ੍ਹੇਰਾ ਹੀ ਹਨ੍ਹੇਰਾ ਸੀ। ਗੁਰੂ ਨਾਨਕ ਦੇਵ ਜੀ ਦੇ ਇਸ ਸੰਸਾਰ 'ਤੇ ਆਉਣ 'ਤੇ ਜਿਵੇਂ ਇਕਦਮ ਗਿਆਨ ਦਾ ਚਾਨਣ ਹੋ ਗਿਆ। ਇਸੇ ਲਈ ਭਾਈ ਗੁਰਦਾਸ ਜੀ ਲਿਖਦੇ ਹਨ :

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਉਨ੍ਹਾਂ ਦੇ ਜੀਵਨ ਫਲਸਫੇ ਨੂੰ ਸਮਝਣ ਲਈ ਗੁਰੂ ਨਾਨਕ ਦੇਵ ਜੀ ਜਿੰਨਾ ਉੱਚਾ ਹੋਣ ਦੀ ਹੀ ਲੋੜ ਹੈ। ਜੇ ਅਸੀਂ ਇਕ ਯਾਤਰੂ ਦੇ ਤੌਰ 'ਤੇ ਹੀ ਉਨ੍ਹਾਂ ਦੇ ਜੀਵਨ 'ਤੇ ਝਾਤੀ ਮਾਰਦੇ ਹਾਂ ਤਾਂ ਉਨ੍ਹਾਂ ਪੈਦਲ ਚਾਰ ਦਿਸ਼ਾਵਾਂ ਵੱਲ ਚਾਰ ਵੱਡੀਆਂ ਯਾਤਰਾਵਾਂ ਕੀਤੀਆਂ, ਜਿਨ੍ਹਾਂ ਨੂੰ ਚਾਰ ਉਦਾਸੀਆਂ ਵੀ ਕਿਹਾ ਜਾਂਦਾ ਹੈ। ਇਨ੍ਹਾਂ ਉਦਾਸੀਆਂ ਦੌਰਾਨ ਆਪ ਜੈਨੀਆਂ, ਬੋਧੀਆਂ, ਹਿੰਦੂਆਂ ਦੇ ਵੱਖ-ਵੱਖ ਤੀਰਥ ਸਥਾਨਾਂ ਅਤੇ ਮੁਸਲਮਾਨਾਂ ਦੇ ਧਾਰਮਿਕ ਸਥਾਨਾਂ 'ਤੇ ਵੀ ਗਏ। ਜਿਵੇਂ ਕੁਰੂਕਸ਼ੇਤਰ, ਹਰਿਦੁਆਰ, ਮਥੁਰਾ, ਬਨਾਰਸ, ਆਸਾਮ, ਗਯਾ, ਢਾਕਾ, ਜਗਨਨਾਥਪੁਰੀ, ਲਾਹੌਰ, ਸੰਗਲਾਦੀਪ, ਹੈਦਰਾਬਾਦ, ਗੋਲਕੁੰਡਾ, ਬਦਰੀਨਾਥ, ਕੈਲਾਸ਼ ਮਾਨਸਰੋਵਰ, ਨੇਪਾਲ, ਸਿੱਕਮ, ਭੂਟਾਨ, ਡੇਰਾ ਗਾਜ਼ੀ ਖਾਂ, ਡੇਰਾ ਇਸਮਾਇਲ ਖਾਂ, ਮੱਕਾ, ਮਦੀਨਾ, ਬਗ਼ਦਾਦ, ਬੁਖ਼ਾਰਾ, ਹਸਨ ਅਬਦਾਲ ਅਤੇ ਤੁਰਕੀ ਆਦਿ ਸਥਾਨਾਂ 'ਤੇ ਗਏ। ਉੱਥੇ ਆਪ ਜੀ ਨੇ ਕਾਜ਼ੀਆਂ, ਬ੍ਰਾਹਮਣਾਂ, ਜੋਗੀਆਂ, ਸਿੱਧਾਂ ਅਤੇ ਮੁੱਲਾਂ-ਮੁਲਾਣਿਆਂ ਨਾਲ ਗੋਸ਼ਟੀਆਂ ਕੀਤੀਆਂ। ਆਪ ਨੇ ਸੱਜਣ ਠੱਗ, ਕੌਡੇ ਰਾਖ਼ਸ਼ ਅਤੇ ਮਲਿਕ ਭਾਗੋ ਵਰਗਿਆਂ ਨੂੰ ਸਿੱਧੇ ਰਾਹ ਪਾਇਆ ਅਤੇ ਲੋਕਾਂ ਨੂੰ ਵਹਿਮਾਂ-ਭਰਮਾਂ ਅਤੇ ਪਾਖੰਡਾਂ ਵਿਚੋਂ ਨਿਕਲ ਕੇ ਧਰਮ ਦੇ ਰਸਤੇ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਦੱਬੇ-ਕੁਚਲੇ ਲੋਕਾਂ ਦੀ ਬਾਂਹ ਫੜੀ ਅਤੇ ਝੂਠੇ ਅਡੰਬਰਾਂ ਖਿਲਾਫ਼ ਆਵਾਜ਼ ਬੁਲੰਦ ਕੀਤੀ। ਇਸ ਤਰ੍ਹਾਂ ਉਹ ਇਕ ਮਹਾਨ ਯਾਤਰੀ ਅਤੇ ਮਹਾਨ ਧਾਰਮਿਕ ਆਗੂ ਸਾਬਤ ਹੋਏ।

ਜੇ ਇਕ ਗ੍ਰਹਿਸਥੀ ਦੇ ਤੌਰ 'ਤੇ ਜਾਂ ਕਾਮੇ ਦੇ ਤੌਰ 'ਤੇ ਦੇਖੀਏ ਤਾਂ ਉਹ ਧਾਰਮਿਕ ਆਗੂ ਹੋਣ ਦੇ ਨਾਲ-ਨਾਲ ਪੂਰੇ ਗ੍ਰਹਿਸਥੀ ਅਤੇ ਮਹਾਨ ਕਾਮੇ ਵੀ ਸਨ। ਉਨ੍ਹਾਂ ਨੇ ਗ੍ਰਹਿਸਥ ਧਰਮ ਨਿਭਾਉਂਦਿਆਂ ਹੋਇਆਂ 18 ਸਾਲ ਦੀ ਉਮਰ ਵਿਚ ਬੀਬੀ ਸੁਲੱਖਣੀ ਜੀ ਨਾਲ ਸ਼ਾਦੀ ਕੀਤੀ, ਜਿਸ ਤੋਂ ਉਨ੍ਹਾਂ ਦੇ ਦੋ ਬੇਟੇ ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀ ਦਾਸ ਪੈਦਾ ਹੋਏ। ਦੋਵੇਂ ਬੇਟੇ ਬਹੁਤ ਧਾਰਮਿਕ ਅਤੇ ਤਿਆਗੀ ਸੁਭਾਅ ਦੇ ਸਨ। ਇਕ ਕਿਰਤੀ ਦੇ ਤੌਰ 'ਤੇ ਬਚਪਨ ਵਿਚ ਆਪ ਨੇ ਮੱਝਾਂ ਚਾਰੀਆਂ, ਜਵਾਨੀ ਵਿਚ ਆਪਣੀ ਵੱਡੀ ਭੈਣ ਨਾਨਕੀ ਜੀ ਅਤੇ ਭਣਵੱਈਏ ਜੈ ਰਾਮ ਜੀ ਦੇ ਕਹਿਣ 'ਤੇ ਮੋਦੀਖਾਨੇ ਦੀ ਨੌਕਰੀ ਕੀਤੀ ਅਤੇ ਬੁਢਾਪੇ ਵਿਚ ਕਰਤਾਰਪੁਰ ਵਿਖੇ ਆਪਣੇ ਅੰਤਿਮ 17 ਸਾਲ ਆਪਣੇ ਹੱਥੀਂ ਖੇਤੀ ਕੀਤੀ। ਇਸ ਤਰ੍ਹਾਂ ਗ੍ਰਹਿਸਥ ਧਰਮ ਨਿਭਾਉਂਦੇ ਹੋਏ ਉਨ੍ਹਾਂ ਕਦੇ ਕਿਰਤ ਤੋਂ ਵੀ ਮੂੰਹ ਨਹੀਂ ਮੋੜਿਆ। ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਹੀ ਉਨ੍ਹਾਂ ਦਾ ਸੰਦੇਸ਼ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਧਾਰਮਿਕ ਆਗੂ ਹੋਣ ਦੇ ਨਾਲ-ਨਾਲ ਬਹੁਤ ਸ਼ਾਂਤ ਸੁਭਾਅ ਦੇ ਅਤੇ ਮਿੱਠਬੋਲੜੇ ਵੀ ਸਨ। ਜੋ ਵੀ ਇਕ ਵਾਰੀ ਆਪ ਜੀ ਦੇ ਦਰਸ਼ਨ ਕਰ ਲੈਂਦਾ, ਉਹ ਆਪ ਜੀ ਦਾ ਹੀ ਹੋ ਕੇ ਰਹਿ ਜਾਂਦਾ। ਇਸੇ ਲਈ ਉਹ ਜਿਸ ਵੀ ਦੇਸ਼ ਵਿਚ ਗਏ, ਉੱਥੋਂ ਦੇ ਲੋਕਾਂ ਨੇ ਆਪ ਜੀ ਨੂੰ ਆਪਣਾ ਧਾਰਮਿਕ ਗੁਰੂ ਮੰਨਿਆ।

ਆਪ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ। ਇਹ ਸਿੱਖ ਧਰਮ ਵੱਖ-ਵੱਖ ਗੁਰੂ ਸਾਹਿਬਾਨ ਦੀ ਰਹਿਨੁਮਾਈ ਵਿਚੋਂ ਹੁੰਦਾ ਹੋਇਆ ਜਦ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਪਾਸ ਪੁੱਜਿਆ ਤਾਂ ਉਨ੍ਹਾਂ ਨੇ ਖ਼ਾਲਸਾ ਪੰਥ ਦੀ ਸਥਾਪਨਾ ਕਰ ਕੇ ਇਸ ਧਰਮ ਨੂੰ ਇਕ ਵੱਖਰੀ ਪਹਿਚਾਣ ਦਿੱਤੀ ਅਤੇ ਸਿੱਖਾਂ ਤੋਂ ਸਿੰਘ ਸਜਾਏ। ਉਨ੍ਹਾਂ ਨੇ ਸਿੱਖਾਂ ਨੂੰ ਸੰਤ ਤੋਂ ਸੰਤ-ਸਿਪਾਹੀ ਬਣਾਇਆ, ਤਾਂ ਕਿ ਗ਼ਰੀਬਾਂ ਅਤੇ ਮਜ਼ਲੂਮਾਂ ਦੀ ਜਾਬਰਾਂ ਤੋਂ ਰੱਖਿਆ ਹੋ ਸਕੇ। ਇਸ ਤਰ੍ਹਾਂ ਸਿੱਖਾਂ ਦੀ ਇਕ ਵੱਖਰੀ ਕੌਮ ਹੋਂਦ ਵਿਚ ਆਈ।

ਗੁਰੂ ਨਾਨਕ ਦੇਵ ਜੀ ਇਕ ਮਹਾਨ ਸਾਹਿਤਕਾਰ ਵੀ ਸਨ। ਉਹ ਪੰਜਾਬੀ, ਸੰਸਕ੍ਰਿਤ ਅਤੇ ਫਾਰਸੀ ਭਾਸ਼ਾ ਦੇ ਮਾਹਿਰ ਸਨ। ਉਨ੍ਹਾਂ ਨੇ 19 ਰਾਗਾਂ ਵਿਚ (974 ਸ਼ਬਦ) ਬੜੀ ਸਰਲ ਭਾਸ਼ਾ ਵਿਚ ਬਾਣੀ ਉਚਾਰਨ ਕੀਤੀ। ਆਪ ਜੀ ਦੀਆਂ ਬਾਣੀਆਂ ਜਪੁ ਜੀ ਸਾਹਿਬ, ਆਸਾ ਦੀ ਵਾਰ, ਸਿੱਧ ਗੋਸ਼ਟਿ, ਪਹਿਰੇ, ਦੱਖਣੀ ਓਅੰਕਾਰ ਅਤੇ ਬਾਰਹ ਮਾਹ ਤੁਖਾਰੀ ਆਦਿ ਹਨ। ਉਨ੍ਹਾਂ ਨੇ ਆਪਣੀ ਬਾਣੀ ਦੇ ਨਾਲ-ਨਾਲ ਆਪਣੇ ਤੋਂ ਪਹਿਲਾਂ ਹੋ ਚੁੱਕੇ ਸੰਤਾਂ-ਮਹਾਂਪੁਰਖਾਂ ਦੀ ਬਾਣੀ ਨੂੰ ਵੀ ਸੰਭਾਲਿਆ। ਇਹ ਸਾਰੀ ਹੀ ਬਾਣੀ ਵੱਖ-ਵੱਖ ਗੁਰੂ ਸਾਹਿਬਾਨ ਦੇ ਹੱਥੋਂ ਹੁੰਦੀ ਹੋਈ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਪਾਸ ਪਹੁੰਚੀ।

ਗੁਰੂ ਨਾਨਕ ਦੇਵ ਜੀ ਇਕ ਧਰਮ-ਨਿਰਪੱਖ ਆਗੂ ਵੀ ਸਨ। ਉਹ ਹਿੰਦੂ ਜਾਂ ਮੁਸਲਮਾਨ ਵਿਚ ਕੋਈ ਫ਼ਰਕ ਨਹੀਂ ਸਨ ਸਮਝਦੇ। ਜੇ ਉਹ ਆਪਣੇ ਪ੍ਰਚਾਰ ਲਈ ਹਿੰਦੂਆਂ ਦੇ ਮੰਦਰਾਂ ਅਤੇ ਤੀਰਥਾਂ 'ਤੇ ਗਏ ਤਾਂ ਉਹ ਮੁਸਲਮਾਨਾਂ ਦੇ ਤੀਰਥ ਸਥਾਨਾਂ 'ਤੇ ਵੀ ਗਏ। ਆਪ ਜੀ 22 ਸਤੰਬਰ, 1539 ਈਸਵੀ ਨੂੰ ਕਰਤਾਰਪੁਰ ਵਿਖੇ ਜੋਤੀ-ਜੋਤਿ ਸਮਾਏ। ਆਪ ਜੀ ਦੇ ਜੋਤੀ-ਜੋਤਿ ਸਮਾਉਣ 'ਤੇ ਇਕ ਦੰਦ-ਕਥਾ ਚਲੀ ਆ ਰਹੀ ਹੈ ਕਿ ਹਿੰਦੂ ਆਖਣ ਇਹ ਸਾਡੇ ਗੁਰੂ ਹਨ, ਇਸ ਲਈ ਅਸੀਂ ਇਨ੍ਹਾਂ ਦੇ ਮ੍ਰਿਤਕ ਸਰੀਰ ਦਾ ਅੰਤਿਮ ਸੰਸਕਾਰ ਕਰਾਂਗੇ ਅਤੇ ਮੁਸਲਮਾਨ ਆਖਣ ਕਿ ਇਹ ਸਾਡੇ ਪੀਰ ਹਨ, ਇਸ ਲਈ ਅਸੀਂ ਇਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਆਪਣੀ ਮਰਿਆਦਾ ਅਨੁਸਾਰ ਦਫ਼ਨਾਵਾਂਗੇ। ਇਸ ਕਰਕੇ ਉਨ੍ਹਾਂ ਦੀ ਯਾਦ ਵਿਚ ਕਰਤਾਰਪੁਰ ਵਿਖੇ ਗੁਰਦੁਆਰਾ ਅਤੇ ਕਬਰ ਨਾਲ-ਨਾਲ ਹੀ ਬਣੇ ਹੋਏ ਹਨ।

ਗੁਰੂ ਨਾਨਕ ਦੇਵ ਜੀ ਇਕ ਸਮਾਜਵਾਦੀ ਅਤੇ ਮਹਾਨ ਕ੍ਰਾਂਤੀਕਾਰੀ ਆਗੂ ਵੀ ਸਨ। ਆਪ ਦਾ ਇਹ ਸੁਭਾਅ ਬਚਪਨ ਤੋਂ ਹੀ ਪ੍ਰਗਟ ਹੋ ਗਿਆ ਸੀ, ਜਦ 11 ਸਾਲ ਦੀ ਉਮਰ ਵਿਚ ਆਪ ਜੀ ਨੇ ਪੰਡਿਤ ਤੋਂ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਆਪ ਨੇ ਸੱਚ ਅਤੇ ਧਰਮ ਦੀ ਆਵਾਜ਼ ਬੁਲੰਦ ਕੀਤੀ ਅਤੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਨਿਕਲ ਕੇ ਨੇਕੀ ਦੇ ਰਾਹ 'ਤੇ ਚੱਲਣ ਦਾ ਸੰਦੇਸ਼ ਦਿੱਤਾ। ਇਸ ਦੇ ਨਾਲ ਹੀ ਆਪ ਨਿਡਰ ਸੁਭਾਅ ਦੇ ਵੀ ਸਨ। ਸੱਚੀ ਗੱਲ ਕਹਿਣ ਲੱਗਿਆਂ ਆਪ ਕਿਸੇ ਤੋਂ ਵੀ ਨਹੀਂ ਸਨ ਡਰਦੇ। ਮਲਕ ਭਾਗੋ ਦੀ ਮਿਸਾਲ ਸਾਹਮਣੇ ਹੈ। ਉਨ੍ਹਾਂ ਦਾ ਉਪਦੇਸ਼ ਸੀ ਕਿ ਪਰਮਾਤਮਾ ਸਭ ਥਾਂ ਮੌਜੂਦ ਹੈ। ਆਪ ਨੇ ਜੋਗੀਆਂ ਨੂੰ ਦੱਸਿਆ ਕਿ ਜੇ ਧਾਰਮਿਕ ਲੋਕ ਹੀ ਦੁਨੀਆਂਦਾਰੀ ਨੂੰ ਛੱਡ ਕੇ ਪਰਬਤਾਂ 'ਤੇ ਜਾ ਬੈਠਣਗੇ ਤਾਂ ਗ਼ਰੀਬਾਂ ਅਤੇ ਬੇਸਹਾਰਿਆਂ ਦੀ ਬਾਂਹ ਕੌਣ ਫੜੇਗਾ? ਆਪ ਨੇ ਬਾਹਰਲੇ ਧਾੜਵੀ ਰਾਜਾ ਬਾਬਰ ਨੂੰ ਵੀ ਜਾਬਰ ਕਹਿਣ ਦਾ ਹੌਸਲਾ ਕੀਤਾ ਅਤੇ ਰੱਬ ਨੂੰ ਵੀ ਮਿੱਠਾ ਉਲ੍ਹਾਂਭਾ ਦਿੱਤਾ :

ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨਾ ਆਇਆ॥ (ਅੰਗ 360)

ਗੁਰੂ ਜੀ ਨੇ ਔਰਤ ਦੀ ਦੁਰਦਸ਼ਾ ਨੂੰ ਬਹੁਤ ਸ਼ਿੱਦਤ ਨਾਲ ਮਹਿਸੂਸ ਕੀਤਾ ਅਤੇ ਉਸ ਨੂੰ ਸਮਾਜ ਵਿਚ ਮਰਦਾਂ ਦੇ ਬਰਾਬਰ ਦਰਜਾ ਦਿੱਤਾ।

ਗੁਰੂ ਜੀ ਨੇ ਫ਼ੁਰਮਾਇਆ :

ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥ (ਅੰਗ 473)

ਗੁਰੂ ਨਾਨਕ ਦੇਵ ਜੀ ਮੋਹ ਮਾਇਆ ਤੋਂ ਬਿਲਕੁਲ ਨਿਰਲੇਪ ਸਨ। ਉਨ੍ਹਾਂ ਨੇ ਪੁੱਤਰ-ਮੋਹ ਤੋਂ ਉੱਪਰ ਉੱਠ ਕੇ ਯੋਗਤਾ ਨੂੰ ਪਹਿਲ ਦਿੱਤੀ ਅਤੇ ਭਾਈ ਲਹਿਣਾ ਜੀ ਨੂੰ ਆਪਣੇ ਜਿਊਂਦੇ ਜੀਅ ਗੁਰਗੱਦੀ ਦੇ ਕੇ ਇਕ ਨਵੀਂ ਪਿਰਤ ਪਾਈ।

ਗੁਰੂ ਸਾਹਿਬ ਇਕ ਮਹਾਨ ਦਾਨੀ ਵੀ ਸਨ। ਉਨ੍ਹਾਂ ਨੇ ਪਿਤਾ ਵਲੋਂ ਸੌਦਾ ਕਰਨ ਲਈ ਦਿੱਤੇ 20 ਰੁਪਏ ਸਾਧੂਆਂ ਨੂੰ ਭੋਜਨ ਕਰਨ 'ਤੇ ਖਰਚ ਦਿੱਤੇ ਅਤੇ ਸਿੱਖ ਧਰਮ ਵਿਚ ਲੰਗਰ ਦੀ ਪ੍ਰਥਾ ਚਲਾਈ, ਜੋ ਅੱਜ ਦੁਨੀਆ ਭਰ ਵਿਚ ਫੈਲ ਕੇ ਆਪਣੀ ਖ਼ੁਸ਼ਬੂ ਫੈਲਾਅ ਰਹੀ ਹੈ।

## ਗੁਰੂ ਨਾਨਕ ਉਪਦੇਸ਼-ਸਫ਼ਲ ਜੀਵਨ ਜੁਗਤ

**ਡਾਕਟਰ ਇੰਦਰਜੀਤ ਸਿੰਘ ਗੋਗੋਆਣੀ**
(ਮੋਬਾ: 98159-85559)



ਸੰਸਾਰ ਵਿਚ ਕੁਝ ਵਰਗ ਕੇਵਲ ਜੂਨ ਹੰਢਾਉਂਦਾ ਹੈ ਅਤੇ ਕੁਝ ਲੋਕ ਜੀਵਨ ਜਿਊਂਦੇ ਹਨ। ਸਫ਼ਲ ਜੀਵਨ ਯਾਤਰਾ ਲਈ ਹਰੇਕ ਮਨੁੱਖ ਵਾਸਤੇ ਸਹੀ ਗਿਆਨ ਤੇ ਜੀਵਨ ਜੁਗਤ ਜ਼ਰੂਰੀ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਜਗਤ ਗੁਰ ਬਾਬਾ ਤੇ ਵਿਸ਼ਵ ਦੇ ਰਹਿਬਰ ਸਨ। ਸਤਿਗੁਰਾਂ ਨੇ ਸੰਸਾਰ ਨੂੰ ਜੋ ਮਹਾਨ ਉਪਦੇਸ਼ ਬਖ਼ਸ਼ੇ, ਉਹ ਹਰ ਯੁੱਗ ਵਿਚ ਚੰਗੇ ਸਮਾਜ ਦੀ ਸਿਰਜਣਾ, ਵਿਸ਼ਵ ਪ੍ਰੇਮ ਤੇ ਮਾਨਵੀ ਜੀਵਨ ਜੁਗਤ ਦਾ ਆਧਾਰ ਰਹਿਣਗੇ।

ਜਗਤ ਗੁਰ ਬਾਬੇ ਨੇ ਇਕ ਅਕਾਲ ਦੀ ਸ਼ਕਤੀ ਤੇ ਸਰੂਪ ਦਾ ਜੋ ਮੂਲ ਮੰਤਰ ਵਿਚ ਵਰਣਨ ਕੀਤਾ, ਉਹ ਹਰ ਬਾਸ਼ਿੰਦੇ ਲਈ ਉਚ-ਨੀਚ, ਜਾਤ-ਪਾਤ, ਰੰਗ-ਨਸਲ ਦੇ ਭੇਦ-ਭਾਵ ਨੂੰ ਤਿਆਗ ਕੇ ਸਾਂਝੀਵਾਲਤਾ ਦਾ ਸਬਕ ਹੈ। ਗੁਰੂ ਜੀ ਅਨੁਸਾਰ ਸੰਗੀਤ, ਰਾਗ, ਕਾਵਿ ਕਲਾ ਆਦਿ ਕਲਾਵਾਂ ਵਿਚ ਵੱਡੀ ਸ਼ਕਤੀ ਹੈ ਅਤੇ ਜਦ ਮਨੁੱਖੀ ਸੁਰਤ-ਚੇਵੀ ਸ਼ਬਦ ਦੀ ਧੁਨ ਨਾਲ ਇਕਮਿਕ ਹੋਵੇਗੀ ਤਾਂ ਅਨੰਦਮਈ ਤੇ ਵਿਸਮਾਦੀ ਜੀਵਨ ਜੀਓਗੇ। ਇਸ ਲਈ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ' ਦੀ ਸੰਭਾਲ ਜ਼ਰੂਰੀ ਹੈ। ਸਤਿਗੁਰਾਂ ਦੀ ਜਨੇਊ ਵਾਲੀ ਸਾਖੀ 'ਚ ਸਿੱਖਿਆ ਹੈ ਕਿ ਧਰਮਾਂ ਦੇ ਬਾਹਰੀ ਧਾਰਮਿਕ ਚਿੰਨ੍ਹ ਕੇਵਲ ਵਿਖਾਵਾ ਨਾ ਹੋਣ, ਸਗੋਂ ਅਮਲੀ ਜੀਵਨ ਵਿਚੋਂ ਇਨ੍ਹਾਂ ਦਾ ਜਲੌਅ ਪ੍ਰਗਟ ਹੋਣਾ ਚਾਹੀਦਾ ਹੈ। ਇਸੇ ਪ੍ਰਕਾਰ ਕਿਰਤ ਤੋਂ ਟੁੱਟਿਆ ਸਮਾਜ ਕੇਵਲ ਗ਼ਰੀਬੀ, ਵੀਚਾਰਗੀ ਤੇ ਮੰਗਤਾ ਬਿਰਤੀ ਵਾਲਾ ਬਣ ਕੇ ਰਹਿ ਜਾਂਦਾ ਹੈ। ਇਸ ਦਾ ਸਹੀ ਹੱਲ ਤਿੰਨ ਸਿਧਾਂਤ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਹਨ।

ਗੁਰੂ ਜੀ ਦਾ ਬਾਲਪਨ ਵਿਚ ਉਸਤਾਦ ਪਾਸੋਂ ਓਮ ਦੇ ਅਰਥ ਡੂੰਘਾਈ ਨਾਲ ਜਾਣਨ ਦਾ ਸਵਾਲ ਸਮੂਹ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਚੇਤਨਤਾ ਦਾ ਮੰਤਰ ਹੈ ਕਿ ਜੋ ਪੜ੍ਹਿਆ ਤੇ ਪੜ੍ਹਾਇਆ ਜਾ ਰਿਹਾ, ਉਹ ਕੇਵਲ ਰੱਟਾ ਨਾ ਹੋਵੇ, ਸਗੋਂ ਸਹੀ ਅਧਿਐਨ ਹੋਣਾ ਜ਼ਰੂਰੀ ਹੈ। ਇਸੇ ਤਰ੍ਹਾਂ ਸੁਲਤਾਨਪੁਰ ਮੋਦੀਖਾਨੇ ਵਿਖੇ ਤੱਕੜੀ ਤੋਲਣ ਦੀ ਜੁਗਤ ਸਿਖਾਈ ਤੇ ਇਸ ਪਿੱਛੇ ਵੱਡੀ ਸਿੱਖਿਆ ਹੈ ਕਿ ਜੇ ਤੋਲ ਤੋਲਣ ਵਾਲੇ ਧਰਮੀ ਜੀਵਨ ਵਾਲੇ ਹੋਣ ਤਾਂ ਖ਼ਜ਼ਾਨਿਆਂ 'ਚ ਘਾਟੇ ਨਹੀਂ ਪੈਂਦੇ, ਸਗੋਂ ਬਰਕਤ ਹੁੰਦੀ ਹੈ। ਸਤਿਗੁਰਾਂ ਦੀ ਦ੍ਰਿਸ਼ਟੀ 'ਚ ਦਿਸ਼ਾਵਾਂ, ਭਾਸ਼ਾਵਾਂ ਤੇ ਮਨੁੱਖੀ ਲਾਲਸਾਵਾਂ 'ਚੋਂ ਪੈਦਾ ਹੋਏ ਭਰਮ ਤੇ ਵਿਤਕਰੇ, ਮਾਨਵਤਾ ਵਿਚ ਵੰਡੀਆਂ ਤੇ ਡਰ ਪਾਉਂਦੇ ਹਨ। ਇਸ ਲਈ ਇਕ ਅਕਾਲ ਦੀ ਆਰਤੀ ਦਾ ਅਨੰਦ ਮਾਣ ਕੇ ਵੇਖੋ ਤੇ ਕੁਦਰਤੀ ਰੰਗਾਂ 'ਚ ਜੀਵਨ ਜੀਉ। ਫਿਰ 'ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥' ਦੇ ਰੂਹਾਨੀ ਰੰਗਾਂ ਦੀ ਰੰਗਣਾ ਦਾ ਅਹਿਸਾਸ ਹੋਵੇਗਾ ਤੇ ਜੀਵਨ ਸੁਹੰਢੜਾ ਜਾਪੇਗਾ।

ਗੁਰੂ ਜੀ ਨੇ ਸਮੂਹ ਧਰਮੀਆਂ ਨੂੰ ਸੰਵਾਦ ਰਚਾਉਣ ਦੀ ਜੁਗਤ ਸਮਝਾਈ। 'ਕਿਛੁ ਸੁਣੀਐ ਕਿਛੁ ਕਹੀਐ' ਦੀ ਭਾਵਨਾ ਨਾਲ ਬੌਧਿਕ ਤਲ ਉੱਚਾ ਹੁੰਦਾ ਹੈ। ਹਰੇਕ ਮਨੁੱਖ ਬਦਲ ਸਕਦਾ ਹੈ ਪਰ ਉਸ ਦੇ ਮਨ (ਫੁਰਨਿਆਂ) ਨੂੰ ਜੇਕਰ ਸਹੀ ਦਸ਼ਾ ਤੇ ਦਿਸ਼ਾ ਮਿਲ ਜਾਏ। ਇਕ ਠੱਗ ਵੀ ਸੱਜਣ ਬਣ ਸਕਦਾ, ਇਕ ਮਾਣਸ ਖਾਣਾ ਕੌਡਾ ਭੀਲ ਵੀ ਦੇਵਤਾ ਹੋ ਸਕਦਾ, ਇਕ ਨੂਰਸ਼ਾਹ ਜਾਦੂਗਰਨੀ ਵਰਗੀ ਸੋਚ ਪਖੰਡ ਕਰਮ ਤਿਆਗ ਸਕਦੀ ਹੈ ਪਰ ਸੱਚੀ ਵਿਚਾਰ ਸ਼ਕਤੀ ਹੋਣੀ ਜ਼ਰੂਰੀ ਹੈ। ਅਗਿਆਨਤਾ ਦਾ ਹਨੇਰਾ ਮਿਟ ਸਕਦਾ, ਪਰ ਗਿਆਨ ਦੇ ਦੀਵੇ ਬਾਲ ਕੇ ਰੱਖੋ।

ਗੁਰੂ ਜੀ ਅਨੁਸਾਰ ਪਰਾਇਆ ਹੱਕ ਖਾਣਾ ਹਰੇਕ ਧਰਮ ਦੇ ਪੈਰੋਕਾਰਾਂ ਲਈ ਮੁਰਦਾਰ ਖਾਣ ਦੇ ਸਮਾਨ ਹੈ। ਇਹ ਮਾਇਆ ਪਾਪਾਂ ਤੋਂ ਬਗ਼ੈਰ ਇਕੱਠੀ ਨਹੀਂ ਹੁੰਦੀ ਪਰ ਮੋਇਆਂ ਦੇ ਸਾਥ ਵੀ ਨਹੀਂ ਜਾਂਦੀ। ਆਪਣਾ ਮਨ ਜਿੱਤਣ ਵਾਲੇ ਜੱਗ ਜੇਤੂ ਹੁੰਦੇ ਹਨ। ਇਸ ਦੇ ਨਾਲ ਸਤਿਗੁਰਾਂ ਦੇ ਰੂਹਾਨੀ ਮੰਡਲ ਨੂੰ ਸਮਝਣਾ ਵੀ ਜ਼ਰੂਰੀ ਹੈ, ਕਿਉਂਕਿ ਅਧਿਆਤਮਿਕਤਾ ਤੋਂ ਕੋਰੇ ਮਨੁੱਖ ਨੂੰ ਗੁਰੂ ਜੀ ਨੇ ਜਿਊਂਦਾ ਨਹੀਂ ਪ੍ਰਵਾਨਿਆ। (ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵੈ ਕੋਇ॥) ਇਸ ਲਈ ਸਫ਼ਲ ਜੀਵਨ ਜੁਗਤ ਲਈ ਕਰਤਾ, ਉਸ ਦੀ ਕਿਰਤ ਤੇ ਕਰਤੇ ਦੇ ਕਰਤਾਰੀ ਗੁਣਾਂ ਨੂੰ ਜੀਵਨ ਵਿਚ ਧਾਰਨਾ, ਸਮੂਹ ਮਾਨਵਤਾ ਲਈ ਸਦੀਵ ਕਾਲ ਸਬਕ ਹੈ।

# ਗੁਰੂ ਸਾਹਿਬਾਨਾਂ ਦੇ ਉਪਦੇਸ਼ ਅਤੇ ਸਿੱਖਿਆਵਾਂ ਨੂੰ ਜੀਵਨ ਦਾ ਅਧਾਰ ਬਣਾਈਏ

**ਮਾਸਟਰ ਨਿਰਮਲ ਸਿੰਘ ਲਾਲੀ**
(530-777-0955)

ਜਦੋਂ ਇਸ ਸ੍ਰਿਸ਼ਟੀ ’ਤੇ ਅਕਹਿ ਅਤੇ ਅਸਹਿ ਅੱਤਿਆਚਾਰਾਂ ਦੀ ਹਨੇਰੀ ਝੁੱਲ ਪਵੇ ਅਤੇ ਮਨੁੱਖ ਅਗਿਆਨਤਾ, ਮੂਰਖਤਾ ਅਤੇ ਸਵਾਰਥ ਵਿਚ ਮਨੁੱਖੀ ਕਦਰਾਂ ਕੀਮਤਾਂ ਭੁੱਲ ਜਾਣ ਤਾ ਪ੍ਰਮਾਤਮਾ ਵਲੋਂ ਕਿਸੇ ਮਹਾਂਪੁਰਖ ਦਾ ਇਸ ਸ੍ਰਿਸ਼ਟੀ ਤੇ ਪ੍ਰਕਾਸ਼ ਹੁੰਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਜਿਹੇ ਸਮੇਂ ਹੀ ਹੋਇਆ ਜਦੋਂ ਸਮਾਜ ਦੇ ਹਰ ਖੇਤਰ ਵਿਚ ਭ੍ਰਿਸ਼ਟਾਚਾਰ, ਜਬਰ, ਜ਼ੁਲਮ ਅਤੇ ਅਨਿਆਂ ਸਿਖਰਾਂ ਤੇ ਪਹੁੰਚ ਚੁੱਕਾ ਸੀ। ਇਸਤਰੀ ਜਾਤੀ ਦੀ ਬੜੀ ਭੈੜੀ ਦਸ਼ਾ ਨੂੰ ਦੇਖ ਕੇ ਵੀ ਉਨ੍ਹਾਂ ਨੇ ਫੁਰਮਾਇਆ ਸੀ :
ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।
ਸਾਰੀ ਲੋਕਾਈ ਵਹਿਮਾਂ ਭਰਮਾਂ ਵਿਚ ਪਈ ਹੋਈ ਸੀ। ਸਾਰਾ ਸਮਾਜ ਜਾਤਾਂ ਪਾਤਾਂ ਵਿਚ ਵੰਡਿਆ ਹੋਇਆ ਸੀ। ਹਰ ਪਾਸੇ ਮਨੁੱਖ ਮਨੁੱਖ ਨਾਲ ਘ੍ਰਿਣਾ ਕਰਦਾ ਸੀ। ਨਿਰਧਨ ਤੇ ਕਮਜ਼ੋਰ, ਅਮੀਰ ਅਤੇ ਤਕੜੇ ਦੀ ਧੱਕੇਸ਼ਾਹੀ ਦਾ ਸ਼ਿਕਾਰ ਸਨ। ਸਮਾਜ ਦੀ ਰਾਜਨੀਤਕ ਦਸ਼ਾ ਬਹੁਤ ਭੈੜੀ ਸੀ, ਰਾਜੇ ਕਿਵੇਂ ਆਪਣੀ ਪਰਜਾ ਤੇ ਅੱਤਿਆਚਾਰ ਕਰਦੇ ਸਨ ਭਾਵ ਲੋਕਾਂ ਨੂੰ ਕੋਈ ਇਨਸਾਫ਼ ਨਹੀਂ ਦਿੱਤਾ ਜਾਂਦਾ ਸੀ।
ਗੁਰੂ ਨਾਨਕ ਦੇਵ ਜੀ ਸਿਰਫ਼ ਇਕ ਧਾਰਮਿਕ ਆਗੂ ਹੀ ਨਹੀਂ ਸਨ, ਉਹ ਇਕ ਕ੍ਰਾਂਤੀਕਾਰੀ ਵੀ ਸਨ। ਜਦੋਂ ਬਾਬਰ ਨੇ ਭਾਰਤ ਤੇ ਹਮਲਾ ਕੀਤਾ ਤਾਂ ਬਿਨਾਂ ਕਿਸੇ ਡਰ ਤੋਂ ਉਨ੍ਹਾਂ ਨੇ ਬਾਬਰ ਨੂੰ ਲਲਕਾਰਿਆ ਸੀ।
ਰਾਜੇ ਸ਼ੀਂਹ ਮੁਕੱਦਮ ਕੁੱਤੇ।।
ਉਨ੍ਹਾਂ ਨੂੰ ਇੰਨਾ ਜ਼ੁਲਮ ਹੁੰਦਾ ਦੇਖ ਕੇ ਇਹ ਵੀ ਕਹਿਣਾ ਪਿਆ ਸੀ ਕਿ :
ਏਤੀ ਮਾਰ ਪਈ ਕੁਰਲਾਣੇ
ਤੈਂ ਕੀ ਦਰਦ ਨਾ ਆਇਆ।।
ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀ ਮਹਾਨਤਾ ਨੂੰ ਇਵੇਂ ਪ੍ਰਗਟ ਕੀਤਾ ਸੀ :
ਸਤਿਗੁਰ ਨਾਨਕੁ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥ ਜਿਉ ਕਰ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ॥
ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਚਾਰ ਉਦਾਸੀਆਂ ਵਿਚ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਵਿਚੋਂ ਕੱਢਿਆ, ਉਨ੍ਹਾਂ ਨੇ ਭ੍ਰਿਸ਼ਟ ਪਾਖੰਡੀਆਂ ਦਾ ਸੁਧਾਰ ਕੀਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਸਿੱਖਿਆਵਾਂ, ਉਦੇਸ਼ਾਂ ਅਤੇ ਉਪਦੇਸ਼ਾਂ ਦਾ ਲੋਕਾਂ ਤੇ ਕਾਫ਼ੀ ਪ੍ਰਭਾਵ ਪਿਆ।
ਉਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਇਸ ਧਰਮ ਦ ਮੁੱਢਲਾ ਸਿਧਾਂਤ ਸੀ ਕਿ ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ।
ਨਾਮ ਜਪਣ ਤੇ ਨਾਲ ਨਾਲ ਸ਼ੁੱਭ ਕਰਮਾਂ ’ਤੇ ਵੀ ਜ਼ੋਰ ਦਿੱਤਾ, ਕਿਉਂਕਿ ਸ਼ੁੱਭ ਕਰਮਾਂ ਤੋਂ ਬਿਨਾਂ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ। ਉਨ੍ਹਾਂ ਨੇ ਉੱਚਾ ਅਤੇ ਸੁੱਚਾ ਕਿਰਦਾਰ ਰੱਖਣ ਦੀ ਸਿੱਖਿਆ ਦਿੱਤੀ, ਜਿਵੇਂ ਉਨ੍ਹਾਂ ਨੇ ਫੁਰਮਾਇਆ ਹੈ :
ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ।।
ਮਜ਼ਲੂਮਾਂ, ਨਿਰਧਨਾਂ, ਨਿਰਦੋਸ਼ਾਂ ਦੀ ਸਹਾਇਤਾ ਕਰਨੀ ਮਨੁੱਖ ਦਾ ਪਹਿਲਾ ਨੈਤਿਕ ਫਰਜ ਹੈ। ਉਨ੍ਹਾਂ ਨੇ ਹੰਕਾਰ ਨੂੰ ਸਭ ਰੋਗਾਂ ਦਾ ਕਾਰਨ ਦੱਸਿਆ ਅਤੇ ਨਿਮਰਤਾ ਸਾਰੇ ਗੁਣਾਂ ਦਾ ਨਿਚੋੜ ਹੈ :
ਮਿਠਤੁ ਨੀਵੀਂ ਨਾਨਕਾ, ਗੁਣ ਚੰਗਿਆਈਆ ਤੱਤੁ॥
ਉਨ੍ਹਾਂ ਨੇ ਕਿਰਤ ਕਰਕੇ ਜੀਵਨ ਗੁਜਾਰਨ ਦਾ ਉਪਦੇਸ਼ ਦਿੱਤਾ। ਛਲ ਫਰੇਬ ਕਰਕੇ ਕਮਾਏ ਧਨ ਦਾ ਖੰਡਨ ਕੀਤਾ। ਜਿਵੇਂ ਉਨ੍ਹਾਂ ਨੇ ਫੁਰਮਾਇਆ : ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ :
ਮੰਦੇ ਕੰਮੀਂ ਨਾਨਕਾ ਜਦ ਕਦ ਮੰਦਾ ਹੋਇ॥
ਪਰ ਦੇਖਣ ਦੀ ਗੱਲ ਇਹ ਹੈ ਕਿ ਇਸ ਵੇਲੇ ਦਾ ਸਮਾਜ ਹੁਣ ਵੀ ਉਹੀ ਨਹੀਂ ਭਾਵ ਮਨੁੱਖੀ ਸੋਚ ਵਿਚ ਕੋਈ ਪਰਿਵਰਤਨ ਆਇਆ ਹੈ। ਮਨੁੱਖੀ ਕਦਰਾਂ ਕੀਮਤਾਂ ਅਜੇ ਵੀ ਓਹੀ ਹਨ, ਸਗੋਂ ਨੈਤਿਕਤਾ ਪੱਖੋਂ ਦਿਨ ਬ ਦਿਨ ਨਿਘਾਰ ਹੀ ਆ ਰਿਹਾ ਹੈ। ਪਰਿਵਾਰਕ ਤੇ ਸਮਾਜਿਕ ਕਦਰਾਂ ਕੀਮਤਾਂ ਫਿਰ ਬਦਲ ਰਹੀਆਂ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਪਰਿਵਾਰਾਂ, ਰਿਸ਼ਤੇਦਾਰਾਂ ਵਿਚ ਉਹ ਭਾਵਨਾਤਮਿਕ ਸਾਂਝ ਨਹੀਂ ਰਹੀ। ਪਰ ਮਨੁੱਖ ਸਵਾਰਥੀ ਤੇ ਪਦਾਰਥਵਾਦੀ ਬਣਦਾ ਜਾ ਰਿਹਾ ਹੈ। ਸਮਾਜ ਦੇ ਬਾਕੀ ਖੇਤਰਾਂ, ਧਰਮ ਰਾਜਨੀਤੀ ਅਤੇ ਵਿਦਿਅਕ ਸਭ ਖੇਤਰਾਂ ਵਿਚ ਨਿਘਾਰ ਆ ਚੁੱਕਾ ਹੈ। ਪਹਿਲੀਆਂ ਕਦਰਾਂ-ਕੀਮਤਾਂ ਖਤਮ ਹੁੰਦੀਆਂ ਜਾ ਰਹੀਆਂ ਹਨ। ਚਾਰੇ ਪਾਸੇ ਭ੍ਰਿਸ਼ਟਾਚਾਰ, ਬੇਈਮਾਨੀ ਅਤੇ ਅਮਾਨਵੀ ਕਦਰਾਂ ਕੀਮਤਾਂ ਵਧ ਰਹੀਆਂ ਹਨ। ਗੁਰੂਘਰ ਦੀ ਕੀ ਦਸ਼ਾ ਹੈ ? ਲੜਾਈਆਂ ਝਗੜੇ ਨਿੱਤ ਹੁੰਦੇ ਹਨ। ਚੌਧਰ ਦੀ ਖਾਤਰ ਕਮੇਟੀਆਂ ਦੇ ਕੇਸ ਕੋਰਟਾਂ ਵਿਚ ਚੱਲ ਰਹੇ ਹਨ। ਇਹ ਕਮਜ਼ੋਰੀਆਂ ਤੇ ਬੁਰਾਈਆਂ ਜਿਹੜੀਆਂ ਸਮਾਜ ਵਿਚ ਆਈਆਂ, ਇਨ੍ਹਾਂ ਦੇ ਪਿੱਛੇ ਕੀ ਕਾਰਨ ਹਨ ? ਇਨ੍ਹਾਂ ਦਾ ਕਾਰਨ ਇਕੋ ਹੀ ਹੈ ਕਿ ਗੁਰੂ ਸਾਹਿਬਾਨਾਂ ਨੇ ਜੋ ਉਪਦੇਸ਼, ਉਦੇਸ਼, ਸਿਧਾਂਤ ਅਤੇ ਸਿੱਖਿਆਵਾਂ ਮਨੁੱਖ ਨੂੰ ਦਿੱਤੇ ਸਨ, ਮਨੁੱਖ ਨੇ ਉਨ੍ਹਾਂ ਨੂੰ ਆਪਣੇ ਜੀਵਨ ਦਾ ਅਧਾਰ ਨਹੀਂ ਬਣਾਇਆ।
ਗੁਰਬਾਣੀ ਪੜ੍ਹਨ ਤੇ ਸੁਣਨ ਤੱਕ ਹੀ ਸੀਮਤ ਰਹੀ ਹੈ। ਉਸ ’ਤੇ ਅਮਲ ਨਹੀਂ ਹੋਇਆ। ਸ਼ੁਭ ਅਮਲਾਂ ਬਿਨਾ ਕੁਝ ਵੀ ਨਹੀਂ। ਸਾਡੇ ਪ੍ਰਚਾਰਕ, ਧਾਰਮਿਕ ਆਗੂ ਨਾ ਉਹ ਆਪ ਇਨ੍ਹਾਂ ਸਿਧਾਂਤਾਂ ਨੂੰ ਜੀਵਨ ਵਿਚ ਅਮਲੀ ਰੂਪ ਦੇ ਸਕੇ ਅਤੇ ਨਾ ਲੋਕਾਂ ਨੂੰ ਇਨ੍ਹਾਂ ਦੀ ਪ੍ਰੇਰਨਾ ਦੇ ਸਕੇ। ਇਸ ਲਈ ਜਿਹੜੇ ਦਿਵਸ, ਅਸੀਂ ਗੁਰੂਆਂ ਦੇ ਮਨਾਉਂਦੇ ਹਾਂ, ਬਹੁਤ ਹੀ ਚੰਗੀ ਗੱਲ ਹੈ। ਸਾਨੂੰ ਉਨ੍ਹਾਂ ਨੂੰ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਦਾ ਚਾਹੀਦਾ ਹੈ। ਪਰ ਇੰਨਾ ਹੀ ਕਾਫ਼ੀ ਨਹੀਂ। ਜਿੰਨੀ ਦੇਰ ਅਸੀਂ ਉਨ੍ਹਾਂ ਦੇ ਪੂਰਨਿਆਂ ਤੇ ਨਹੀਂ ਚਲਦੇ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਨਹੀਂ ਚਲਦੇ, ਸਮਾਜ ਦਾ ਸੁਧਾਰ ਨਹੀਂ ਹੋ ਸਕਦਾ।
ਉਨ੍ਹਾਂ ਦੇ ਪ੍ਰਕਾਸ਼ ਉਤਸਵ ਮਨਾਉਣੇ ਬੇਅਰਥ ਨਹੀਂ ਹਨ। ਇਸ ਲਈ ਜਿੰਨੀ ਦੇਰ ਮਨੁੱਖੀ ਕਿਰਦਾਰ ਉੱਚਾ ਅਤੇ ਸੁੱਚਾ ਨਹੀਂ ਹੁੰਦਾ ਤਾਂ ਮਨੁੱਖੀ ਜੀਵਨ ਸ਼ਾਂਤਮਈ, ਸੁਖਦਾਇਕ ਅਤੇ ਖੁਸ਼ਹਾਲ ਨਹੀਂ ਹੋ ਸਕਦਾ। ਲੋੜ ਹੈ ਹਰ ਮਨੁੱਖ ਆਪਣੇ ਅੰਦਰ ਝਾਤੀ ਮਾਰੇ ਕਿ ਮੈਂ ਗੁਰੂ ਸਾਹਿਬਾਨਾਂ ਦੇ ਦਿੱਤੇ ਉਪਦੇਸ਼ਾਂ ਤੇ ਚੱਲ ਰਿਹਾ ਹਾਂ ?

# ਚੜ੍ਹਦੀ ਕਲਾ ਦਾ ਪ੍ਰਤੀਕ : ਵੱਡਾ ਘੱਲੂਘਾਰਾ

**ਪ੍ਰਮਿੰਦਰ ਸਿੰਘ ਪ੍ਰਵਾਨਾ**
(510-781-0487)

ਸਿੱਖ ਧਰਮ ਦੀ ਗੁਰਮਤਿ ਵਿਚਾਰਧਾਰਾ ਨੇ ਸਮਾਜ ਵਿਚ ਇਨਕਲਾਬ ਲੈ ਆਂਦਾ। ਸਮਾਜ ਨੂੰ ਨਾਮ ਜਪਣ, ਕ੍ਰਿਤ ਕਰਨ ਅਤੇ ਵੰਡ ਛਕਣ ਦੇ ਸਿਧਾਂਤ ਨਾਲ ਜੋੜਿਆ। ਮੀਰੀ ਪੀਰੀ ਦੇ ਸਿਧਾਂਤ ਨੇ ਧਾਰਮਿਕ ਅਤੇ ਰਾਜਨੀਤਕ ਸੋਝੀ ਦੀ ਪ੍ਰੇਰਣਾ ਦਿੱਤੀ। ਅੰਮ੍ਰਿਤ ਦੀ ਦਾਤ ਨੇ ਸਵੈ ਰੱਖਿਆ ਅਤੇ ਸਵੈਮਾਣ ਨਾਲ ਜੀਵਨ ਜਿਊਣ ਦੀ ਜਾਚ ਸਿਖਾਈ। ਫੌਜੀ ਖ਼ਾਲਸਾ ਦਲ ਤਿਆਰ ਹੋਇਆ, ਜਿਸ ਨੇ ਇਸ ਨਵੇਂ ਪਰਿਵਰਤਨ ਵਿਚ ਲਾਸਾਨੀ ਸ਼ਹੀਦੀਆਂ ਦਿੱਤੀਆਂ। ਹਰ ਮੈਦਾਨ ਏ ਜੰਗ ਵਿਚ ਖ਼ਾਲਸਾ ਜਿਸ ਜਾਹੋ ਜਲਾਲ ਨਾਲ ਲੜਿਆ ਉਸ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਮੁਸਲਮਾਨ ਹਾਕਮਾਂ ਨੇ ਜਬਰੀ ਧਰਮ ਤਬਦੀਲ ਕਰਨ ਦੇ ਇਰਾਦੇ ਨਾਲ ਬੜੇ ਜ਼ੁਲਮ ਢਾਹੇ। ਅੱਗੋਂ ਖ਼ਾਲਸੇ ਨੇ ਵੀ ਸ਼ਿੱਦਤ ਨਾਲ ਅੱਤਿਆਚਾਰ ਪਿੰਡੇ ਤੇ ਹੰਢਾ ਕੇ ਆਪਣੇ ਨਿਸਚੈ ਵਿਚ ਪੱਕੇ ਰਹਿ ਕੇ ਜ਼ੁਲਮ ਦੇ ਥੰਮ ਹਿਲਾ ਦਿੱਤੇ। ਨੌਜਵਾਨ, ਬੱਚਾ, ਬੁੱਢਾ ਅਤੇ ਔਰਤ ਸਭ ਨੇ ਖਿੜੇ ਮੱਥੇ ਕੁਰਬਾਨੀਆਂ ਦਿੱਤੀਆਂ ਅਤੇ ਗਾਉਂਦੇ ਰਹੇ ‘ਸਿਰ ਜਾਏ ਤਾਂ ਜਾਏ, ਪਰ ਮੇਰਾ ਸਿੱਖੀ ਸਿਦਕ ਨਾ ਜਾਏ।’ ਬੇਜੋੜ ਜੰਗਾਂ ਅਤੇ ਘੱਲੂਘਾਰਿਆਂ ਵਿਚ ਪੱਕੇ ਰਹਿ ਕੇ ਦੁਸ਼ਮਣ ਦਾ ਡਟ ਕੇ ਮੁਕਾਬਲਾ ਕੀਤਾ। ਨਿਸਚੈ ਕਰ ਆਪੁਨੀ ਜੀਤ ਕਰੂੰ ‘ਤੇ ਦ੍ਰਿੜ ਰਹਿ ਕੇ ਜਿੱਤਾਂ ਪ੍ਰਾਪਤ ਕੀਤੀਆਂ।
ਅਜਿਹੇ ਸਮੇਂ ਵਿਚ ਹੀ ਅਫ਼ਗਾਨੀ ਹਮਲਾਵਰਾਂ ਦਾ ਵੀ ਸਿੱਖਾਂ ਨੂੰ ਖਤਮ ਕਰਨ ਦਾ ਖੂਨੀ ਇਰਾਦਾ ਸੀ, ਜਿਸ ਵਿਚ ਖ਼ਾਲਸੇ ਦਾ ਕਤਲੇਆਮ ਦੋ ਦਹਾਕੇ ਚਲਦਾ ਰਿਹਾ। ਸੰਨ 1746 ਈ. ਦਾ ਕਾਹਨੂੰਨਵਾਨ ਛੰਭ ਦਾ ‘ਛੋਟਾ ਘੱਲੂਘਾਰਾ’ ਤੇ ਫਿਰ ਸੰਨ 1762 ਈ. ਦਾ ‘ਵੱਡਾ ਘੱਲੂਘਾਰਾ’ ਵਿਚ ਵੱਡੀ ਪੱਧਰ ‘ਤੇ ਸਿੱਖਾਂ ਦਾ ਕਤਲੇਆਮ ਹੋਇਆ। ‘ਵੱਡਾ ਘੱਲੂਘਾਰਾ’ ਕੁੱਪਰਹੀੜੇ ਤੋਂ ਸ਼ੁਰੂ ਹੋ ਕੇ ਧਲੇਰ ਝਨੇਰ ਵਿਚੋਂ ਹੁੰਦਾ ਹੋਇਆ ਕੁਤਬਾ ਬਾਹਮਣੀਆਂ ਕੋਲ ਜਾ ਕੇ ਖਤਮ ਹੁੰਦਾ ਹੈ, ਜਿਸ ਨੂੰ ਖ਼ਾਲਸੇ ਦੀ ਪਹਿਲੀ ਜਿੱਤ ਕਿਹਾ ਜਾਂਦਾ ਹੈ ਤੇ ਇਹ ਸਾਡੀ ਚੜ੍ਹਦੀ ਕਲਾ ਦਾ ਪ੍ਰਤੀਕ ਵੀ ਹੈ।
ਨੌਜਵਾਨ ਅਹਿਮਦਸ਼ਾਹ ਅਬਦਾਲੀ ਨੂੰ ਆਪਣਾ ਰਾਜ ਵਧਾਉਣ ਦਾ ਵੱਡਾ ਸ਼ੌਕ ਸੀ। ਇਸੇ ਕਰਕੇ ਡੇਢ ਸਾਲ ਦੇ ਸਮੇਂ ਤੱਕ ਅਬਦਾਲੀ ਮਰਹੱਟਿਆਂ ਵਿਰੁਧ ਇਕ ਮੁਹਿੰਮ ਵਿਚ ਸੀ। ਇਸ ਸਮੇਂ ਵਿਚ ਖ਼ਾਲਸੇ ਨੇ ਵੈਰੀਆਂ ਨੂੰ ਦਬਾ ਕੇ ਰੱਖਿਆ। ਅਬਦਾਲੀ ਨੇ ਪਾਣੀਪਤ ਦੇ ਮੈਦਾਨ ਵਿਚ ਮਰਹੱਟਿਆਂ ਤੇ ਵੱਡੀ ਜਿੱਤ ਪ੍ਰਾਪਤ ਕਰ ਲਈ ਸੀ। ਜਦੋਂ ਉਹ ਪੰਜਾਬ ਵੱਲ ਪਰਤਿਆ ਤਾਂ ਮੌਲਵੀ ਮੁੱਲਾਂ ਨੇ ਵਿਲਕਦਿਆਂ ਕਿਹਾ ਕਿ ਸਿੱਖਾਂ ਨੇ ਸਾਡੀ ਬੜੀ ਦੁਰਗਤੀ ਕੀਤੀ ਰੱਖੀ ਹੈ, ਜਿਵੇਂ ਮਰਹੱਟਿਆਂ ਨੂੰ ਭਜਾਇਆ ਹੈ, ਉਵੇਂ ਖ਼ਾਲਸੇ ਨੂੰ ਵੀ ਸਬਕ ਸਿਖਾਉਣਾ ਚਾਹੀਦਾ ਹੈ। ਅਬਦਾਲੀ ਨੇ ਕਿਹਾ ਕਿ ਲੜਾਈ ਵਿਚ ਸਾਰੇ ਥੱਕ ਗਏ ਹਨ। ਕੁਝ ਆਰਾਮ ਤੋਂ ਬਾਅਦ ਸਰਦੀਆਂ ਵਿਚ ਖਾਲਸੇ ਨਾਲ ਸਿੱਝਾਂਗੇ।
ਗੁਰੂ ਦਾ ਖ਼ਾਲਸਾ ਚੜ੍ਹਦੀ ਕਲਾ ਵਿਚ ਸੀ, ਉਸ ਨੇ ਲਾਹੌਰ ‘ਤੇ ਧਾਵਾ ਬੋਲ ਦਿੱਤਾ। ਗਾਲਿਬ ਨੂੰ ਮਾਰ ਕੇ ਸ. ਜੱਸਾ ਸਿੰਘ ਆਹਲੂਵਾਲੀਆ ਨੇ ਪਾਤਿਸ਼ਾਹ ਬਣ ਕੇ ਖਾਲਸਾ ਸਿੱਕਾ ਚਲਾ ਦਿੱਤਾ। ਅਬਦਾਲੀ ਰੋਹ ਵਿਚ ਆ ਕੇ ਲਾਹੌਰ ਪੁੱਜਾ। ਖ਼ਾਲਸੇ ਵਹੀਰ ਦੇ ਰੂਪ ਵਿਚ ਮਲੇਰਕੋਟਲਾ ਤੋਂ ਤੁਰ ਕੇ ਰਾਏਕੋਟ ਵੱਲ ਜਾ ਰਹੇ ਸਨ ਕਿ ਕੁੱਪਰਹੀੜੇ ਦੇ ਕੋਲ ਸੂਰਜ ਨਿਕਲਣ ਤੋਂ ਪਹਿਲਾਂ ਹੀ ਅਬਦਾਲੀ ਇਨ੍ਹਾਂ ’ਤੇ ਟੁੱਟ ਪਿਆ। ਖ਼ਾਲਸੇ ਨੂੰ ਇਸ ਦੀ ਕੋਈ ਖਬਰ ਨਹੀਂ ਸੀ। ਖ਼ਾਲਸੇ ਦੇ ਨਾਲ ਬੱਚੇ, ਬੁੱਢੇ ਅਤੇ ਔਰਤਾਂ ਦੀ ਵਹੀਰ ਸੀ। ਸਿੰਘਾਂ ਨੇ ਵਿਚਾਰਿਆ ਕਿ ਵਹੀਰ ਨੂੰ ਮਾਲਵਾ ਵੱਲ ਤੋਰੀਏ ਅਤੇ ਆਪ ਵੈਰੀ ਰੋਕੀ ਰੱਖੀਏ। ਸਿੰਘ ਵਹੀਰ ਨੂੰ, ਨਾਲ ਜੋ ਇਲਾਕੇ ਦੇ ਵਾਕਿਫ਼ ਸੂਹੀਏ ਸਨ, ਦੇ ਹਵਾਲੇ ਕਰਕੇ ਆਪ ਵੈਰੀ ਅੱਗੇ ਖੜ੍ਹੋ ਕੇ ਲੜਨ ਲੱਗੇ।
ਆਹਮੋ ਸਾਹਮਣੀ ਜੰਗ ਵਿਚ ਸਿੱਖਾਂ ਦਾ ਭਾਰੀ ਨੁਕਸਾਨ ਹੋਇਆ ਜੋ ਕਿਸੇ ਹੋਰ ਜੰਗ ਵਿਚ ਨਹੀਂ ਹੋਇਆ ਸੀ। ਸਿੰਘ ਫਿਰ ਵੀ ਰੱਬ ਦੇ ਭਾਣੇ ਵਿਚ ਰਹਿ ਕੇ ਚੜ੍ਹਦੀ ਕਲਾ ਵਿਚ ਸਨ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ ‘ਤੇ ਅਨੇਕਾਂ ਹੀ ਜ਼ਖਮਾਂ ਦੇ ਨਿਸ਼ਾਨ ਸਨ। ਸਿੰਘਾਂ ਨੇ ਜਾਣ ਲਿਆ ਕਿ ਹੁਣ ਅਬਦਾਲੀ ਤੋਂ ਬਚਣਾ ਮੁਸ਼ਕਲ ਹੈ। ਇਸ ਲਈ ਲੜ ਮਰਨਾ ਹੀ ਬਿਹਤਰ ਹੈ। ਇਸ ਕਰ ਕੇ ਫੈਸਲਾਕੁੰਨ ਹਮਲਾ ਕੀਤਾ ਜਾਵੇ। ਇਹ ਇਕ ਬੇਮਿਸਾਲ ਦਲੇਰੀ ਦਾ ਨਿਸ਼ਚਾ ਸੀ ਕਿ ਸਿੰਘਾਂ ਨੇ ਜੰਗ ਜਾਰੀ ਰੱਖੀ। ਅਬਦਾਲੀ ਦੀ ਫੌਜ ਦਾ ਵੀ ਪੂਰਾ ਤਾਣ ਲੱਗ ਚੁੱਕਾ ਸੀ ਸਿੰਘਾਂ ਨੂੰ ਮੁਕਾਉਣ ਦਾ। ਸਿੰਘਾਂ ਨੇ ਵੀ ਅਬਦਾਲੀ ਦੀ ਭਾਰੀ ਫੌਜ ਨੂੰ ਮਾਰ ਮੁਕਾਇਆ। ਇਸ ਘਮਾਸਾਨ ਦੀ ਜੰਗ ਵਿਚ ਅਬਦਾਲੀ ਦੇ ਪੈਰ ਖਿੜਕ ਗਏ। ਸਿਰ ਤਲੀ



ਵਹੀਰ ਅਜੇ ਦੋ ਕੁ ਕੋਹ ਵਧੀ ਸੀ ਕਿ ਇਕ ਪਾਸਿਓਂ ਜੈਨ ਖਾਨ, ਸੂਬਾ ਸਰਹਿੰਦ, ਦੂਜੇ ਪਾਸੇ ਭੀਖਣ ਖਾਂ ਨਵਾਬ ਮਲੇਰਕੋਟਲਾ ਅਤੇ ਲੱਛਮੀ ਸਹਾਏ ਰਾਏਕੋਟ ਆਪਣੀਆਂ ਫੌਜਾਂ ਲੈ ਪਹੁੰਚ ਚੁੱਕੇ ਸਨ। ਅਬਦਾਲੀ ਆਪ ਸਰਹਿੰਦ ਵਲੋਂ ਚੜ੍ਹ ਆਇਆ ਸੀ। ਇਸ ਤਰ੍ਹਾਂ ਖ਼ਾਲਸਾ ਚੌਤਰਫ਼ੋਂ ਘਿਰ ਗਿਆ। ਵੈਰੀ ਦੇ ਹੱਲਿਆਂ ਤੋਂ ਬਚਦੇ ਸਿੰਘ ਹੌਲੀ ਹੌਲੀ ਵਹੀਰ ਦੇ ਦੁਆਲੇ ਕਿਲ੍ਹਾ ਬਣਾ ਕੇ ਲੜ ਰਹੇ ਸਨ। ਜੰਗ ਦੇ ਮੈਦਾਨ ਵਿਚ ਸਿੰਘਾਂ ਨੇ ਸਿਰ-ਧੜ ਦੀ ਬਾਜ਼ੀ ਲਗਾ ਦਿੱਤੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ, ਸ਼ੁੱਕਰਚਾਰੀਆ, ਡੱਲੇਵਾਲੀਆ ਅਤੇ ਨਿਸ਼ਾਨਵਾਲੀਆ ਵੀ ਜੰਗ ਵਿਚ ਜੂਝ ਰਹੇ ਸਨ। ਕੁਤਬਾ ਬਾਹਮਣੀਆਂ ਕੋਲ ਹੋ ਰਹੀ ਗਹਿਗੱਚ ਲੜਾਈ ਵਿਚ ਖ਼ਾਲਸਾ ਨੇ ਮਿਸਲਾਂ ਦੀ ਅਜਿਹੀ ਕਤਾਰਬੰਦੀ ਕੀਤੀ ਕਿ ਵਹੀਰ ਦੀ ਰੱਖਿਆ ਕਾਇਮ ਰਹੇ। ਦੁਸ਼ਮਣ ਉਸ ਨੂੰ ਤੋੜ ਨਾ ਸਕੇ। ਜਿੱਥੇ ਕਿਤੇ ਵੀ ਦੁਸ਼ਮਣ ਨੇ ਕਤਾਰਬੰਦੀ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਸਿੰਘਾਂ ਨੇ ਮਾਰ ਮੁਕਾਏ। ਫਿਰ ਅਬਦਾਲੀ ਨੇ ਧੋਖੇ ਨਾਲ ਵਹੀਰ ਤੇ ਹਮਲਾ ਕਰ ਦਿੱਤਾ ਅਤੇ ਸਿੱਖ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ। ਸ਼ਾਮ ਤੱਕ ਬਹੁਤ ਸਾਰੇ ਸਿੰਘ ਸ਼ਹੀਦ ਹੋ ਚੁੱਕੇ ਸਨ। ਦਸ ਮੀਲ ਤੱਕ ਲਾਸ਼ਾਂ ਹੀ ਲਾਸ਼ਾਂ ਸਨ। ਇਸ ‘ਤੇ ਧਰ ਕੇ ਲੜਨ ਵਾਲੇ ਸਿੰਘਾਂ ਨੇ ਅਬਦਾਲੀ ਦੇ ਵੱਡੇ ਜਰਨੈਲਾਂ ਨੂੰ ਵੀ ਮਾਰ ਮੁਕਾਇਆ। ਸਿੱਖਾਂ ਦੀ ਦਲੇਰੀ ਵੇਖ ਕੇ ਅਬਦਾਲੀ ਦੇ ਸੈਨਿਕ ਝਾੜੀਆਂ ਵਿਚ ਲੁਕ ਲੁਕ ਕੇ ਜਾਨਾਂ ਬਚਾਉਣ ਲੱਗੇ। ਉਸ ਦੀ ਬਹੁਤ ਸਾਰੀ ਫੌਜ ਮਾਰੀ ਗਈ। ਸਿੰਘਾਂ ਦੇ ਅੱਗੇ ਅਬਦਾਲੀ ਦੀ ਫੌਜ ਨੇ ਭੱਜਣਾ ਸ਼ੁਰੂ ਕਰ ਦਿੱਤਾ। ਤੁਰਕ ਡਰਦੇ ਮਾਰੇ ਮਲੇਰਕੋਟਲਾ ਮੁੜ ਗਏ। ਖਿੰਡੇ ਪੁੰਡੇ ਬਚੇ ਹੋਏ ਸਿੰਘ ਵੀ ਇਕੱਠੇ ਹੋ ਕੇ ਬਰਨਾਲਾ ਚਲੇ ਗਏ। ਇਹ ਜੰਗ ਸਿੰਘਾਂ ਦੀ ਦਲੇਰੀ ਦੀ ਹੈਰਾਨਕੁੰਨ ਮਿਸਾਲ ਹੈ ਜਿਸ ਨੇ ਅੱਗੇ ਜਾ ਕੇ ਜਨਤਕ ਲਹਿਰਾਂ ਨੂੰ ਜਨਮ ਦਿੱਤਾ। ਇਸ ਜੰਗ ਵਿਚ ਸਿੰਘ ਨੇ ਚੜ੍ਹਦੀ ਕਲਾ ਵਿਚ ਰਹਿ ਕੇ ਜੰਗ ਦੇ ਮੈਦਾਨ ਵਿਚ ਜੂਝ ਮਰਨ ਦਾ ਨਿਸਚੈ ਰੱਖਿਆ। ਵੱਡੇ ਘੱਲੂਘਾਰੇ ਵਿਚ 30,000 ਦੇ ਕਰੀਬ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਜਿਸ ਵਿਚ ਜ਼ਿਆਦਾਤਰ ਵਹੀਰ ਤੁਰੀ ਜਾਂਦੀ ਵਿਚੋਂ ਸਨ। ਇਸ ਲੜਾਈ ਤੋਂ ਬਾਅਦ ਤੁਰਕਾਂ ਨੇ ਇਹ ਜਾਣ ਲਿਆ ਕਿ ਸਿੰਘਾਂ ਨਾਲ ਟੱਕਰ ਲੈਣੀ ਸੌਖਾ ਕੰਮ ਨਹੀਂ ਹੈ। ਅਗਲੇ ਸਾਲ 1763 ਈ. ਵਿਚ ਸਿੰਘਾਂ ਨੇ ਸਰਹਿੰਦ ਫਤਹਿ ਕਰ ਲਈ। ਸਿੰਘਾਂ ਨੇ ਅਬਦਾਲੀ ਨੂੰ ਅੰਮ੍ਰਿਤਸਰ ਤੋਂ ਵੀ ਭਜਾ ਦਿੱਤਾ। ਇਸ ਤਰ੍ਹਾਂ ਵੱਡੇ ਘੱਲੂਘਾਰੇ ਦੀ ਘਟਨਾ ਸਿੱਖ ਪੰਥ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

## *ਮਿੰਨੀ ਕਹਾਣੀ* ਹਮਲਾ

**ਕੇਵਲ ਸਿੰਘ ਧਰਮਪੁਰਾ**
9878801561

ਮੇਰੀ ਇੱਕ ਨੰਨ੍ਹੀ ਵਿਦਿਆਰਥਣ ਜਮਾਤ ਸੱਤਵੀਂ ਨੇ ਕਿਹਾ ਕਿ ਗੁਰੂ ਜੀ ਸਾਡਾ ਗੁਆਂਢੀ ਅੰਕਲ ਬਹੁਤ ਸ਼ਰਾਬ ਪੀਂਦਾ ਹੈ । ਸਾਰੇ ਟੱਬਰ ਨੂੰ ਤੰਗ ਕਰੀ ਰੱਖਦਾ ਹੈ ।ਗਾਲਾਂ ਦੀ ਨਿਰੀ ਦੁਕਾਨ ਆ ਉਹ । ਘਰ ‘ਚ ਹਰ ਵੇਲੇ ਕਲੇਸ਼ ਪਾ ਕੇ ਰੱਖਦਾ । ਮੇਰਾ ਜੀ ਕਰਦਾ ਕਿ....ਮੈਂ ਸੋਚਿਆ ਕਿ ਉਹ ਕਹੇਗੀ ਵੀ ਉਸ ਨੂੰ ਬਹਿ ਕੇ ਸਮਝਾਵਾਂ । ਕਈ ਸੋਚਦੇ ਹੋਣਗੇ ਕਿ ਉਹ ਕਹਿੰਦੀ ਹੋਣੀ ਵੀ ਗੁਆਂਢੀ ਦੇ ਡਾਂਗ ਮਾਰਾਂ । ਪਰ ਨਹੀਂ ਉਹ ਅੱਜ ਕੱਲ੍ਹ ਟੀਵੀ. ਦੇਖਦੀ ਆ। ਉਸ ਦੀ ਅੱਖ ‘ਚ ਵੀ ਉਹ ਸਭ ਕੁੱਝ ਪਲ਼ਦਾ ਹੈ ਜੋ ਸਕਰੀਨ ਤੇ ਦਿਖਦਾ ਹੈ ਤੇ ਜੋ ਵੀ ਮੀਡੀਆ ਜ਼ਹਿਰ ਉਗਲਦਾ ਹੈ, ਉਸ ਨੂੰ ਸਭ ਸੁਣਦਾ ਹੈ। ਜੋ ਉਸ ਨੇ ਕਿਹਾ ਸੁਣ ਕੇ ਮੇਰੀਆਂ ਅੱਖਾਂ ਖੜ੍ਹ ਗਈਆਂ। ਉਹ ਕਹਿੰਦੀ ਕਿ ਮੇਰਾ ਜੀ ਕਰਦਾ ਕਿ ਮੈਂ ਗੁਆਂਢੀਆਂ ਦੇ ਘਰ ‘ਤੇ ਪਰਮਾਣੂ ਬੰਬ ਨਾਲ ਹਮਲਾ ਕਰ ਦੇਵਾਂ। ਪਰਮਾਣੂ ਬੰਬ ਜਿਵੇਂ ਕੋਈ ਖੇਡ ਹੁੰਦਾ ਹੈ।

## 32ਵੀਂ ਸਿੱਖ ਪਰੇਡ ਸਬੰਧੀ ਜ਼ਰੂਰੀ ਮੀਟਿੰਗ 10 ਮਾਰਚ ਨੂੰ

**ਨਿਊਯਾਰਕ/ਏਟੀ ਨਿਊਜ਼ :** ਸਿੱਖ ਕਲਚਰਲ ਸੁਸਾਇਟੀ ਈਸਟ ਕੋਸਟ ਵਿਖੇ ਹੋਣ ਵਾਲੀ ਸਭ ਤੋਂ ਵੱਡੀ ਸਿੱਖ ਡੇ ਪਰੇਡ (ਖ਼ਾਲਸੇ ਦਾ ਸਿਰਜਣਾ ਦਿਵਸ) ਇਸ ਵਾਰ ਵੀ 27 ਅਪ੍ਰੈਲ ਦਿਨ ਸ਼ਨੀਵਾਰ ਨੂੰ ਨਿਊਯਾਰਕ ਸ਼ਹਿਰ ਵਿਚ ਸਜਾਈ ਜਾ ਰਹੀ ਹੈ। ਇਸ ਦੇ ਸਾਰੇ ਪ੍ਰਬੰਧਾਂ ਨੂੰ ਪੂਰਾ ਕਰਨ ਲਈ ਮੁਢਲੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ। ਇਸ ਸਬੰਧੀ ਸਮੂਹ ਗੁਰੂਘਰਾਂ ਅਤੇ ਪੰਥਕ ਜਥੇਬੰਦੀਆਂ ਦੀ ਸਾਂਝੀ ਦੂਸਰੀ ਮੀਟਿੰਗ 10 ਮਾਰਚ ਐਤਵਾਰ ਬਾਅਦ ਦੁਪਹਿਰ 03:00 ਵਜੇ ਸਿੱਖ ਕਲਚਰਲ ਸੁਸਾਇਟੀ ਵਿਚ ਰੱਖੀ ਗਈ ਹੈ। ਇਸ ਮੀਟਿੰਗ ਵਿਚ ਪਰੇਡ ਦੇ ਪਰਮਿਟਾਂਬਾਰੇ,

ਬਾਕੀ ਸ.ਫਾ 29 ’ਤੇ

**ਸੰਨ 1930 ਵਿਚ ਇਹ ਲੇਖ 'ਫੁਲਵਾੜੀ' ਦੇ ਜਨਵਰੀ ਮਹੀਨੇ ਦੇ ਸਿੱਖ ਇਤਿਹਾਸ ਅੰਕ ਵਿਚ ਛਪਿਆ ਸੀ। ਇਸ ਕਰ ਕੇ ਪਾਠਕ ਇਸ ਲੇਖ ਨੂੰ ਪੜ੍ਹਦੇ ਸਮੇਂ ਉਸ ਸਮੇਂ-ਕਾਲ ਨੂੰ ਸੰਦਰਭ ਵਿਚ ਰੱਖਣ। ਅੱਜ ਇਸ ਲੇਖ ਵਿਚਲੀਆਂ ਬਹੁਤ ਸਾਰੀਆਂ ਗੱਲਾਂ ਤੇ ਨੁਕਤੇ ਸਾਨੂੰ ਬੇ-ਮਾਅਨਾ ਵੀ ਲੱਗ ਸਕਦੇ ਹਨ ਪਰ ਕੌਮਾਂ ਦੀ ਗੁਲਾਮੀ ਦੀ ਹਾਲਤ ਅਤੇ ਅਜ਼ਾਦੀ ਲਈ ਆਪਣੇ ਇਤਿਹਾਸ ਤੇ ਆਪਣੀ ਬੋਲੀ ਦੀ ਅਹਿਮੀਅਤ ਦੇ ਨੁਕਤਾ-ਨਜ਼ਰ ਤੋਂ ਇਹ ਲੇਖ ਪੜ੍ਹਨ ਵਾਲਾ ਹੈ। ਇਸੇ ਨੁਕਤਾ-ਨਜ਼ਰ ਤੋਂ ਅਸੀਂ ਇਹ ਲੇਖ ਹੂ-ਬ-ਹੂ ਛਾਪ ਰਹੇ ਹਾਂ - ਸੰਪਾਦਕ**

# ਇਤਿਹਾਸ ਦੀ ਅਹਿਮੀਅਤ

**ਲਾਲਾ ਕਿਰਪਾ ਸਾਗਰ**

**ਕੌਮਾਂ ਦੀ ਪੂੰਜੀ :** ਕਿਸੇ ਕੌਮ ਜਾਂ ਦੇਸ਼ ਦੀ ਪੂੰਜੀ ਦੋ ਚੀਜ਼ਾਂ ਹੁੰਦੀਆਂ ਨੇ। ਇਕ ਉਸ ਦਾ ਇਤਿਹਾਸ ਤੇ ਦੂਜੀ ਉਸ ਦੀ ਮਾਤਰੀ ਬੋਲੀ ਜਾਂ ਸਾਹਿਤ। ਇਨ੍ਹਾਂ ਦੀ ਰੱਖਿਆ ਲਈ ਕੌਮਾਂ ਆਪਣੇ ਆਪ ਨੂੰ ਕੁਰਬਾਨ ਕਰ ਦਿੰਦੀਆਂ ਨੇ। ਹਜ਼ਾਰਾਂ ਖ਼ੂਨ ਤੇ ਜੰਗ ਹੋਏ ਕਿ ਮਾਤਰੀ ਬੋਲੀ ਤੇ ਕੌਮੀ ਇਤਿਹਾਸ ਦੂਸ਼ਤ ਨਾ ਕੀਤੇ ਜਾਣ। ਏਥੋਂ ਤਕ ਕਿ ਦੁਨੀਆ ਦੀਆਂ ਕੌਮਾਂ ਨੇ ਇਨ੍ਹਾਂ ਦੋਹਾਂ ਦੀ ਖਾਤਰ ਕਈ ਜੰਗ ਛੇੜੇ ਤੇ ਲੱਖਾਂ ਬੰਦੇ ਸ਼ਹੀਦ ਕਰਵਾਏ। ਅਜੇ ਹੁਣੇ ਪੋਲੈਂਡ ਨੇ ਜਿੱਤ ਜਿੱਤੀ ਏ ਤੇ ਆਪਣਾ ਇਤਿਹਾਸ ਤੇ ਮਾਤਰੀ ਬੋਲੀ ਨੂੰ ਬੜੇ ਜ਼ੋਰ ਨਾਲ ਬਚਾਇਆ ਏ। ਇਹ ਦੋਵੇਂ ਚੀਜ਼ਾਂ ਬੜੀਆਂ ਘਾਲਾਂ ਘਾਲ ਕੇ ਤੇ ਮਿਹਨਤ ਕਰਕੇ ਬਣਾਈਆਂ ਜਾਂਦੀਆਂ ਨੇ। ਇਨ੍ਹਾਂ ਦੀ ਬਣਤਰ ਵਿਚ ਕੌਮ ਦਿਆਂ ਚੋਣਵਿਆਂ ਪੁਰਸ਼ਾਂ ਤੇ ਇਸਤਰੀਆਂ ਦਾ ਲਹੂ ਡੁੱਲ੍ਹਾ ਹੋਇਆ ਹੁੰਦਾ ਏ। ਹਜ਼ਾਰਾਂ ਜਾਨਾਂ ਵਾਰੀਆਂ ਹੋਈਆਂ ਹੁੰਦੀਆਂ ਨੇ ਤੇ ਬੇਅੰਤ ਸੂਰਮੇ ਸ਼ਹੀਦ ਹੋਏ ਹੁੰਦੇ ਨੇ। ਗੱਲ ਕੀ ਕਿ ਇਨ੍ਹਾਂ ਚੀਜ਼ਾਂ ਦਾ ਲੱਭਣਾ ਕੋਈ ਸੌਖਾ ਕੰਮ ਨਹੀਂ। ਏਸ ਵਾਸਤੇ ਹਰ ਇਕ ਕੌਮ ਦੇ ਦਿਲ ਵਿਚ ਇਨ੍ਹਾਂ ਦੋਹਾਂ ਚੀਜ਼ਾਂ ਦੀ ਬੜੀ ਕਦਰ, ਇੱਜ਼ਤ ਤੇ ਮਾਣ ਹੁੰਦਾ ਏ।

**ਬਣਤਰ :** ਜਿਸ ਸਮੇਂ ਹੀਰਾ ਖਾਣ ਵਿਚ ਹੁੰਦਾ ਏ, ਉਹ ਸਧਾਰਨ ਪੱਥਰ ਵਰਗਾ ਜਾਪਦਾ ਏ। ਕਾਰੀਗਰ ਉਸ ਦੀਆਂ ਨੁੱਕਰਾਂ ਸਾਫ ਕਰਕੇ ਉਸ ਦੇ ਪਾਸੇ ਘੜਾਂਦੇ ਨੇ। ਤਦ ਉਹ ਬੜਾ ਸੁੰਦਰ ਜਾਪਣ ਲਗ ਪੈਂਦਾ ਏ ਤੇ ਓਹਦਾ ਮੁੱਲ ਹਜ਼ਾਰਾਂ ਗੁਣਾਂ ਵਧ ਜਾਂਦਾ ਏ। ਏਸੇ ਤਰ੍ਹਾਂ ਇਤਿਹਾਸ ਤੇ ਸਾਹਿਤ ਨੇ। ਬੋਲੀ ਤਾਂ ਆਮ ਦੇਸ਼ ਬੋਲਦਾ ਏ ਪਰ ਜੀਕਣ ਹੀਰੇ ਨੂੰ ਘੜਣ ਵਾਲੇ ਚਤੁਰ ਕਾਰੀਗਰ ਉਸ ਦੇ ਪਾਸੇ ਬਣਾਉਣ ਵਿਚ ਚਤੁਰਾਈ ਤੇ ਮਿਹਨਤ ਵਰਤਦੇ ਨੇ, ਏਸੇ ਤਰ੍ਹਾਂ ਕਲਮ ਦੇ ਧਨੀ ਵੀ ਆਪਣੀ ਅਕਲ, ਦਾਨਾਈ ਤੇ ਮਿਹਨਤ ਨਾਲ ਸਾਹਿਤ ਨੂੰ ਤੇ ਬੋਲੀ ਨੂੰ ਸੁਆਰਨ ਦਾ ਯਤਨ ਕਰਦੇ ਨੇ। ਜੀਕਣ ਕਾਰੀਗਰ ਨੂੰ ਹੀਰੇ ਦਾ ਮੁੱਲ ਵਧਾਉਣ ਲਈ ਉਸ ਉਤੇ ਮਿਹਨਤ ਕਰਨੀ ਤੇ ਜਾਨ ਘਾਲਣੀ ਪੈਂਦੀ ਏ, ਇੱਕਣ ਈ ਲਿਖਾਰੀ ਨੂੰ ਵੀ ਬੋਲੀ ਨੂੰ ਸੋਧਣ ਲਈ ਉਸ ਤੋਂ ਵੀ ਵਧੇਰੀ ਜਾਨ ਮਾਰਨੀ ਪੈਂਦੀ ਏ ਤੇ ਚੰਗਾ ਸਾਹਿਤ ਉਸ ਦੀ ਮਿਹਨਤ ਦਾ ਮੁੱਲ ਹੁੰਦਾ ਏ। ਏਸੇ ਵਾਸਤੇ ਸਾਹਿਤਕ ਲਿਖਾਰੀਆਂ ਦੀ ਹਰ ਇਕ ਕੌਮ ਵਿਚ ਬੜੀ ਇੱਜ਼ਤ ਤੇ ਕਦਰ ਹੁੰਦੀ ਏ। ਇਤਿਹਾਸ ਵੀ ਏਸੇ ਤਰ੍ਹਾਂ ਬਣਦਾ ਏ। ਸੂਰਬੀਰ ਪੁਰਸ਼ ਤੇ ਗੁਣਵੰਤੀਆਂ ਇਸਤਰੀਆਂ - ਜੋ ਕਿਸੇ ਵੀ ਜਾਤੀ ਵਿਚ ਆਦਰ ਕਰਨ ਦੇ ਯੋਗ ਹੋ ਸਕਦੀਆਂ ਨੇ — ਇਸ ਦੇ ਕਰਤਾ ਹੁੰਦੇ ਨੇ। ਪਰਉਪਕਾਰ, ਪਰ-ਸਵਾਰਥ, ਦੇਸਭਗਤੀ, ਧਰਮ ਭਾਵ ਉਨ੍ਹਾਂ ਦਿਆਂ ਜੀਵਨਾਂ ਦਾ ਆਦਰਸ਼ ਹੁੰਦਾ ਏ। ਇਸ ਵਾਸਤੇ ਕੌਮ ਉਨ੍ਹਾਂ ਉਤੇ ਮਾਣ ਕਰਦੀ ਏ ਤੇ ਉਨ੍ਹਾਂ ਦੇ ਵਡਿੱਤਣ ਨਾਲ ਵਡਿਆਈ ਲੱਭਦੀ ਏ। ਗੱਲ ਕੀ, ਅਜਿਹੇ ਪੁਰਸ਼ਾਂ ਤੇ ਇਸਤਰੀਆਂ ਦਾ ਬਣਾਇਆ ਹੋਇਆ ਇਤਿਹਾਸ ਰਾਜਸੀ ਗੁੰਝਲਾਂ ਵਿਚ, ਮਾਇਕ ਔਕੜਾਂ ਵਿਚ ਤੇ ਧਾਰਮਿਕ ਸੈਂਹਸਿਆਂ ਵਿਚ ਕੌਮ ਦਾ ਸਹਾਇਕ ਤੇ ਰਾਹ ਵਿਖਾਉਣ ਵਾਲਾ ਆਗੂ ਹੁੰਦਾ ਏ। ਕੌਮ ਨੂੰ ਉਜਲਾ, ਚਮਕਦਾਰ ਤੇ ਸ਼ਾਨਦਾਰ ਬਣਾਉਂਦਾ ਏ। ਹਾਂ ਇਹ ਗੱਲ ਵੀ ਭੁੱਲਣਯੋਗ ਨਹੀਂ ਕਿ ਇਤਿਹਾਸ ਦੇ ਕਰਤੇ ਨਿਰੇ-ਪੁਰੇ ਸਦਾਚਾਰੀ, ਭਲੇ ਪੁਰਖ ਤੇ ਇਸਤਰੀਆਂ ਈ ਨਹੀਂ ਹੁੰਦੇ, ਦੁਰਾਚਾਰੀ ਤੇ ਕੁਕਰਮੀ ਮਨੁੱਖ ਵੀ ਇਸ ਦੀ ਬਣਤਰ ਵਿਚ ਘੱਟ ਹਿੱਸਾ ਨਹੀਂ ਲੈਂਦੇ। ਏਸ ਵਾਸਤੇ ਜਿਥੇ ਅਸੀਂ ਉਚ-ਕਰਮੀ ਪੁਰਖਾਂ ਦੇ ਚਮਕਦੇ ਤੇ ਭੜਕਦਾਰ ਪੰਨੇ ਵੇਖਦੇ ਆਂ, ਓਥੇ ਨਾਲ ਈ ਸਾਨੂੰ ਕਿਧਰੇ ਕਿਧਰੇ ਧ੍ਰੋਹੀ, ਘਾਤੀ ਤੇ ਦੁਰਾਚਾਰੀ ਕੁਲੀਖਾਂ ਦੇ ਮੁਕਾਲੇ ਚਿਤਰ ਵੀ ਨਜ਼ਰ ਆਉਂਦੇ ਨੇ। ਓਹ ਆਪਣੇ ਕੁਕਰਮਾਂ ਦੇ ਕਾਰਨ ਕਿਸੇ ਨੂੰ ਧੰਨਵਾਦੀ ਨਹੀਂ ਬਣਾ ਸਕਦੇ, ਕਿਉਂਕਿ ਉਨ੍ਹਾਂ ਦਾ ਨਾਂ ਲਿਆ ਦੇਸ ਉਜਲਾ ਨਹੀਂ ਹੁੰਦਾ। ਪਰ ਹਾਂ ਏਨਾ ਲਾਭ ਜ਼ਰੂਰ ਹੁੰਦਾ ਏ ਕਿ ਉਨ੍ਹਾਂ ਦੇ ਟਾਕਰੇ ਉਤੇ ਸਤਕਰਮੀ ਲੋਕਾਂ ਦੇ ਇਤਿਹਾਸ ਵਧੇਰੀ ਉਘੇੜ ਪਕੜ ਲੈਂਦੇ ਨੇ। ਉਨ੍ਹਾਂ ਦੀ ਕਾਲਖ ਦੁਨੀਆਂ ਨੂੰ ਖ਼ਬਰਦਾਰ ਵੀ ਕਰਦੀ ਏ ਕਿ ਖ਼ਬਰਦਾਰ, ਸਾਡੇ ਵਰਗਾ ਚਰਿਤਰ ਹੋਰ ਨਾ ਬਣਾਉਣਾ।

**ਸਾਹਿਤ ਤੇ ਇਤਿਹਾਸ :** ਬੋਲੀ ਤੇ ਸਾਹਿਤ ਇਕੋ ਚੀਜ਼ ਨੇ। ਪਰ ਬੋਲੀ ਕੌਮੀ ਇਹਿਤਾਸ ਦਾ ਨਿਚੋੜ ਹੁੰਦੀ ਏ। ਕੌਮ ਜਿਸ ਜਿਸ ਘਟਨਾ ਵਿਚੋਂ ਲੰਘਦੀ ਏ, ਉਸ ਉਸ ਦਾ ਬੋਲੀ ਉਤੇ ਅਸਰ ਪੈਂਦਾ ਏ ਤੇ ਜਿਥੇ ਇਤਿਹਾਸ ਮੁੱਕ ਜਾਂਦਾ ਏ ਬੋਲੀ ਵਧਣੋਂ ਰਹਿ ਜਾਂਦੀ ਏ। ਸੱਚ ਪੁੱਛੋਂ ਤਾਂ ਬੋਲੀ ਤੋਂ ਕੌਮ ਦੇ ਇਤਿਹਾਸ ਦਾ ਪਤਾ ਲੱਗ ਜਾਂਦਾ ਏ। ਨਿੱਕੇ ਨਿੱਕੇ ਤੇ ਛੋਟੇ-ਛੋਟੇ ਸ਼ਬਦ, ਜੋ ਬੋਲੀ ਵਿਚ ਮੱਲਾਂ ਮਾਰ ਕੇ ਧਸੇ ਹੋਏ ਹੁੰਦੇ ਨੇ, ਇਕ ਇਕ ਇਤਿਹਾਸਕ ਘਟਨਾ ਦਾ ਵੇਰਵਾ ਹੁੰਦੇ ਨੇ ਤੇ ਸਮਝ ਵਾਲੇ ਲੋਕ ਉਨ੍ਹਾਂ ਤੋਂ ਈ ਕੌਮੀ ਇਤਿਹਾਸ ਘੜ ਲੈਂਦੇ ਨੇ। ਏਸ ਵਾਸਤੇ ਬੋਲੀ ਜਾਂ ਸਾਹਿਤ ਕੌਮ ਦਾ ਪ੍ਰਤੱਖ ਇਤਿਹਾਸ ਹੈ।

**ਮਨੁੱਖੀ ਸੁਭਾਵ ਤੇ ਇਤਿਹਾਸ :** ਮਨੁੱਖ ਆਪਣੇ ਸੁਭਾਵ ਤੋਂ ਈ ਇਹਿਤਾਸ-ਪ੍ਰੇਮੀ ਏ। ਉਸ ਦੇ ਚਿੱਤ ਦੀ ਤ੍ਰੇਹ ਮਿਟਾਉਣ ਲਈ ਇਤਿਹਾਸ ਦਾ ਉਪਦੇਸ਼ ਜ਼ਰੂਰੀ ਏ। ਜੇ ਚੰਗਾ ਤੇ ਠੀਕ ਇਤਿਹਾਸ ਮਿਲ ਜਾਏ ਤਦ ਤੇ ਵਾਹਵਾ, ਨਹੀਂ ਤੇ ਜੋ ਕੁਝ ਵੀ ਮਿਲ ਜਾਏ ਉਸ ਦੇ ਜੀਵਨ ਬਣਾਉਣ ਲਈ ਉਹੋ ਵਰਤਣਾ ਪਏਗਾ। ਮਨੁੱਖ ਸਦਾ ਪੁਰਾਣਿਆਂ ਲੋਕਾਂ ਤੋਂ ਸਿੱਖਿਆ ਲੈਣ ਦਾ ਚਾਹਵਾਨ ਰਹਿੰਦਾ ਏ। ਉਸ ਨੂੰ ਹਰ ਵੇਲੇ ਇਹ ਜਾਣਨ ਦੀ ਲੋੜ ਰਹਿੰਦੀ ਏ ਕਿ ਸਾਡੇ ਵੱਡੇ ਕਿਸੇ ਖਾਸ ਕੰਮ ਨੂੰ, ਜੋ ਉਨ੍ਹਾਂ ਨੇ ਕਰਨਾ ਹੋਵੇ, ਕੀਕਣ ਕਰਦੇ ਸਨ। ਇਕੋ ਜਿਹੀਆਂ ਘਟਨਾਵਾਂ ਸਦਾ ਆਉਂਦੀਆਂ ਜਾਂਦੀਆਂ ਰਹਿੰਦੀਆਂ ਨੇ। ਏਸ ਵਾਸਤੇ ਇਤਿਹਾਸ ਹੀ ਅਜਿਹੇ ਸਮਿਆਂ ਉਤੇ ਰਾਹ ਵਿਖਾਉਣ ਵਾਲੀ ਚੀਜ਼ ਏ। ਏਸੇ ਵਾਸਤੇ ਆਖਦੇ ਨੇ ਕਿ ਇਤਿਹਾਸ ਪਰਤ ਪਰਤ ਕੇ ਆਉਂਦਾ ਏ। ਛੋਟੇ ਬੱਚੇ ਜਦ ਆਪਣੇ ਮਾਤਾ-ਪਿਤਾ ਜਾਂ ਦਾਦੇ ਦਾਦੀ ਦੇ ਪਾਸ ਬਹਿੰਦੇ ਨੇ ਤਦ ਉਨ੍ਹਾਂ ਦੀ ਬੜੀ ਭਾਰੀ ਚਾਹ ਇਹ ਹੁੰਦੀ ਏ ਕਿ ਉਨ੍ਹਾਂ ਨੂੰ ਪੁਰਾਣੀਆਂ ਗੱਲਾਂ ਸੁਣਾਈਆਂ ਜਾਣ। ਪੁਰਾਣੇ ਇਤਿਹਾਸ ਸੁਣਨ ਦਾ ਬੱਚਿਆਂ ਨੂੰ ਬੜਾ ਕੰਨ-ਰਸ ਹੁੰਦਾ ਏ। ਕਾਰਨ ਇਹ ਹੈ ਕਿ ਮਨੁੱਖ ਸੁਭਾਵ ਤੋਂ ਹੀ ਇਤਿਹਾਸ-ਪ੍ਰੇਮੀ ਏ ਤੇ ਇਤਿਹਾਸ ਤੋਂ ਗਿਆਨ ਪ੍ਰਾਪਤ ਕਰਨਾ ਉਸ ਦਾ ਸੁਭਾਵਿਕ ਨੇਮ ਹੈ।



Lala Kirpa Sagar
(1875-1933)
Notable work 'Maharaja Ranjit Singh' and 'Punjab'

ਪੁਰਾਣਿਆਂ ਸਰਦਾਰਾਂ ਤੇ ਰਾਜਿਆਂ ਮਹਾਰਾਜਿਆਂ ਦਿਆਂ ਘਰਾਂ ਵਿਚ ਬੱਚਿਆਂ ਨੂੰ ਪੰਘੂੜਿਆਂ ਵਿਚ ਈ ਆਪਣੀਆਂ ਕੁਲਾਂ ਦੇ ਇਤਿਹਾਸ ਸੁਣਾਏ ਜਾਂਦੇ ਸਨ। ਭੱਟ ਲੋਕ ਕਬਿੱਤਾਂ ਵਿਚ ਇਤਿਹਾਸ ਜੋੜ ਕੇ ਬੱਚਿਆਂ ਨੂੰ ਸੁਣਾਂਦੇ ਤੇ ਬਲਵਾਨ ਬਣਾਂਦੇ ਸਨ। ਲੜਾਈਆਂ ਤੇ ਯੁੱਧਾਂ ਵਿਚ ਇਤਿਹਾਸ ਸੁਣ ਸੁਣ ਯੋਧੇ ਤੇ ਸੂਰਬੀਰ ਜਾਨਾਂ ਦੀ ਪਰਵਾਹ ਨਹੀਂ ਸਨ ਕਰਦੇ। ਸ਼ੋਕ ਹੈ ਕਿ ਅੱਜਕੱਲ੍ਹ ਅਸੀਂ ਇਨ੍ਹਾਂ ਗੱਲਾਂ ਦੀ ਪਰਵਾਹ ਨਹੀਂ ਕਰਦੇ। ਜੰਮਦੇ ਮੁੰਡੇ ਕੱਛੇ ਬਸਤਾ ਮਾਰ ਕੇ ਸਕੂਲ ਨੂੰ ਟੁਰ ਜਾਂਦੇ ਨੇ। ਘਰ ਆ ਕੇ ਆਪਣੀਆਂ ਕਿਤਾਬਾਂ ਦੇ ਕੀੜੇ ਬਣੇ ਰਹਿੰਦੇ ਨੇ। ਮਾਂ ਪਿਓ ਨਹੀਂ ਚਾਹੁੰਦੇ ਕਿ ਉਨ੍ਹਾਂ ਦਾ ਵੇਲਾ ਗੁਆਇਆ ਜਾਏ। ਏਸ ਵਾਸਤੇ ਨਾ ਤੇ ਕਿਤਾਬਾਂ ਤੋਂ ਉਨ੍ਹਾਂ ਨੂੰ ਵਿਹਲ ਈ ਮਿਲਦਾ ਏ ਕਿ ਮਾਪਿਆਂ ਜਾਂ ਦਾਦੇ-ਦਾਦੀ ਦੇ ਕੋਲ ਬਹਿ ਕੇ ਪੁਰਾਣੀਆਂ ਗੱਲਾਂ ਸੁਣਨ ਤੇ ਨਾ ਈ ਮਾਪੇ ਚਾਹੁੰਦੇ ਨੇ ਕਿ ਉਨ੍ਹਾਂ ਦੀ ਪੜ੍ਹਾਈ ਵਿਚ ਹਰਜ ਹੋਵੇ। ਏਸ ਵਾਸਤੇ ਓਹ ਘਰੋਗੀ ਇਤਿਹਾਸ ਤੋਂ ਪੂਰੇ ਪੂਰੇ ਜਾਣੂ ਨਹੀਂ ਹੁੰਦੇ। ਨਿਰਾ ਉਹੋ ਉਲਟਾ ਪੁਲਟਾ ਜਾਣਦੇ ਨੇ, ਜੋ ਸਕੂਲਾਂ ਦੀਆਂ ਕਿਤਾਬਾਂ ਵਿਚ ਲਿਖਿਆ ਹੋਇਆ ਹੁੰਦਾ ਏ। ਫੇਰ ਭਲਾ ਉਨ੍ਹਾਂ ਦਿਆਂ ਦਿਲਾਂ ਵਿਚ ਆਪਣਿਆਂ ਵੱਡਿਆਂ ਦੀ ਕਦਰ ਕੀਕਣ ਹੋ ਸਕਦੀ ਏ।

**ਸਿੱਖ ਇਤਿਹਾਸ :** ਭਾਰਤ ਦੇ ਇਤਿਹਾਸ ਵਿਚ ਸਿੱਖ ਇਹਿਤਾਸ ਇਕ ਚਮਕਦਾ ਹੀਰਾ ਏ। ਸੱਚ ਪੁੱਛੋਂ ਤੇ ਸਿੱਖੀ ਰਾਜ ਸਿੱਖ ਇਤਿਹਾਸ ਦੇ ਕਾਰਨ ਈ ਕਾਇਮ ਹੋਇਆ। ਗੁਰੂਆਂ ਦੇ ਪਵਿੱਤਰ ਜੀਵਨ ਇਤਿਹਾਸ ਦੀ ਨੀਂਹ ਸਨ, ਜਿਸ ਉਤੇ ਸ਼ਹੀਦਾਂ ਤੇ ਪੰਥ-ਪਰੇਮੀਆਂ ਨੇ ਆਪਣੀਆਂ ਕੁਰਬਾਨੀਆਂ ਤੋਂ ਸੁੰਦਰ ਅਟਾਰੀ ਖੜੀ ਕੀਤੀ। ਬੜੇ-ਬੜੇ ਸਾਕੇ ਤੇ ਵੀਰ-ਕਰਮ ਸਿੱਖ ਦੇਵੀਆਂ ਪਾਸੋਂ ਵੀ ਪੁੱਜ ਕੇ ਕਰਾਏ। ਦਸਮੇਸ਼ ਪਿਤਾ ਦੀ ਨਿਡਰਤਾ, ਸੱਚ ਤੇ ਦ੍ਰਿੜ੍ਹਤਾ ਉਨ੍ਹਾਂ ਦੇ ਵਿਰਸੇ ਵਿਚ ਆਈ। ਸ਼ਹੀਦਾਂ, ਸਾਹਿਬਜ਼ਾਦਿਆਂ, ਪੰਜਾਂ ਪਿਆਰਿਆਂ ਤੇ ਮੁਕਤਿਆਂ ਦੀਆਂ ਸਾਖੀਆਂ ਵਾਰ-ਵਾਰ ਕੰਨਾਂ ਵਿਚ ਸੁਣਾਈ ਦੇਂਦੀਆਂ ਸਨ। ਗੁਰੂ ਮਹਾਰਾਜ ਪਿਤਾ ਸਮਝੇ ਜਾਂਦੇ ਸਨ ਤੇ ਸਭ ਸਿੱਖ ਉਨ੍ਹਾਂ ਦੀ ਈ ਸੰਤਾਨ ਮੰਨੇ ਜਾਂਦੇ ਸਨ। ਗੁਰੂ ਕਾ ਘਰ ਸਭ ਦਾ ਸਾਂਝਾ ਹੁੰਦਾ ਸੀ ਤੇ ਸਿੱਖ ਸਿੱਖ ਦਾ ਦੋਖੀ ਕਦੇ ਨਹੀਂ ਸੀ ਹੋ ਸਕਦਾ। ਅਜਿਹੇ ਹਾਲਾਂ ਵਿਚ ਇਹ ਭਲਾ ਕੀਕਣ ਹੋ ਸਕਦਾ ਸੀ ਕਿ ਕੋਈ ਸਿੱਖ ਪਰਾਈ ਗੁਲਾਮੀ ਵਿਚ ਜਕੜਿਆ ਰਹਿਣਾ ਪਸੰਦ ਕਰੇ। ਇਤਿਹਾਸ ਨੇ ਆਦਰਸ਼ ਦੱਸਿਆ ਤੇ ਸਿੱਖਾਂ ਨੇ ਸਵਰਾਜ ਕਾਇਮ ਕਰ ਲਿਆ। ਹੁਣ ਜੋ ਹਰ ਰੋਜ਼ ਸੁਣਦੇ ਹਾਂ ਕਿ ਫਲਾਣਾ ਸਿੱਖ ਸਿੱਖੀ ਤੋਂ ਪਤਿਤ ਹੋ ਗਿਆ, ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ। ਸਿੱਖੀ ਇਤਿਹਾਸ ਦੇ ਸਿਰ ਉਤੇ ਕਾਇਮ ਸੀ। ਉਹ ਇਤਿਹਾਸ ਲੋਕਾਂ ਨੂੰ ਭੁੱਲ ਰਹੇ ਨੇ। ਜਦ ਇਤਿਹਾਸ ਵੱਲ ਧਿਆਨ ਸੀ, ਤਦ ਸਿੱਖਾਂ ਦਾ ਰਾਜ ਕਾਇਮ ਹੋ ਗਿਆ। ਪਰ ਜਦ ਇਤਿਹਾਸ ਭੁੱਲ ਗਏ ਤਦ ਹੁਣ 30 ਫੀਸਦੀ ਸੀਟਾਂ ਮਿਲਣੀਆਂ ਵੀ ਮੁਸ਼ਕਲ ਨਜ਼ਰ ਆ ਰਹੀਆਂ ਨੇ।

**ਨਵਾਂ ਪੋਚ ਤੇ ਇਤਿਹਾਸ :** ਪਿਛਲੇ ਲੋਕ ਤਾਂ ਆਪਣੇ ਇਤਿਹਾਸ ਨੂੰ ਕੁਝ ਜਾਣਦੇ ਵੀ ਸਨ ਪਰ ਨਵੇਂ ਪੋਚ ਨੂੰ ਆਪਣੇ ਇਤਿਹਾਸ ਨਾਲ ਰਵਾਲ ਜਿੰਨੀ ਵੀ ਛੋਹ ਨਹੀਂ। ਉਨ੍ਹਾਂ ਕੋਲੋਂ ਫਰਾਂਸੀਸੀ ਇਨਕਲਾਬ (French Revolution) ਦਾ ਹਾਲ ਭਾਵੇਂ ਮੂੰਹ-ਜ਼ਬਾਨੀ ਸੁਣ ਲਓ, ਵਾਟਰਲੂ ਦੀ ਲੜਾਈ ਦਾ ਪੂਰਾ-ਪੂਰਾ ਵੇਰਵਾ ਲੈ ਲਓ, ਸਪੇਨਿਸ਼ ਆਰਮੇਡਾ ਤੇ ਅਮਰੀਕਨ ਅਜ਼ਾਦੀ (American Independence) ਦੇ ਕਾਰਨ ਪੁੱਛ ਲਓ, ਪਰ ਆਖੋ ਜੋ ਕਿਸੇ ਨੂੰ ਅਹਿਮਦਸ਼ਾਹ ਤੇ ਸਿੱਖਾਂ ਦੀ ਲੜਾਈ ਜਾਂ ਪਹਿਲਾਂ ਤੇ ਦੂਜਾ ਸਿੱਖ ਜੰਗ, ਜਾਂ ਮੁਲਤਾਨ ਦੇ ਮੂਲਰਾਜ ਦਾ ਅਸਲੀ ਹਾਲ ਰਤਾ ਵੀ ਮਾਲੂਮ ਹੋਵੇ। ਕਾਰਨ ਇਹ ਹੈ ਕਿ ਅਸੀਂ ਮ੍ਰਿਗ-ਤ੍ਰਿਸ਼ਨਾ ਵਾਂਙ ਦੌਲਤ ਤੇ ਇੱਜ਼ਤ ਦੇ ਪਿਛੇ ਇਤਨੇ ਪਏ ਹੋਏ ਆਂ ਕਿ ਆਪਣੇ ਬੱਚਿਆਂ ਨੂੰ ਉਹੋ ਸਿਖਿਆ ਦੁਆਉਂਦੇ ਆਂ, ਜਿਸ ਤੋਂ ਸਾਡੇ ਵਿਚਾਰ ਅਨੁਸਾਰ ਉਨ੍ਹਾਂ ਨੂੰ ਉਚੀ ਪਦਵੀ ਤੇ ਵਧੇਰੀ ਮਾਇਆ ਮਿਲ ਸਕੇ। ਭਾਵੇਂ ਉਹ ਮਾਇਆ ਤੇ ਪਦਵੀ ਹੱਥ ਆਵੇ ਜਾਂ ਨਾ ਆਵੇ, ਇਹ ਹੋਰ ਗੱਲ ਏ। ਕਿਉਂਕਿ ਆਪਣੇ ਹੱਥ ਜੁ ਨਾ ਹੋਈ। ਪਰ ਸਾਡਾ ਯਤਨ ਇਹੋ ਹੁੰਦਾ ਏ ਕਿ ਸਾਡੇ ਲੜਕੇ ਉਹੋ ਸਿਖਿਆ ਲੈਣ, ਜਿਸ ਤੋਂ ਉਨ੍ਹਾਂ ਦਾ ਮਰਤਬਾ ਉਚਾ ਹੋ ਸਕੇ। ਆਪਣੀ ਸੰਤਾਨ ਲਈ ਇਹ ਭਾਵ ਮਾੜਾ ਨਹੀਂ ਤੇ ਹਰ ਇਕ ਮਾਤਾ ਪਿਤਾ ਦਾ ਕਰੱਤਵ ਹੈ ਕਿ ਆਪਣਿਆਂ ਲੜਕਿਆਂ ਨੂੰ ਉਹੋ ਸਿਖਿਆ ਦੇਣ ਜਿਸ ਤੋਂ ਉਨ੍ਹਾਂ ਦਾ ਮਰਤਬਾ ਉਚਾ ਹੋ ਸਕੇ, ਪਰ ਸੁਆਲ ਇਹ ਹੈ ਕਿ ਜਿਹੜੀ ਸਿਖਿਆ ਅਸੀਂ ਉਨ੍ਹਾਂ ਨੂੰ ਦੁਆ ਰਹੇ ਆਂ, ਕੀ ਉਹ ਉਨ੍ਹਾਂ ਦਾ ਮਰਤਬਾ ਉਚਾ ਕਰ ਸਕੇਗੀ ? ਏਸ ਵਿਸ਼ੇ ਉਤੇ ਏਨਾ ਕੁਝ ਲਿਖਿਆ ਗਿਆ ਏ ਤੇ ਲਿਖਿਆ ਜਾ ਰਿਹਾ ਏ ਕਿ ਮੇਰੇ ਜਿਹੇ ਕੱਚ ਘਰੜ ਗਿਆਨੀ ਨੂੰ ਹੋਰ ਲਿਖਣ ਦੀ ਲੋੜ ਨਹੀਂ ਜਾਪਦੀ। ਪਰ ਹਾਂ ਏਨਾ ਮੈਂ ਵੀ ਕਹਿ ਸਕਨਾ ਆਂ ਕਿ ਅਸਾਂ ਏਸ ਹਾਓ-ਤਾਈ ਵਿਚ ਆਪਣਾ ਕੌਮੀ ਫਰਜ਼ ਪੂਰਾ ਨਹੀਂ ਕੀਤਾ। ਅਸੀਂ ਆਪਣਿਆਂ ਬੱਚਿਆਂ ਨੂੰ ਸਿੱਖਿਆ ਦੁਆਉਣ ਵੇਲੇ ਜਿੰਨਾ ਰੋਟੀ ਦੇ ਸੁਆਲ ਨੂੰ ਪੂਰੇ ਗਹੁ ਨਾਲ ਵੇਖਨੇ ਆਂ, ਓਨਾ ਉਨ੍ਹਾਂ ਦੇ ਪੰਜਾਬੀ ਜਾਂ ਹਿੰਦੁਸਤਾਨੀ ਬਣੇ ਰਹਿਣ ਦੇ ਸੁਆਲ ਉਤੇ ਗਹੁ ਨਹੀਂ ਕਰਦੇ। ਏਨਾ ਵਿਚਾਰ ਕਦੇ ਵੀ ਸਾਡੇ ਦਿਲ ਵਿਚ ਨਹੀਂ ਆਇਆ ਕਿ ਅਸੀਂ ਆਪਣੀਆਂ ਸੰਤਾਨਾਂ ਨੂੰ ਆਪਣੇ ਇਤਿਹਾਸ ਦਾ ਪ੍ਰੇਮੀ ਬਣਾਈਏ, ਜਿਸ ਤੋਂ ਸਾਡੀ ਤੇ ਉਨ੍ਹਾਂ ਦੀ ਸਾਕਾਦਾਰੀ ਬਣੀ ਰਹੇ। ਹੁਣ ਦੇ ਮੁੰਡੇ ਭਾਰਤੀ ਇਤਿਹਾਸ ਨੂੰ ਉਕਾ ਨਹੀਂ ਜਾਣਦੇ। ਏਸ ਵਾਸਤੇ ਉਨ੍ਹਾਂ ਦਿਆਂ ਦਿਲਾਂ ਵਿਚ ਆਪਣੇ ਪੁਰਾਣੇ ਵੱਡਿਆਂ ਦੀ ਕੋਈ ਕਦਰ ਨਹੀਂ।

**ਇਤਿਹਾਸ ਇਕ ਸ਼ਸਤਰ ਹੈ :** ਅੱਜਕੱਲ੍ਹ ਦੇ ਰਾਜਸੀ ਮੁਖੀਏ ਇਤਿਹਾਸ ਨੂੰ ਇਕ ਘਾਤਕ ਸ਼ਸਤਰ ਵਾਂਗਰ ਵੀ ਵਰਤਦੇ ਨੇ। ਪਰਤਾਵੇ ਨਾਲ ਪਤਾ ਲਗਦਾ ਏ ਕਿ ਸੱਚਮੁੱਚ ਇਹ ਸ਼ਸਤਰ ਵਧੇਰਾ ਅਸਰ ਕਰਨਾ ਵਾਲਾ ਹੁੰਦਾ ਏ। ਤਲਵਾਰ ਦੀ ਧਾਰ ਤੋਂ ਮਨੁੱਖ ਬਚ ਜਾਏ, ਮੋਈਆਂ ਹੋਈਆਂ ਕੌਮਾਂ ਫੇਰ ਜਿਉਂਦੀਆਂ ਹੋ ਜਾਣ, ਪਰ ਇਤਿਹਾਸ ਦੀ ਮਾਰ ਫੇਰ ਉਠਣ ਜੋਗਾ ਨਹੀਂ ਛੱਡਦੀ। ਗੱਲ ਕੀ, ਇਤਿਹਾਸ ਦੀ ਮਾਰ, ਤੋਪਾਂ ਬੰਦੂਕਾਂ ਦੀ ਮਾਰ, ਗੈਸ ਦੀ ਮਾਰ ਤੇ ਹਵਾਈ ਜਹਾਜ਼ਾਂ ਦਿਆਂ ਬੰਬਾਂ ਦੀ ਮਾਰ ਤੋਂ ਵੀ ਵਧੇਰੀ ਘਾਤਕ ਸਾਬਤ ਹੋਈ ਏ। ਰਾਜਸੀ ਸੂਰਬੀਰ, ਜੋ ਕਿਸੇ ਜਾਤੀ ਜਾਂ ਕੌਮ ਨੂੰ ਅਧੀਨ ਕਰਨਾ ਚਾਹੁਣ ਤੇ ਸਮਝਣ ਕਿ ਤਲਵਾਰ ਦੀ ਲੜਾਈ ਨਾਲ ਅਸੀਂ ਇਸ ਦੇ ਵਾਰੇ ਨਹੀਂ ਆ ਸਕਦੇ, ਉਹ ਉਸ ਜਾਤੀ ਨਾਲ ਇਤਿਹਾਸ ਦਾ ਸ਼ਸਤਰ ਵਰਤਦੇ ਨੇ। ਇਸ ਵਿਚ ਉਨ੍ਹਾਂ ਨੂੰ ਜਾਨ ਦਾ ਜੋਖੋਂ ਵੀ ਨਹੀਂ ਹੁੰਦਾ ਤੇ ਕੰਮ ਵੀ ਸਹਿਜੇ ਈ ਸੌਰ ਜਾਂਦਾ ਏ। ਜਿਨ੍ਹਾਂ ਜਾਤੀਆਂ ਨੂੰ ਦਬਾਉਣਾ ਹੋਵੇ ਉਨ੍ਹਾਂ ਦੇ ਦਿਲਾਂ ਉਤੇ ਪਹਿਲੇ ਮੋਮੋ-ਠਗਣੇ ਬਣ ਕੇ ਆਪਣੀ ਜਾਨ ਤੇ ਪ੍ਰਤਿਸ਼ਠਾ ਜਮਾਣੀ ਪੈਂਦੀ ਏ। ਫਿਰ ਉਨ੍ਹਾਂ ਦੇ ਇਤਿਹਾਸ ਨੂੰ ਵੇਖਣਾ ਪੈਂਦਾ ਏ। ਉਸ ਇਤਿਹਾਸ ਨੂੰ ਬੜੇ ਲੱਛੇਦਾਰ ਸ਼ਬਦਾਂ ਵਿਚ ਏਕਣ ਲਿਖੀਦਾ ਏ ਕਿ ਉਨ੍ਹਾਂ ਦਿਆਂ ਵੱਡਿਆਂ-ਵਡੇਰਿਆਂ ਦਿਆਂ ਗੁਣਾਂ ਨੂੰ ਅਲੋਪ ਕਰਕੇ ਔਗੁਣਾਂ ਨੂੰ ਐਡਾ ਬਣਾ ਕੇ ਦੱਸਿਆ ਜਾਏ ਕਿ ਉਹ ਬਿਲਕੁਲ ਨਕਾਰੇ ਤੇ ਗਿਰੇ ਹੋਏ ਜਾਪਣ ਲੱਗ ਪੈਣ। ਸਾਰੇ ਭੈੜ ਤਾਂ ਸ਼ੀਸ਼ੇ ਵਾਂਗਰ ਪਏ ਦਿਸਣ ਪਰ ਵਡਿਆਈ ਦੀਆਂ ਗੱਲਾਂ ਨਜ਼ਰ ਈ ਨਾ ਆਉਣ। ਪਿਛਲੀ ਵਾਰ ਜਦ ਮੈਂ 'ਫੁਲਵਾੜੀ' ਵਿਚ ਇਕ ਲੇਖ ਲਿਖਿਆ ਸੀ ਤਦ ਦੱਸਿਆ ਸੀ ਇਕ ਪਰਦੇਸੀ ਇਤਿਹਾਸ-ਕਰਤਾ ਨੇ ਰਾਜਾ ਧਿਆਨ ਸਿੰਘ ਦੇ ਵਿਸ਼ੇ ਵਿਚ ਏਕਣ ਲਿਖਿਆ ਏ —ਓਹ ਪੈਸੇ ਦਾ ਬੜਾ ਲਾਲਚੀ ਸੀ, ਏਥੋਂ ਤਕ ਕਿ ਜੇ ਕੋਈ ਡਾਢੀ ਭਾਰੀ ਭੀੜ ਵਿਚ ਵੀ, ਇਕ ਰੁਪਈਆ ਫੜ ਕੇ ਹੱਥ ਉਤਾਂਹ ਕਰੇ, ਜਿਸ ਤੋਂ ਉਸ ਦਾ ਮਤਲਬ ਇਹ ਹੁੰਦਾ ਸੀ ਕਿ ਓਹ ਕੋਈ ਮੁਕੱਦਮਾ ਪੇਸ਼ ਕਰਨਾ ਚਾਹੁੰਦਾ ਏ ਤਾਂ ਉਹ ਸਾਰੇ ਕੰਮ ਛੱਡ ਕੇ ਉਸ ਰੁਪਏ ਵਾਲੇ ਹੱਥ ਵੱਲ ਜਾਂਦਾ ਤੇ ਉਸ ਦਾ ਨਿਆਂ ਕਰਦਾ ਸੀ।

ਅਸਲ ਗੱਲ ਇਹ ਹੈ ਕਿ ਉਸ ਵੇਲੇ ਵੀ ਨਿਆਂ ਦੀਆਂ ਸਾਰੀਆਂ ਅਦਾਲਤਾਂ ਬਣੀਆਂ ਹੋਈਆਂ ਸਨ ਪਰ ਜੇਕਰ ਕੋਈ ਸਖਸ਼ ਸਮਝੇ ਕਿ ਉਸ ਦਾ ਨਿਆਂ ਠੀਕ ਨਹੀਂ ਹੋਇਆ ਤਦ ਉਹਨੂੰ ਅਪੀਲ ਕਰਨ ਦਾ ਵੀ ਹੱਕ ਹਾਸਲ ਸੀ। ਉਹ ਮਹਾਰਾਜ ਪਾਸ ਜਾਂ ਮੁੱਖ-ਮੰਤਰੀ ਪਾਸ ਅਪੀਲ ਕਰ ਸਕਦਾ ਸੀ। ਉਸ ਅਪੀਲ ਦਾ ਢੰਗ ਇਹੋ ਹੁੰਦਾ ਸੀ ਕਿ ਇਕ ਰੁਪਈਆ ਨਜ਼ਰਾਨਾ ਫੜ ਕੇ ਉਹ ਮਹਾਰਾਜ ਜਾਂ ਮੁੱਖ ਮੰਤਰੀ ਨੂੰ ਵਿਖਾਏ। ਸਰਕਾਰ ਮਜ਼ਬੂਰ ਹੁੰਦੀ ਸੀ ਕਿ ਉਸ ਦਾ ਨਿਆਂ ਕੀਤਾ ਜਾਏ ਤੇ ਤੁਰੰਤ ਫੁਰਤ ਕੀਤਾ ਜਾਏ। ਕਿਹਾ ਸੌਖਾ ਤਰੀਕਾ ਸੀ ਤੇ ਕਿਹਾ ਛੇਤੀ ਨਿਬੇੜਾ ਹੁੰਦਾ ਸੀ। ਪਰ ਪਰਦੇਸੀ ਇਹਿਤਾਸਕਾਰ ਨੇ ਇਸ ਨੂੰ ਭੈੜੇ ਚਾਨਣ ਵਿਚ ਈ ਦੱਸਿਆ ਏ। ਮੈਂ ਧਿਆਨ ਸਿੰਘ ਦੇ ਲਾਲਚਪੁਣੇ ਦੇ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ, ਉਹ ਹੈਸੀ ਜਾਂ ਨਹੀਂ ਸੀ, ਏਸ ਲੇਖ ਨਾਲ ਇਸ ਗੱਲ ਦਾ ਕੋਈ ਸੰਬੰਧ ਨਹੀਂ। ਪਰ ਮੈਂ ਪਾਠਕਾਂ ਦਾ ਧਿਆਨ ਇਸ ਗੱਲ ਵੱਲ ਖਿਚਣਾ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਨਿਆਂ ਦੇ ਇਕ ਬੜੇ ਹੀ ਸੋਹਣੇ ਤਰੀਕੇ ਨੂੰ ਪਰਦੇਸੀ ਇਤਿਹਾਸਕਾਰ ਨੇ, ਸਾਡੇ ਦੇਸ ਦੇ ਇਕ ਪੁਰਖ ਦਾ ਲਾਲਚ ਦੱਸਣ ਲਈ ਭੈੜੇ ਰੰਗ ਵਿਚ ਪੇਸ਼ ਕੀਤਾ ਏ। ਏਸ ਤਰੀਕੇ ਦਾ ਅੱਜਕੱਲ੍ਹ ਦੇ ਅਦਾਲਤੀ ਇਨਸਾਫ਼ ਨਾਲ ਟਾਕਰਾ ਕਰਨ ਉਤੇ ਪਤਾ ਲੱਗ ਜਾਏਗਾ ਕਿ ਇਹ ਇਤਿਹਾਸਕਾਰ ਕਿਥੋਂ ਤਕ ਸੱਚਾ ਏ ਤੇ ਕਿਸ ਖਿਆਲ ਨਾਲ ਓਸ ਨੇ ਇਹ ਗੱਲ ਲਿਖੀ ਏ।

**ਘਾਤਕ ਸਿੱਟੇ :** ਇਹੋ ਜਿਹਾ ਇਤਿਹਾਸ ਜੇ ਲੋਕਾਂ ਨੂੰ ਪੜ੍ਹਾਇਆ ਜਾਏ ਤਦ ਓਹ ਆਪਣੀ ਕਿਸੇ ਵੀ ਪੁਰਾਣੀ ਗੱਲ ਨੂੰ ਪਸੰਦ ਨਹੀਂ ਕਰਨਗੇ। ਏਥੋਂ ਤੱਕ ਕਿ ਉਨ੍ਹਾਂ ਨੂੰ ਆਪਣੇ ਦੇਸ ਵਿਚ ਆਦਿ ਜੁਗਾਦਿ ਤੋਂ ਲੈ ਕੇ ਅੰਨ੍ਹ-ਹਨ੍ਹੇਰ ਤੋਂ ਬਿਨਾਂ ਹੋਰ ਕੁਝ ਵਿਖਾਈ ਈ ਨਹੀਂ ਦੇਵੇਗਾ। ਇਹੋ ਕਾਰਨ ਹੈ ਕਿ ਸਾਡੇ ਬਾਲਕ, ਜੋ ਆਪਣੇ ਇਤਿਹਾਸ ਨੂੰ ਅਸਲੀ ਰੰਗ ਵਿਚ ਨਹੀਂ ਵੇਖਦੇ, ਨਿਰਾਸ਼ ਹੋ ਹੋ ਪਰਾਏ ਕੌਮੀ ਵੀਰਾਂ ਤੋਂ ਚਾਨਣ ਢੂੰਡਣ ਦਾ ਯਤਨ ਕਰਦੇ ਨੇ ਤੇ ਪੜ੍ਹਦੇ ਵੀ ਉਨ੍ਹਾਂ ਲੋਕਾਂ ਦੀਆਂ ਪੁਸਤਕਾਂ ਵਿਚੋਂ ਨੇ, ਜਿਨ੍ਹਾਂ ਆਪਣੇ ਇਤਿਹਾਸ ਨੂੰ ਸ਼ਾਨਦਾਰ ਰੰਗਤ ਵਿਚ ਬਣਾ ਕੇ ਦੱਸਣ ਦਾ ਨੇਮ ਕੀਤਾ ਹੋਇਆ ਏ। ਉਹ ਆਪਣੇ ਵੱਡਿਆਂ ਦੇ ਚਰਿੱਤਰ ਲਿਸ਼ਕਾ-ਪੁਸ਼ਕਾ ਕੇ ਅੱਗੇ ਕਰਦੇ ਨੇ। ਪੜ੍ਹਨ ਵਾਲਿਆਂ ਨੂੰ, ਜੋ ਆਪਣੇ ਇਤਿਹਾਸ ਤੋਂ ਉਕਾ ਅਗਿਆਨੀ ਹੁੰਦੇ ਨੇ, ਇਹ ਬੜਾ ਸੁਆਦਲਾ ਲਗਦਾ ਏ, ਜਿਸ ਤੋਂ ਉਹ ਆਪਣੇ ਦੇਸ ਤੇ ਕੌਮ ਤੋਂ ਪਾਟ ਕੇ ਇਕ-ਦਮ ਪਰਾਈ ਸ਼ਰਨ ਵਿਚ ਚਲੇ ਜਾਂਦੇ ਨੇ। ਉਨ੍ਹਾਂ ਦੀ ਆਪਣੀ ਕੌਮ ਮੁਰਦਾ ਹੁੰਦੀ ਚਲੀ ਜਾਂਦੀ ਏ ਤੇ ਓਧਰ ਵਾਧਾ ਪੈਂਦਾ ਜਾਂਦਾ ਏ। ਹੌਲੀ ਹੌਲੀ ਸੂਝ ਵਾਲਿਆਂ ਆਦਮੀਆਂ ਦੀ ਉਕਾ ਟੋਟ ਕਰਕੇ ਦੇਸੀ ਆਦਰਸ਼ ਤੇ ਜਾਤੀ ਧਰਮ ਅਲੋਪ ਹੋ ਜਾਂਦੇ ਨੇ ਤੇ ਕੌਮ ਪਰਦੇਸੀ ਗੁਲਾਮੀ ਦੀ ਪੰਜਾਲੀ ਹੇਠ ਉਕਾ ਦਬ ਕੇ ਆਪਣੀ ਹੋਂਦ ਨੂੰ ਛੱਡ ਬਹਿੰਦੀ ਏ।

ਬਾਕੀ ਸਫ਼ਾ 29 'ਤੇ

## ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਵਲੋਂ 19ਵਾਂ 'ਮੇਲਾ ਗਦਰੀ ਬਾਬਿਆਂ ਦਾ' 31 ਮਾਰਚ ਨੂੰ

**ਫਰਿਜ਼ਨੋ /ਏਟੀ ਨਿਊਜ਼ :** ਇੰਡੋ-ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਵਲੋਂ ਪਿਛਲੇ ਲੰਬੇ ਸਮੇਂ ਤੋਂ ਗਦਰ ਪਾਰਟੀ ਦੇ ਸ਼ਹੀਦਾਂ, ਕਾਰਕੁਨਾਂ ਅਤੇ ਹੋਰ ਦੇਸ਼ ਭਗਤ ਸੂਰਬੀਰਾਂ ਨੂੰ ਸਮਰਪਤ ਮੇਲਿਆਂ ਦੀ ਲੜੀ ਵਿਚ ਇਸ ਸਾਲ ਦਾ 'ਮੇਲਾ ਗਦਰੀ ਬਾਬਿਆਂ ਦਾ' ਮਾਰਚ 31, 2019 ਨੂੰ 1 ਵਜੇ ਤੋਂ 6 ਵਜੇ ਤੱਕ ਫਰਿਜ਼ਨੋ ਵਿਚ ਹੋ ਰਿਹਾ ਹੈ। ਇਹ 19ਵਾਂ ਮੇਲਾ 3535 ਨਾਰਥ ਕੌਰਨੀਲੀਆਂ ਐਵੇਨਿਊ ਫਰਿਜ਼ਨੋ, ਸੈਂਟਰਲ ਯੂਨੀਫਾਈਡ ਹਾਈ ਸਕੂਲ ਦੇ ਜਿਮਨੇਜ਼ੀਅਮ ਵਿਚ ਹੋਵੇਗਾ। ਇਸ ਮੇਲੇ ਦੇ ਮੁੱਖ ਮਹਿਮਾਨ ਅਤੇ ਬੁਲਾਰੇ ਜਾਣੇ ਪਹਿਚਾਣੇ ਪੰਜਾਬੀ ਲੇਖਕ ਅਤੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਪ੍ਰੋਫੈਸਰ ਦੀਆਂ ਜ਼ੁੰਮੇਵਾਰੀਆਂ ਨਿਭਾਉ ਚੁੱਕੇ, ਡਾ. ਵਰਿਆਮ ਸਿੰਘ ਸੰਧੂ ਹੋਣਗੇ। ਇਹ ਮੇਲਾ ਸੰਨ 1919 ਨੂੰ ਅੰਮ੍ਰਿਤਸਰ ਦੀ ਧਰਤੀ 'ਤੇ ਵਾਪਰੇ ਜ਼ਲ੍ਹਿਆਂਵਾਲੇ ਬਾਗ ਦੇ ਖੂਨੀ ਸਾਕੇ ਦੀ ਸ਼ਤਾਬਦੀ ਨੂੰ ਸਮਰਪਤ ਹੋਵੇਗਾ। ਇਸ ਪ੍ਰੋਗਰਾਮ ਵਿਚ ਸੁਰਿੰਦਰ ਸਿੰਘ ਜਨਰਲਲਿਸਟ ਵੀ ਵਿਸ਼ੇਸ ਤੌਰ 'ਤੇ ਸ਼ਾਮਲ ਹੋਣਗੇ। ਇਸ ਮੌਕੇ ਗਦਰ ਲਹਿਰ ਅਤੇ ਹੋਰ ਸਬੰਧਤ ਵਿਸ਼ਿਆਂ 'ਤੇ ਤਕਰੀਰਾਂ ਦੇ ਨਾਲ ਨਾਲ ਗੀਤ ਸੰਗੀਤ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਹੋਣਗੇ। ਇਸ ਵਾਰ ਦੇ ਮੁੱਖ ਗਾਇਕ ਜੀਤਾ ਗਿੱਲ ਆਪਣੇ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣਗੇ। ਜੀਐਚਜੀ ਡਾਂਸ ਅਤੇ ਸੰਗੀਤ ਅਕੈਡਮੀ ਅਤੇ ਹੇਅਰ ਮੀਡੀਏ ਵਲੋਂ ਤਿਆਰ ਕੀਤੀਆਂ ਟੀਮਾਂ ਭੰਗੜੇ ਅਤੇ ਗਿੱਧੇ ਦਾ ਪ੍ਰਦਰਸ਼ਨ ਕਰਨਗੀਆਂ। ਚੰਗੇ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨ ਲਈ ਹਾਈ ਸਕੂਲ ਵਿਚੋਂ 4.0 ਜਾਂ ਵੱਧ ਗਰੇਡ ਲੈਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ। ਮੇਲੇ ਦੀਆਂ ਤਿਆਰੀਆਂ ਸਬੰਧੀ ਇਕ ਮੀਟਿੰਗ ਫਰਿਜ਼ਨੋ ਵਿਚ ਹੋਈ ਜਿਸ ਵਿਚ ਪੂਰੇ ਹੋ ਗਏ ਕੰਮ ਦਾ ਜਾਇਜ਼ਾ ਲੈਂਦਿਆਂ, ਰਹਿੰਦੇ ਕੰਮ ਨੂੰ ਵਕਤ ਸਿਰ ਪੂਰਾ ਕਰਨ ਲਈ ਵੱਖ ਵੱਖ ਮੈਂਬਰਾਂ ਅਤੇ ਕਮੇਟੀਆਂ ਵਿਚ ਵੰਡਿਆ ਗਿਆ। ਫੋਰਮ ਦੇ ਸੈਕਟਰੀ ਸੁਰਿੰਦਰ ਮੰਢਾਲੀ ਨੇ ਦੱਸਿਆ ਕਿ ਫੋਰਮ ਦੀ ਟੀਮ ਫੰਡ ਉਗਰਾਹੀ ਵਿਚ ਰੁੱਝ ਗਈ ਹੈ। ਉਨ੍ਹਾਂ ਨੇ ਫਰਿਜ਼ਨੋ ਏਰੀਏ ਦੇ ਸਮੂਹ ਲੋਕਾਂ ਤੋਂ ਆਸ ਕੀਤੀ ਕਿ ਉਹ ਹਮੇਸ਼ਾ ਦੀ ਤਰ੍ਹਾਂ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਆਪਣਾ ਹਰ ਤਰ੍ਹਾਂ ਦਾ ਯੋਗਦਾਨ ਦੇਣਗੇ। ਇਸ ਦੇ ਨਾਲ ਹੀ ਇਲਾਕੇ ਦੀਆਂ ਹੋਰ ਜਥੇਬੰਦੀਆਂ ਤੋਂ ਵੀ ਭਰਪੂਰ ਹੁੰਗਾਰੇ ਦੀ ਆਸ ਵਿਚ ਅਪੀਲ ਕੀਤੀ ਕਿ ਉਹ ਆਪਣੇ ਆਉਣ ਵਾਲੇ ਪ੍ਰੋਗਰਾਮ ਇਸ ਦਿਨ ਨੂੰ ਧਿਆਨ ਵਿਚ ਰੱਖ ਕੇ ਉਲੀਕਣਗੇ। ਮੀਟਿੰਗ ਵਲੋਂ 900 ਏਐਮ, 620 ਏਐਮ ਅਤੇ 1300 ਏਐਮ ਰੇਡੀਉ ਦੇ ਪੰਜਾਬੀ ਹੋਸਟਾਂ ਅਤੇ ਸਮੂਹ ਪੰਜਾਬੀ ਅਖਬਾਰਾਂ ਦਾ ਇਸ ਮੇਲੇ ਦਾ ਸੁਨੇਹਾ ਲੋਕਾਂ ਤੱਕ ਪਹੁਚਾਉਣ ਲਈ ਧੰਨਵਾਦ ਕੀਤਾ ਅਤੇ ਆਉਣ ਵਾਲੇ ਪ੍ਰੋਗਰਾਮ ਲਈ ਵੀ ਸਹਿਯੋਗ ਦੀ ਅਪੀਲ ਕੀਤੀ। ਪ੍ਰੋਗਰਾਮ ਸਬੰਧੀ ਕਿਸੇ ਤਰ੍ਹਾਂ ਦੀ ਜਾਣਕਾਰੀ ਲੈਣ ਲਈ ਸੁਰਿੰਦਰ ਸਿੰਘ ਮੰਢਾਲੀ (559-473-9269), ਗੁਰਦੀਪ ਸਿੰਘ ਗਿੱਲ (559-360-4248), ਨਵਦੀਪ ਧਾਲੀਵਾਲ (559-287-0822) ਜਾਂ ਹਰਜਿੰਦਰ ਸਿੰਘ ਢੇਸੀ (559-618-0156) ਨਾਲ ਸੰਪਰਕ ਕਰ ਸਕਦੇ ਹੋ।

### ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਨੇ ਕਿਹਾ

## ਪੁਲਵਾਮਾ ਹਮਲੇ ਦੀ ਨਿਰਪੱਖ ਜਾਂਚ ਹੋਣ 'ਤੇ ਸਨਸਨੀਖੇਜ਼ ਪ੍ਰਗਟਾਵੇ ਹੋਣ ਦੀ ਸੰਭਾਵਨਾ

### ਕਰਤਾਰਪੁਰ ਸਾਹਿਬ ਲਾਂਘੇ ਬਾਰੇ ਦ੍ਰਿੜ ਇਮਰਾਨ ਖਾਨ ਦਾ ਧੰਨਵਾਦ

**ਲੰਡਨ /ਏਟੀ ਨਿਊਜ਼ :** ਅਗਰ ਪੁਲਵਾਮਾ ਹਮਲੇ ਦੀ ਜਾਂਚ ਦਾ ਕੰਮ ਕਿਸੇ ਨਿਰਪੱਖ ਵਿਦੇਸ਼ੀ ਜਾਂਚ ਏਜੰਸੀ ਨੂੰ ਸੌਂਪਿਆ ਜਾਵੇ ਤਾਂ ਸਨਸਨੀਖੇਜ਼ ਪ੍ਰਗਟਾਵੇ ਹੋ ਸਕਦੇ ਹਨ। ਜਿਹੜੀ ਲਾਬੀ ਪਾਕਿਸਤਾਨ ਦੇ ਖਿਲਾਫ ਸਭ ਤੋਂ ਵੱਧ ਰੌਲਾ ਪਾ ਰਹੀ ਹੈ ਉਸ ਦਾ ਚਿਹਰਾ ਵੀ ਬੇਨਕਾਬ ਹੋ ਸਕੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਰਤਾਨੀਆ ਵਿੱਚ ਅਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵਲੋਂ ਕੀਤਾ ਗਿਆ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਜਾਰੀ ਪ੍ਰੈੱਸ ਰਿਲੀਜ਼ ਵਿੱਚ ਭਾਰਤੀ ਦੀ ਥਲ ਸੈਨਾ, ਜਲ ਸੈਨਾ, ਹਵਾਈ ਸੈਨਾ, ਕੇਂਦਰੀ ਰਿਜ਼ਰਵ ਪੁਲਿਸ ਆਦਿ ਵਿੱਚ ਕੰਮ ਕਰ ਰਹੇ ਸਿੱਖ ਫੌਜੀਆਂ ਅਤੇ ਸਿਪਾਹੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸਿੱਖ ਦੁਸ਼ਮਣ ਸਰਕਾਰਾਂ ਦੀ ਹੱਲਾਸ਼ੇਰੀ ਅਤੇ ਉਕਸਾਹਟ ਵਿੱਚ ਆ ਕੇ ਆਪਣੀ ਜਾਨਾਂ ਅਜਾਈਂ ਗਵਾਉਣ ਦੇ ਰਾਹ ਪੈਣ ਤੋਂ ਗੁਰੇਜ਼ ਕਰਨ। ਇਹ ਲੋਕ ਤਾਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਵੀ ਅਹਿਸਾਨਮੰਦ ਨਹੀਂ ਬਣ ਸਕੇ ਜਿਹਨਾਂ ਦੀ ਮਹਾਨ ਸ਼ਹਾਦਤ ਦੀ ਬਦੌਲਤ ਅੱਜ ਇਹਨਾਂ ਦੇ ਜਨੇਊ ਸੁਰੱਖਿਅਤ ਹਨ ਅਤੇ ਧਰਮ ਦੀ ਹੋਂਦ ਕਾਇਮ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵਲੋਂ ਪੁਲਵਾਮਾ ਹਮਲੇ ਨੂੰ ਅਗਾਮੀ ਲੋਕ ਸਭਾ ਚੋਣਾ ਜਿੱਤਣ ਦਾ ਖੇਡਿਆ ਜਾ ਰਿਹਾ ਸਿਆਸੀ ਪੱਤਾ ਕਰਾਰ ਦਿੱਤਾ ਗਿਆ, ਤਾਂ ਕਿ ਹਿੰਦੂਤਵੀ ਵੋਟਾਂ ਭਾਜਪਾ ਦੇ ਹੱਕ ਵਿੱਚ ਭੁਗਤ ਸਕਣ। ਭਾਰਤੀ ਸਰਕਾਰਾਂ ਅਤੇ ਹਿੰਦੂਤਵੀ ਮੀਡੀਆ ਅੱਜ ਸਿੱਖ ਫੌਜੀਆਂ



ਨੂੰ ਪਾਕਿਸਤਾਨ ਖਿਲਾਫ ਭੜਕਾ ਰਿਹਾ ਹੈ ਜਦਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਵਾਜ਼ ਸ਼ਰੀਫ ਅਤੇ ਅਟਲ ਬਿਹਾਰੀ ਵਾਜਪਾਈ ਜਨਰਲ ਮੁਸ਼ੱਰਫ ਨਾਲ ਮੁਲਾਕਾਤਾਂ ਕਰਦੇ ਰਹੇ ਹਨ। ਅਗਰ ਪਾਕਿਸਤਾਨ ਇੰਨਾ ਹੀ ਮਾੜਾ ਹੈ ਤਾਂ ਇਹਨਾਂ ਨੇ ਪਾਕਿਸਤਾਨ ਵਿੱਚ ਆਪਣਾ ਦੂਤਘਰ ਕਿਉਂ ਬਣਾਇਆ ਹੋਇਆ ਹੈ। ਹਿੰਦੂਤਵੀ ਅੱਤਵਾਦੀ ਸਾਧਵੀ ਪ੍ਰਗਿੱਆ ਠਾਕਰ, ਅਸੀਮਾ ਨੰਦ, ਕਰਨਲ ਪ੍ਰੋਹਿਤ ਵਰਗਿਆਂ ਨੇ ਸਮਝੌਤਾ ਐਕਸਪ੍ਰੈਸ, ਮੱਕਾ ਦਰਗਾਹ ਮਾਲੇਗਾਉਂ ਵਿੱਚ ਬੰਬ ਧਮਾਕੇ ਕਰਵਾਏ ਜਿਹਨਾਂ ਵਿੱਚ ਜਿਆਦਾਤਰ ਮੁਸਲਮਾਨ ਵਿਅਕਤੀ ਮਾਰੇ ਗਏ ਅਤੇ ਮੁਸਲਮਾਨਾਂ ਨੂੰ ਹੀ ਇਹਨਾਂ ਕੇਸਾਂ ਵਿੱਚ ਫਸਾਇਆ ਗਿਆ, ਵੱਡੀ ਗਿਣਤੀ ਵਿੱਚ ਮੁਸਲਮਾਨਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਤੇ ਰੱਜ ਕੇ ਤਸ਼ੱਦਦ ਕੀਤਾ ਗਿਆ। ਕਈ ਵਿਅਕਤੀਆਂ ਨੂੰ ਭਗੌੜੇ ਕਰਾਰ ਦੇ ਦਿੱਤਾ ਗਿਆ ਪਰ ਜਦੋਂ ਇਸ ਦੀ ਨਿਰਪੱਖ ਜਾਂਚ ਹੋਈ ਤਾਂ ਅਸਲ ਦੋਸ਼ੀ ਹਿੰਦੂਤਵੀ ਅੱਤਵਾਦੀ ਨਿਕਲੇ। ਇਸੇ ਤਰ੍ਹਾਂ ਹੀ ਪੁਲਵਾਮਾ ਹਮਲੇ ਦੀ ਘਟਨਾ ਵੀ ਉੱਚ ਪੱਧਰੀ ਜਾਂਚ ਦੀ ਮੰਗ ਕਰਦੀ ਹੈ। ਸਿੱਖ ਜਥੇਬੰਦੀਆਂ ਨੇ ਪੁਲਵਾਮਾ ਹਮਲੇ ਮਗਰੋਂ ਹਿੰਦੂਤਵੀ ਜਨੂੰਨੀਆਂ ਵਲੋਂ ਨਿਰਦੋਸ਼ ਮੁਸਲਮਾਨਾਂ ਦੀ ਕੀਤੀ ਜਾ ਰਹੀ ਕੁੱਟਮਾਰ ਦੀ ਸਖਤ ਨਿਖੇਧੀ ਕੀਤੀ ਗਈ। ਜਿਸ ਤਰ੍ਹਾਂ ਭਾਰਤੀ ਸੁਰੱਖਿਆ ਬਲਾਂ ਅਤੇ ਹਿੰਦੂਤਵੀਆਂ ਵਲੋਂ ਕਸ਼ਮੀਰ ਵਿੱਚ ਨਿਰਦੋਸ਼ ਬੀਬੀਆਂ, ਮਸੂਮ ਬੱਚਿਆਂ 'ਤੇ ਜ਼ੁਲਮ ਕੀਤੇ ਜਾ ਰਹੇ ਹਨ, ਇਸੇ ਤਰ੍ਹਾਂ ਹੀ ਪੰਜਾਬ ਵਿੱਚ ਸਿੱਖਾਂ ਉਤੇ ਕੀਤੇ ਗਏ ਸਨ। ਭਾਰਤੀ ਲੋਕ ਸਭਾ ਦੀਆਂ ਅਗਾਮੀ ਚੋਣਾਂ ਵਿੱਚ ਹਿੰਦੂ ਵੋਟਾਂ ਬਟੋਰਨ ਲਈ ਸਰਕਾਰ ਕੁੱਝ ਵੀ ਕਰ ਸਕਦੀ ਹੈ। ਗੌਰਤਲਬ ਹੈ ਕਿ ਕੁੱਝ ਹਫਤੇ ਪਹਿਲਾਂ ਅਮਰੀਕਾ ਦੀ ਖੁਫੀਆ ਏਜੰਸੀ ਨੇ ਚਿਤਾਵਨੀ ਦਿੱਤੀ ਸੀ ਕਿ ਭਾਰਤ ਵਿੱਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੱਡੀ ਪੱਧਰ 'ਤੇ ਦੰਗੇ ਹੋ ਸਕਦੇ ਹਨ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਤਹਿ ਦਿਲੋਂ ਦਿਲੋਂ ਧੰਨਵਾਦ ਕੀਤਾ ਗਿਆ, ਜਿਸ ਵਲੋਂ ਨਾ-ਸਿਰਫ ਭਾਰਤ ਪਾਕਿਸਤਾਨ ਜੰਗ ਨੂੰ ਟਾਲਣ ਦਾ ਯਤਨ ਕੀਤਾ ਗਿਆ, ਨਾਲ ਹੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਹਰ ਹਾਲਤ ਵਿੱਚ ਪੂਰਾ ਕਰਨ ਦਾ ਐਲਾਨ ਵੀ ਕੀਤਾ ਗਿਆ ਹੈ।

# ...ਤੇ ਅਖ਼ੀਰ ਉਸ ਨੂੰ ਮੋਟਰਸਾਈਕਲ ਮਿਲ ਗਿਆ !

**ਡਾ. ਹਰਸ਼ਿੰਦਰ ਕੌਰ, ਐਮ. ਡੀ.**
ਬੱਚਿਆਂ ਦੀ ਮਾਹਰ, 28, ਪ੍ਰੀਤ ਨਗਰ,
ਲੋਅਰ ਮਾਲ ਪਟਿਆਲਾ।
ਫੋਨ ਨੰ: 0175-2216783

ਗੱਲ ਕਈ ਸਾਲ ਪੁਰਾਣੀ ਹੈ। ਇਕ ਚਾਰ ਕੁ ਸਾਲ ਦੇ ਬੱਚੇ ਨੂੰ ਲੈ ਕੇ ਉਸ ਦੀ ਮਾਂ ਮੈਨੂੰ ਰਾਜਿੰਦਰਾ ਹਸਪਤਾਲ 'ਚ ਬੱਚਾ ਆਊਟਡੋਰ



ਵਿਚ ਚੈੱਕਅੱਪ ਕਰਵਾਉਣ ਆਈ। ਉਹ ਕਈ ਡਾਕਟਰਾਂ ਕੋਲੋਂ ਢੇਰਾਂ ਢੇਰ ਦਵਾਈ ਲੈ ਕੇ ਆਪਣੇ ਬੱਚੇ ਨੂੰ ਖੁਆ ਚੁੱਕੀ ਸੀ। ਮੈਨੂੰ ਉਸ ਦੀ ਬੀਮਾਰੀ ਕੋਈ ਖ਼ਾਸ ਨਹੀਂ ਲੱਗੀ। ਖ਼ੁਰਾਕ ਸਹੀ ਨਾ ਹੋਣ ਸਦਕਾ ਹੀ ਸਭ ਜਾਪਿਆ। ਇਸ ਲਈ ਮੈਂ ਉਸ ਦੀਆਂ ਸਾਰੀਆਂ ਦਵਾਈਆਂ ਬੰਦ ਕਰਵਾ ਕੇ ਫਲ ਸਬਜ਼ੀਆਂ ਖਾਣ ਬਾਰੇ ਸਮਝਾਇਆ। ਜਾਣ ਲੱਗਿਆਂ ਉਸ ਨੂੰ ਇਕ ਟਾਫ਼ੀ ਦੇ ਦਿੱਤੀ।

ਉਹ ਬੱਚਾ ਬਹੁਤ ਖ਼ੁਸ਼ ਹੋਇਆ ਤੇ ਅਗਲੀ ਵਾਰ ਜਦੋਂ ਫਿਰ ਵਿਖਾਉਣ ਆਇਆ ਤਾਂ ਉਸ ਦੀ ਮਾਂ ਨੇ ਦੱਸਿਆ ਕਿ ਘਰੋਂ ਪੂਰੀ ਜ਼ਿੱਦ ਕਰ ਕੇ ਆਇਆ ਹੈ ਕਿ ਉਸੇ ਡਾਕਟਰ ਆਂਟੀ ਕੋਲ ਜਾਣਾ ਹੈ ਜਿਸ ਨੇ ਦਵਾਈਆਂ ਬੰਦ ਕਰਵਾ ਕੇ ਟਾਫ਼ੀ ਦਿੱਤੀ ਸੀ।

ਇਸ ਵਾਰ ਫਿਰ ਉਸ ਨੇ ਜਾਣ ਲੱਗਿਆਂ ਟਾਫ਼ੀ ਮੰਗੀ ਤਾਂ ਮੈਂ ਦੇ ਦਿੱਤੀ। ਤਿੰਨ ਚਾਰ ਵਾਰ ਆਉਣ ਬਾਅਦ ਉਹ ਬੱਚਾ ਮੇਰੇ ਨਾਲ ਕਾਫੀ ਘੁਲ ਮਿਲ ਗਿਆ ਤੇ ਆਪਣੇ ਦੋਸਤਾਂ ਦੀਆਂ ਜਾਂ ਮੰਮੀ ਵੱਲੋਂ ਮਿਲੀਆਂ ਝਿੜਕਾਂ ਦੀਆਂ ਸ਼ਿਕਾਇਤਾਂ ਵੀ ਮੇਰੇ ਨਾਲ ਕਰਨ ਲੱਗ ਪਿਆ।

ਸਾਲ ਕੁ ਬਾਅਦ ਇੱਕ ਵਾਰ ਉਸ ਆ ਕੇ ਹੌਲੀ ਜਿਹੀ ਮੇਰੇ ਕੰਨ ਕੋਲ ਮੂੰਹ ਕਰ ਕੇ ਕਿਹਾ, "ਡਾਕਟਰ ਆਂਟੀ ਮੈਂ ਮੋਟਰਸਾਈਕਲ ਲੈਣੈ।"

ਮੈਂ ਖਿੜਖਿੜਾ ਕੇ ਹੱਸ ਪਈ ਤੇ ਕਿਹਾ, "ਤੂੰ ਏਨਾ ਪਿੱਦਾ ਜਿਹਾ ਹੈਂ! ਮੋਟਰਸਾਈਕਲ ਕੋਈ ਟਾਫ਼ੀ ਨਹੀਂ ਐ। ਕਿਵੇਂ ਚਲਾਏਂਗਾ? ਤੂੰ ਤਾਂ ਉਸ ਦੀ ਗੱਦੀ ਤੱਕ ਮਸਾਂ ਪਹੁੰਚਦੈਂ। ਵੱਡਾ ਹੋ, ਪੜ੍ਹ ਲਿਖ, ਫੇਰ ਮੋਟਰਸਾਈਕਲ ਲਵੀਂ।"

ਉਸ ਦੀ ਮਾਂ ਕਹਿਣ ਲੱਗੀ, "ਡਾਕਟਰ ਜੀ, ਇਹ ਤਾਂ ਬਹੁਤ ਜ਼ਿੱਦੀ ਬਣ ਗਿਐ। ਰਤਾ ਕੁ ਝਿੜਕੋ ਤਾਂ ਝਟਪਟ ਕਹਿ ਦਿੰਦੈ ਕਿ ਮੈਂ ਤੁਹਾਡੀ ਸ਼ਿਕਾਇਤ ਡਾਕਟਰ ਮਾਸੀ ਨੂੰ ਲਾ ਦਿਆਂਗਾ। ਹੁਣ ਖਹਿੜੇ ਪਿਐ ਮੋਟਰਸਾਈਕਲ ਲੈਣੈ। ਭਲਾ ਦੱਸੋ ਇਹ ਕੋਈ ਉਮਰ ਐ ਮੋਟਰਸਾਈਕਲ ਖਰੀਦਣ ਦੀ!"

ਮੈਂ ਉਸ ਨੂੰ ਪਿਆਰ ਨਾਲ ਸਮਝਾਇਆ ਕਿ ਮਿਹਨਤ ਕਰ ਕੇ ਪੜ੍ਹੇ। ਜਦੋਂ ਉਸ ਦੀ ਲਾਈਸੈਂਸ ਬਣਨ ਦੀ ਉਮਰ ਹੋਵੇਗੀ, ਉਦੋਂ ਮੋਟਰਸਾਈਕਲ ਮਿਲ ਜਾਏਗਾ।

ਇੰਜ ਤਸੱਲੀ ਦਿੰਦਿਆਂ ਕੁੱਝ ਸਾਲ ਲੰਘ ਗਏ। ਫਿਰ ਉਹ ਲਗਭਗ ਦੋ ਕੁ ਸਾਲ ਮੇਰੇ ਕੋਲ ਆਈ ਨਹੀਂ। ਮੈਂ ਵੀ ਹੋਰ ਮਰੀਜ਼ਾਂ ਦੀ ਭੀੜ ਵਿਚ ਉਸ ਬਾਰੇ ਭੁੱਲ ਗਈ।

ਇਕ ਦਿਨ ਅਚਾਨਕ ਉਹ ਆਈ ਤਾਂ ਉਸ ਦਾ ਚਿਹਰਾ ਬੁਝਿਆ ਪਿਆ ਸੀ। ਬਿਨਾਂ ਕੁੱਝ ਵੀ ਬੋਲੇ ਚੁੱਪ ਚਾਪ ਬੱਚਾ ਚੈਕਅੱਪ ਕਰਵਾ ਕੇ ਵਾਪਸ ਮੁੜਨ ਲੱਗੀ ਤਾਂ ਉਹ ਬੱਚਾ ਫੇਰ ਮੇਰੇ ਕੰਨ ਕੋਲ ਆ ਕੇ ਬੋਲਿਆ, "ਪਲੀਜ਼ ਮੇਰੇ ਮੋਟਰਸਾਈਕਲ ਦੀ ਗੱਲ ਕਰ ਦਿਓ।"

ਮੈਂ ਉਸ ਦੀ ਮਾਂ ਨੂੰ ਪੁੱਛਿਆ ਕਿ ਉਹ ਏਨੀ ਉਦਾਸ ਕਿਉਂ ਹੈ? ਉਹ ਕਹਿਣ ਲੱਗੀ, "ਕ਼ੋਰੇ ਕਿਸ ਦੀ ਨਜ਼ਰ ਲੱਗ ਗਈ ਹੈ! ਇਹ ਦਾ ਪਿਓ ਨਸ਼ਾ ਕਰਨ ਲੱਗ ਪਿਐ। ਅੱਧੀ ਜ਼ਮੀਨ ਗਿਰਵੀ ਰੱਖ 'ਤੀ। ਕੌਣ ਲਾਹੂਗਾ ਇਹ ਕਰਜ਼ਾ? ਇਹ ਬੱਚਾ ਪਾਲਾਂ ਕਿ ਇਹਦਾ ਪਿਓ ਸਾਂਭਾਂ? ਇਹ ਹਮੇਸ਼ਾ ਮੋਟਰਸਾਈਕਲ ਦੀ ਰਟ ਲਾਈ ਰੱਖਦੈ। ਦੱਸੋ ਮੈਂ ਕਿੱਧਰ ਜਾਵਾਂ?"

ਮੈਂ ਉਸ ਨੂੰ ਹਿੰਮਤ ਦਿੱਤੀ ਤੇ ਸਮਝਾਇਆ ਕਿ ਹੌਸਲਾ ਰੱਖੇ। ਸਭ ਠੀਕ ਹੋ ਜਾਏਗਾ। ਘਰ ਵਾਲੇ ਨੂੰ ਨਸ਼ਾ ਛਡਾਊ ਕੇਂਦਰ ਵਿਚ ਦਾਖ਼ਲ ਕਰਵਾ ਦੇਵੇ ਤੇ ਆਪਣਾ ਪੂਰਾ ਧਿਆਨ ਬੱਚੇ ਉੱਤੇ ਲਾਵੇ ਤਾਂ ਜੋ ਉਹ ਪੜ੍ਹ ਲਿਖ ਕੇ ਅੱਗੋਂ ਪੂਰੀ ਜ਼ਿੰਮੇਵਾਰੀ ਸਾਂਭੇ।

ਉਸ ਦਿਨ ਉਹ ਉਚਾਟ ਹੀ ਵਾਪਸ ਮੁੜੀ। ਮੈਨੂੰ ਵੀ ਬਹੁਤ ਮਾੜਾ ਲੱਗਿਆ। ਇਕ ਵਾਰ ਉਹ ਫਿਰ ਆਈ ਤਾਂ ਵੀ ਉਦਾਸ ਹੀ ਸੀ। ਇਸ ਵਾਰ ਉਹ ਬੱਚੇ ਨੂੰ ਝਿੜਕਣ ਵੀ ਲੱਗ ਪਈ ਸੀ। ਮੈਂ ਬੱਚੇ ਨੂੰ ਪਿਆਰ ਨਾਲ ਸਮਝਾਇਆ ਕਿ ਤੈਨੂੰ 18 ਸਾਲਾਂ ਦੀ ਉਮਰ 'ਤੇ ਜ਼ਰੂਰ ਮੋਟਰਸਾਈਕਲ ਮਿਲੇਗਾ। ਜੇ ਪੈਸੇ ਘਟ ਗਏ ਤਾਂ ਮੈਂ ਪਾ ਦਿਆਂਗੀ, ਪਰ ਆਪਣੀ ਮਾਂ ਦਾ ਖ਼ਿਆਲ ਰੱਖੇ। ਇਸ ਤੋਂ ਬਾਅਦ ਉਹ ਫਿਰ ਕਈ ਸਾਲ ਨਹੀਂ ਆਈ। ਕਦੇ ਕਦਾਈਂ ਜਦੋਂ ਮੋਟਰਸਾਈਕਲ ਦਾ ਜ਼ਿਕਰ ਆਉਂਦਾ ਤਾਂ ਮੈਨੂੰ ਉਹ ਬੱਚਾ ਯਾਦ ਆ ਜਾਂਦਾ ਪਰ ਦਿਸਿਆ ਨਹੀਂ। ਮੈਂ ਸੋਚਿਆ ਸਭ ਠੀਕ ਠਾਕ ਹੋ ਗਿਆ ਹੋਣਾ ਹੈ ਜਾਂ ਫਿਰ ਬੱਚਾ 18 ਸਾਲਾਂ ਦਾ ਹੋ ਗਿਆ ਹੋਣਾ ਹੈ ਤੇ ਉਹ ਮੈਡੀਸਨ ਦੇ ਕਿਸੇ ਡਾਕਟਰ ਕੋਲ ਵਿਖਾਉਣ ਚਲੇ ਗਏ ਹੋਣੇ ਹਨ।



ਇਕ ਦਿਨ ਆਊਟਡੋਰ ਵਿਚ ਬੜੀ ਭੀੜ ਸੀ ਤੇ ਗਰਮੀ ਵੀ ਬਹੁਤ ਸੀ। ਵਾਰ-ਵਾਰ ਲਾਈਟ ਜਾ ਰਹੀ ਸੀ ਤੇ ਮੈਂ ਅਖ਼ੀਰ ਸਾਰੇ ਮਾਪਿਆਂ ਨੂੰ ਕਮਰੇ 'ਚੋਂ ਬਾਹਰ ਖੜ੍ਹੇ ਹੋਣ ਲਈ ਕਿਹਾ ਕਿਉਂਕਿ ਭੀੜ ਤੇ ਗਰਮੀ ਕਾਰਨ ਘਬਰਾਹਟ ਮਹਿਸੂਸ ਹੋਣ ਲੱਗ ਪਈ ਸੀ। ਜਿਉਂ ਹੀ ਸਾਰੇ ਬਾਹਰ ਨਿਕਲੇ ਤਾਂ ਪਰ੍ਹਾਂ ਨੁੱਕਰ ਵਿਚ ਇਕ ਔਰਤ ਨੂੰ ਹੇਠਾਂ ਜ਼ਮੀਨ ਉੱਤੇ ਬੈਠੇ ਵੇਖਿਆ। ਉਸ ਦੇ ਧੌਲੇ ਖਿਲਰੇ ਪਏ ਸਨ ਤੇ ਨਜ਼ਰਾਂ ਜ਼ਮੀਨ ਵਿਚ ਗੱਡੀਆਂ ਪਈਆਂ ਸਨ। ਉਹ ਇੰਜ ਚੁਫਾਲ ਬੈਠੀ ਸੀ ਜਿਵੇਂ ਜ਼ਿੰਦਾ ਹੀ ਨਾ ਹੋਵੇ।

ਕਈ ਆਵਾਜ਼ਾਂ ਮਾਰਨ ਬਾਅਦ ਵੀ ਜਦ ਉਹ ਨਾ ਹਿੱਲੀ ਤਾਂ ਮੈਨੂੰ ਘਬਰਾਹਟ ਹੋਈ ਕਿ ਕਿਤੇ ਕੁੱਝ ਮਾੜਾ ਤਾਂ ਨਹੀਂ ਵਾਪਰ ਗਿਆ। ਮੈਂ ਜਿਉਂ ਹੀ ਝੁਕ ਕੇ ਉਸ ਨੂੰ ਵੇਖਣਾ ਚਾਹਿਆ ਤਾਂ ਉਸ ਨੇ ਹੌਲੀ ਜਿਹੀ ਮੂੰਹ ਉਤਾਂਹ ਕੀਤਾ। ਮੈਨੂੰ ਉਸ ਦਾ ਚਿਹਰਾ ਕੁੱਝ ਪਛਾਣਿਆ ਜਿਹਾ ਲੱਗਿਆ। ਨੀਝ ਲਾ ਕੇ ਵੇਖਿਆ ਤਾਂ ਇਹ ਉਹੀ ਔਰਤ ਸੀ। ਉਸ ਦੀ ਹਾਲਤ ਵੇਖ ਕੇ ਮੈਂ ਘਬਰਾ ਗਈ। ਉਸ ਨੂੰ ਬਾਂਹ ਤੋਂ ਫੜ ਕੇ ਉਠਾਇਆ ਤਾਂ ਉਹ ਸਿਰਫ਼ ਚੁੱਪਚਾਪ ਮੈਨੂੰ ਘੂਰਨ ਲੱਗ ਪਈ। ਫੇਰ ਹੌਲੀ ਜਿਹੀ ਬੋਲੀ, "ਮੈਂ ਅੱਜ ਮੁੰਡੇ ਨੂੰ ਮੋਟਰਸਾਈਕਲ ਲੈ ਦਿੱਤੈ।"

ਮੈਂ ਖ਼ੁਸ਼ ਹੋ ਕੇ ਕਿਹਾ, "ਲੈ ਏਨੀ ਵਧੀਆ ਖ਼ਬਰ ਤੂੰ ਏਨੀ ਉਦਾਸੀ ਨਾਲ ਕਿਉਂ ਦੱਸ ਰਹੀ ਐਂ। ਇਹ ਤਾਂ ਮੁਬਾਰਕਬਾਦ ਵਾਲੀ ਗੱਲ ਹੋਈ। ਤੇਰਾ ਮੁੰਡਾ ਨਾਲ ਕਿਉਂ ਨਹੀਂ ਆਇਆ? ਉਸੇ ਮੋਟਰਸਾਈਕਲ 'ਤੇ ਆਉਣਾ ਸੀ। ਤੇਰੇ ਘਰ ਵਾਲੇ ਦਾ ਹੁਣ ਕੀ ਹਾਲ ਹੈ?"

ਮੈਂ ਕੌਤੂਹਲਵਸ ਕਿੰਨੇ ਹੀ ਸਵਾਲ ਉਸ ਨੂੰ ਪੁੱਛ ਲਏ। ਉਹ ਕੁੱਝ ਬੋਲ ਹੀ ਨਹੀਂ ਸੀ ਰਹੀ। ਮੈਂ ਫਿਰ ਪੁੱਛਿਆ ਕਿ ਉਹ ਏਨੇ ਸਾਲ ਕਿੱਧਰ ਚਲੀ ਗਈ ਸੀ?

ਉਹ ਬਿਲਕੁਲ ਪੱਥਰ ਬਣੀ ਪਈ ਸੀ। ਕੁੱਝ ਪਲਾਂ ਵਿਚ ਉਸ ਦੇ ਬੁੱਲ ਫਰਕੇ ਤੇ ਉਹ ਹੌਲੀ ਜਿਹੀ ਬੋਲੀ, "ਕਾਕੇ ਦਾ ਪਿਓ ਤਾਂ ਚਾਰ ਸਾਲ ਪਹਿਲਾਂ ਦੁਨੀਆ ਛੱਡ ਗਿਆ ਸੀ। ਉਸ ਨੂੰ ਤਾਂ ਨਸ਼ਿਆਂ ਨੇ ਖਾ ਲਿਆ। ਸਾਰੀ ਜ਼ਮੀਨ ਵੀ ਗਿਰਵੀ ਰੱਖ ਗਿਆ। ਸਿਰਫ਼ ਘਰ ਬਚਿਆ ਸੀ। ਅੱਜ ਮੈਂ ਉਹ ਵੀ ਗਿਰਵੀ ਰੱਖ ਕੇ ਮੁੰਡੇ ਨੂੰ ਮੋਟਰਸਾਈਕਲ ਲੈ ਦਿੱਤੈ।"

"ਇਹ ਕਿਉਂ ਕਰਨਾ ਸੀ," ਮੈਂ ਉਸ ਨੂੰ ਟੋਕਿਆ, "ਏਨੀ ਕਾਹਲ ਕਿਉਂ ਕੀਤੀ? ਹੁਣ ਕਿਵੇਂ ਏਨਾ ਕਰਜ਼ਾ ਲਾਹੇਂਗੀ? ਕਿੱਥੇ ਰਹੇਂਗੀ?"

"ਅੱਜ ਕਾਕਾ 18 ਸਾਲਾਂ ਦਾ ਹੋ ਗਿਐ। ਇਸ ਲਈ ਅੱਜ ਜਨਮਦਿਨ 'ਤੇ ਮੋਟਰਸਾਈਕਲ ਲੈ 'ਤਾ," ਉਹ ਬੋਲੀ।

"ਪਰ ਕਾਕਾ ਹੈ ਕਿੱਥੇ," ਮੈਂ ਫਿਰ ਪੁੱਛਿਆ?

"ਚਾਰ ਸਾਲਾਂ ਤੋਂ ਉਹ ਵੀ ਨਸ਼ਾ ਕਰਨ ਲੱਗ ਪਿਆ ਸੀ। ਸਾਰੀਆਂ ਨਸਾਂ ਵਿੰਨ੍ਹ ਛੱਡੀਆਂ। ਘਰ ਦੇ ਭਾਂਡੇ ਟੀਂਡੇ ਵੀ ਚੋਰੀ ਕਰ ਕੇ ਵੇਚ 'ਤੇ। ਬਥੇਰਾ ਇਲਾਜ ਕਰਵਾਇਆ ਪਰ ਕੁੱਝ ਨਾ ਬਣਿਆ। ਖੇਤ ਪਹਿਲਾਂ ਹੀ ਗਿਰਵੀ ਸਨ। ਹੁਣ ਤਾਂ ਛੇ ਮਹੀਨਿਆਂ ਤੋਂ ਮੈਂ ਰੋਜ਼ ਉਸ ਨੂੰ ਮਰਦਿਆਂ ਵੇਖਦੀ ਸੀ। ਨਸ਼ੇ ਤੋਂ ਬਗ਼ੈਰ ਤੜਫਦਾ ਵੇਖਿਆ ਨਹੀਂ ਸੀ ਜਾਂਦਾ। ਇਸੇ ਲਈ ਅੱਜ ਘਰ ਗਿਰਵੀ ਰੱਖ ਕੇ ਉਸ ਨੂੰ ਨਸ਼ੇ ਦੀ ਪੁੜੀ ਵੀ ਲਿਆ ਦਿੱਤੀ ਤੇ ਨਵਾਂ ਮੋਟਰਸਾਈਕਲ ਵੀ। ਦਿਲ 'ਤੇ ਪੱਥਰ ਰੱਖ ਕੇ ਉਸ ਨੂੰ ਚਾਬੀ ਫੜਾਈ ਹੈ, ਇਸ ਉਮੀਦ 'ਤੇ ਕਿ ਅੱਜ ਨਸ਼ੇ 'ਚ ਮੋਟਰਸਾਈਕਲ ਨੂੰ ਹਵਾ ਵਾਂਗ ਉਡਾਉਂਦਾ ਇੱਕੋ ਵਾਰ ਕਿਸੇ ਟਰੱਕ ਥੱਲੇ ਆ ਕੇ ਮਰ ਜਾਏਗਾ। ਰੋਜ਼ ਦਾ ਤਿਲ ਤਿਲ ਮਰਦਾ ਮੇਰੇ ਤੋਂ ਵੇਖਿਆ ਨਹੀਂ ਜਾਂਦਾ," ਏਨਾ ਕਹਿੰਦਿਆਂ ਉਹ ਚੁਫਾਲ ਜ਼ਮੀਨ ਉੱਤੇ ਢਹਿ ਪਈ ਤੇ ਹੌਲੀ ਜਿਹੀ ਬੁਦਬੁਦਾਈ, "ਚਲੋ ਅਖ਼ੀਰ ਉਸ ਦੀ ਚਿਰਾਂ ਤੋਂ ਲਟਕਦੀ ਸੱਧਰ ਪੂਰੀ ਹੋ ਗਈ। ਉਸ ਨੂੰ ਆਪਣੇ 18ਵੇਂ ਜਨਮ ਦਿਨ 'ਤੇ ਮੋਟਰਸਾਈਕਲ ਮਿਲ ਤਾਂ ਗਿਆ।"

# Sir Speedy Tustin
Printers to the Community




## Outdoor 3'x11' Promo Flag
**Only $29/-**
Pole & Spike $55/-




## Outdoor 3'x6' Durable Banner
All weather, durable to sunlight, rain and wear & tear. Text only.
**Only $69/-**



## Receipt Books
Customized with your information and design. 2 part carbonless with numbering and perforation.
**Call for Price**




## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**




## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**




## 11" Printed Balloons
Printed with your logo and info. One color, one location. Min. qty 1000
**19¢ each**




White T-Shirts, 1 color screen printing in 1 position. Min Qty. 100

## Your Printed T-Shirts
**Only $4.99**




1 color in 1 position. Min Qty. 100

## Your Printed Caps
**Only $4.99**




## Trip Envelopes Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin



Jagjit Singh Bains

CUSTOMIZED SWEET BOXES




South Asian Wedding Cards



CALL NOW

ਘਰ ਦੇ ਕੰਮ ਲਈ ਇੱਕ ਬੀਬੀ ਦੀ ਲੋੜ
Live-in housekeeper/ nanny needed
ਕਾਲ ਕਰੋ
510-938-7195

## ਜਗਮੀਤ ਸਿੰਘ ਦੀ ਜਿੱਤ ਫਾਸ਼ੀਵਾਦੀ ਤੇ ਮਨੁੱਖੀ ਅਧਿਕਾਰ ਵਿਰੋਧੀ ਤਾਕਤਾਂ ਨੂੰ ਸਖ਼ਤ ਸੁਨੇਹਾ

ਹਾਲ 'ਚ ਹਰਾਉਣ ਲਈ ਮਿੱਥ ਕੇ ਕੀਤੀਆਂ ਗਈਆਂ, ਪਰ ਅਖੀਰ ਨੂੰ ਜਿੱਤ ਕੈਨੇਡੀਅਨ ਕਦਰਾਂ-ਕੀਮਤਾਂ ਦੀ ਹੋਈ ਤੇ ਹਾਰ ਸੱਜੇਪੱਖੀ, ਫਿਰਕੂ ਤੇ ਫਾਸ਼ੀਵਾਦੀ ਤਾਕਤਾਂ ਦੀ ਹੋਈ। ਇਥੋਂ ਤੱਕ ਕਿ ਇਥੋਂ ਦੇ ਪ੍ਰਮੁੱਖ ਅੰਗਰੇਜ਼ੀ ਅਖਬਾਰ 'ਵੈਨਕੂਵਰ ਸੰਨ' ਸਮੇਤ ਸੱਜੇ ਪੱਖੀ ਪ੍ਰੈਸ ਨੇ ਜਗਮੀਤ ਸਿੰਘ ਨੂੰ ਹਰਾਉਣ ਦੀ ਹਰ ਵਾਹ ਲਾਈ, ਪਰ ਲੋਕਾਂ ਨੇ ਉਸ ਦੇ ਸਿਰ ਜਿੱਤ ਦਾ ਤਾਜ ਸਜਾਇਆ।

ਜਗਮੀਤ ਸਿੰਘ ਦੀ ਕਾਮਯਾਬੀ ਅਸਲ ਵਿਚ ਕੈਨੇਡਾ ਦੀਆਂ ਬਹੁ-ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਹੀ ਜਿੱਤ ਹੈ। ਇਕ ਸਿੱਖ ਹੋਣ ਦੇ ਨਾਤੇ ਚਾਹੇ ਉਸ ਨੇ ਸਿੱਖੀ ਦੀ ਸ਼ਾਨ ਨੂੰ ਤਾਂ ਵਧਾਇਆ ਹੀ ਹੈ, ਪਰ ਕੈਨੇਡਾ ਦੇ ਸੰਦਰਭ 'ਚ ਉਸ ਦੀ ਜਿੱਤ ਇਮੀਗਰਾਂਟ ਲੋਕਾਂ ਤੇ ਘੱਟ -ਗਿਣਤੀਆਂ ਲਈ ਨਵੀਆਂ ਸੰਭਾਵਨਾਵਾਂ ਦੀ ਪ੍ਰਤੀਕ ਹੈ। ਜਗਮੀਤ ਸਿੰਘ ਲਈ ਵੱਡੀ ਚੁਣੌਤੀ ਹੈ ਕਿ 21 ਅਕਤੂਬਰ 2019 ਨੂੰ ਹੋ ਰਹੀਆਂ ਕੈਨੇਡਾ ਦੀਆਂ ਫੈਡਰਲ ਚੋਣਾਂ 'ਚ ਉਹ ਨਿਊ ਡੈਮੋਕਰੇਟਿਕ ਪਾਰਟੀ ਦੀ ਅਗਵਾਈ ਕਿੰਨੀ ਨਿਪੁੰਨਤਾ ਨਾਲ ਕਰੇਗਾ। ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਨ ਵਾਲਾ ਪਹਿਲਾ ਗੈਰ-ਸਫੈਦ ਵਿਅਕਤੀ ਕੈਨੇਡਾ ਵਾਸੀਆਂ ਦੀਆਂ ਉਮੀਦਾਂ 'ਤੇ ਕਿੰਨਾ ਕੁ ਖਰਾ ਉਤਰੇਗਾ। ਚਾਲੀ ਵਰ੍ਹਿਆਂ ਤੋਂ ਘੱਟ ਉਮਰ 'ਚ ਇੰਨਾ ਵੱਡਾ ਮਾਅਰਕਾ ਮਾਰਨਾ ਕੋਈ ਛੋਟੀ ਗੱਲ ਨਹੀਂ, ਪਰ ਅਜੇ ਉਸ ਨੇ ਲੰਮਾ ਪੈਂਡਾ ਤੈਅ ਕਰਨਾ ਹੈ। ਜਗਮੀਤ ਸਿੰਘ ਦਾ ਇਹ ਕਥਨ ਸਹੀ ਹੈ ਕਿ ਜਿਥੇ ਉਸ ਦੀ ਪਹਿਲ ਕੈਨੇਡਾ ਦੇ ਲੋਕਾਂ ਦੇ ਅੰਦਰੂਨੀ ਤੇ ਬਾਹਰੀ ਮਾਮਲਿਆਂ ਦੀ ਪ੍ਰਤਿਨਿਧਤਾ ਕਰਨੀ ਹੈ, ਉਥੇ ਦੁਨੀਆ ਦੇ ਹੋਰਨਾਂ ਸਾਰੇ ਦੇਸ਼ਾਂ ਪ੍ਰਤੀ ਉਸ ਦੀ ਪਾਰਟੀ ਦੀ ਨੀਤੀ ਇਕ ਬਰਾਬਰ ਹੈ, ਸਰਬੱਤ ਦੇ ਭਲੇ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਵਾਲੀ। ਸੱਚ ਤਾਂ ਇਹ ਹੈ ਕਿ ਜਗਮੀਤ ਸਿੰਘ ਨੂੰ ਜਿਵੇਂ-ਜਿਵੇਂ 'ਨਿੱਤ ਨਵੀਆਂ ਮੁਹਿੰਮਾਂ' ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਵੇਂ-ਉਵੇਂ ਉਹ ਮਜ਼ਬੂਤ ਆਗੂ ਬਣ ਕੇ ਸਾਹਮਣੇ ਆ ਰਿਹਾ ਹੈ। ਜਗਮੀਤ ਸਿੰਘ ਲਈ ਵੱਡੇ ਇਮਤਿਹਾਨ ਅਜੇ ਬਾਕੀ ਹਨ, ਜਿਨ੍ਹਾਂ 'ਚ ਉਸ ਦੀ ਕਾਬਲੀਅਤ ਪਰਖੀ ਜਾਣੀ ਹੈ। ਦੁਨੀਆਂ ਨੇ ਉਸ ਦੀ ਸਮਰੱਥਾ ਨੂੰ ਅਜੇ ਜਾਨਣਾ ਹੈ;
'ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈ।
ਅਭੀ ਇਸ਼ਕ ਮੇਂ ਇਮਤਿਹਾਨ ਔਰ ਭੀ ਹੈ।'

## ਹਿੰਦੁਸਤਾਨ 'ਚ ਦੇਸ਼-ਭਗਤੀ ਦੇ ਬਦਲਦੇ ਮਾਅਨੇ

ਮਹਿਫ਼ੂਜ਼ ਹੈ।' ਇਸ ਦੀ ਇਕ ਤਰ੍ਹਾਂ ਉਮੀਦ ਵੀ ਸੀ ਕਿਉਂਕਿ ਅਦਬ-ਆਦਾਬ ਤੇ ਸ਼ਿਸ਼ਟਾਚਾਰ ਤਾਂ ਅਮਿਤ ਸ਼ਾਹ ਦੇ ਨੇੜੇ-ਤੇੜੇ ਵੀ ਨਹੀਂ ਢੁਕਦਾ ਜੋ ਚੋਣਾਂ ਜਿੱਤਣ ਲਈ ਕੁਝ ਵੀ ਕਰ ਸਕਦਾ ਹੈ। ਸਭ ਤੋਂ ਨਿਰਾਸ਼ਾਜਨਕ ਕੇਂਦਰੀ ਮੰਤਰੀ ਦਾ ਟਵੀਟ ਸੀ, ਜੋ ਖ਼ੁਦ ਸਾਬਕਾ ਫ਼ੌਜੀ ਅਫ਼ਸਰ ਹੈ, ਜਿਸ ਨੇ ਆਖਿਆ ਕਿ ਭਾਰਤ ਦਾ ਹਵਾਈ ਹਮਲਾ 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਫ਼ੈਸਲਾਕੁਨ ਤੇ ਨਵੇਂ ਭਾਰਤ' ਦਾ ਸਬੂਤ ਹੈ। ਇਸ ਤੋਂ ਬਾਅਦ ਉਸੇ ਦਿਨ ਖ਼ੁਦ ਪ੍ਰਧਾਨ ਮੰਤਰੀ ਨੇ ਰਾਜਸਥਾਨ ਵਿਚ ਸਿਆਸੀ ਤਕਰੀਰ ਕੀਤੀ, ਜਦੋਂ ਉਨ੍ਹਾਂ ਦੇ ਪਿਛਾਂਹ ਮੰਚ ਉੱਤੇ ਪੁਲਵਾਮਾ ਦੇ ਸ਼ਹੀਦਾਂ ਦੀਆਂ ਤਸਵੀਰਾਂ ਲਾਈਆਂ ਗਈਆਂ ਸਨ।

ਹੁਣ ਇਕ ਵਾਰੀ ਫਿਰ ਜੌਰਜ ਓਰਵੈੱਲ ਵੱਲ ਮੁੜਨ ਦਾ ਮੌਕਾ ਹੈ। ਮੈਂ ਉਸ ਦੇ ਦੋ ਲੇਖਾਂ ਦਾ ਹਵਾਲਾ ਦਿੱਤਾ ਹੈ; ਹੁਣ ਉਸ ਦੀਆਂ ਦੋ ਕਿਤਾਬਾਂ ਦਾ ਹਵਾਲਾ ਦੇਵਾਂਗਾ। ਇਕ ਕਿਤਾਬ 'ਐਨੀਮਲ ਫਾਰਮ' ਵਿਚ ਨੈਪੋਲੀਅਨ ਨਾਮੀ ਕਿਰਦਾਰ ਹੈ, ਜੋ ਫ਼ਰਾਂਸ ਦੇ ਮਰਹੂਮ ਹਾਕਮ ਤੇ ਜੰਗਜੂ ਯੋਧੇ ਨੈਪੋਲੀਅਨ ਬੋਨਾਪਾਰਟ ਨਾਲ ਮਿਲਦੇ ਆਪਣੇ ਨਾਂ ਦੇ ਬਾਵਜੂਦ, ਇਕ ਜਿਉਂਦੇ-ਜਾਗਦੇ ਰੂਸੀ ਤਾਨਾਸ਼ਾਹ ਤੋਂ ਜ਼ਿਆਦਾ ਪ੍ਰਭਾਵਿਤ ਹੈ। ਇਸ ਗਲਪ ਰਚਨਾ ਵਿਚ ਮਹਾਂ-ਮਨੁੱਖ ਤੋਂ ਕਲਪਨਾ ਰਾਹੀਂ ਮਹਾਂ-ਪਸ਼ੂ ਵਿਚ ਬਦਲ ਦਿੱਤੇ ਗਏ ਇਸ ਸ਼ਖ਼ਸ ਬਾਰੇ ਓਰਵੈੱਲ ਲਿਖਦਾ ਹੈ: "ਨੈਪੋਲੀਅਨ ਨੂੰ ਹੁਣ ਕਦੇ ਵੀ ਸਿੱਧੇ ਤੌਰ 'ਤੇ ਮਹਿਜ਼ 'ਨੈਪੋਲੀਅਨ' ਨਹੀਂ ਸੀ ਆਖਿਆ ਜਾ ਸਕਦਾ। ਉਸ ਨੂੰ ਹਮੇਸ਼ਾ ਬਾਕਾਇਦਾ ਰਸਮੀ ਢੰਗ ਨਾਲ 'ਸਾਡਾ ਆਗੂ, ਕਾਮਰੇਡ ਨੈਪੋਲੀਅਨ' ਆਖਣਾ ਹੁੰਦਾ ਸੀ। ਅਤੇ ਫ਼ਿਰ, 'ਇਹ ਰਵਾਇਤ ਬਣ ਗਈ ਕਿ ਹਰੇਕ ਪ੍ਰਾਪਤੀ ਅਤੇ ਖ਼ੁਸ਼ਕਿਸਮਤੀ ਦਾ ਸਿਹਰਾ ਨੈਪੋਲੀਅਨ ਨੂੰ ਦਿੱਤਾ ਜਾਵੇ'।

ਓਰਵੈੱਲ ਦੀ ਇਕ ਹੋਰ ਕਿਤਾਬ - '1984'- ਯਕੀਨਨ ਮੇਰੇ ਜ਼ਿਹਨ ਵਿਚ ਆਉਂਦੀ ਹੈ। ਇਹ ਅਜਿਹੇ ਕਲਪਿਤ ਮੁਲਕ 'ਤੇ ਆਧਾਰਿਤ ਨਾਵਲ ਹੈ ਜਿਸ ਵਿਚ ਸੱਚਾਈ ਮੰਤਰਾਲਾ ਝੂਠ ਦਾ ਕਾਰੋਬਾਰ ਕਰਦਾ ਹੈ; ਪਿਆਰ ਮੰਤਰਾਲਾ ਉਲਟਾ ਨਫ਼ਰਤ ਫ਼ੈਲਾਉਂਦਾ ਤੇ ਵਿਰੋਧ ਨੂੰ ਦਬਾਉਂਦਾ ਹੈ; ਇਸ ਦੀ ਕਲਪਿਤ ਭਾਸ਼ਾ ਹੈ ਨਿਊਸਪੀਕ ਅਤੇ ਥੌਟ ਪੁਲੀਸ (ਸੋਚਣ ਵਾਲੀ ਖ਼ੁਫ਼ੀਆ ਪੁਲੀਸ) ਅਤੇ ਇਕ ਹੋਰ ਕਿਰਦਾਰ 'ਵੱਡਾ ਭਰਾ' (ਬਿੱਗ ਬ੍ਰਦਰ) ਜੋ ਤੁਹਾਡੇ ਹਰ ਕੰਮ-ਕਾਰ ਉੱਤੇ ਨਜ਼ਰ ਰੱਖਦਾ ਹੈ। ਨਾਵਲ '1984' ਤਾਂ ਭਾਜਪਾ ਦੀ ਟਰੋਲ ਸੈਨਾ ਦੀ ਵੀ ਅਗਾਊਂ ਭਵਿੱਖਬਾਣੀ ਕਰਦਾ ਪ੍ਰਤੀਤ ਹੁੰਦਾ ਹੈ ਜਿਸ ਵਿਚ ਕੂੜ ਪ੍ਰਚਾਰ ਕਰਨ ਵਾਲੀ ਇਕ ਫ਼ਿਲਮ 'ਟੂ ਮਿਨਟਸ ਹੇਟ' ਦਾ ਜ਼ਿਕਰ ਆਉਂਦਾ ਹੈ ਜਿਸ ਵਿਚ ਖ਼ੂਨ-ਖ਼ਰਾਬੇ, ਮਾਰ-ਟੁੱਕ ਦੇਣ ਦੀ ਚਾਹਤ ਦੀ ਹੀ ਗੱਲ ਹੁੰਦੀ ਹੈ। ਮੋਦੀ ਦਾ ਭਾਰਤ, ਸਟਾਲਿਨ ਦਾ ਰੂਸ ਨਹੀਂ। ਉਹ ਮੁਲਕ ਤਾਨਾਸ਼ਾਹੀ ਦੇ ਇਕ ਰੂਪ ਤੋਂ ਦੂਜੇ ਵਿਚ ਬਦਲਿਆ ਸੀ, ਭਾਵ ਜ਼ਾਰ ਦੀ ਰਾਜਸ਼ਾਹੀ ਤੋਂ ਕਮਿਊਨਿਸਟ ਤਾਨਾਸ਼ਾਹੀ ਵਿਚ। ਦੂਜੇ ਪਾਸੇ ਭਾਰਤ ਆਜ਼ਾਦ ਚੋਣਾਂ ਦੇ 70 ਸਾਲ ਲੰਘਾ ਚੁੱਕਾ ਹੈ ਜਿਸ ਵਿਚ ਪਾਰਟੀਆਂ ਅਤੇ ਆਗੂਆਂ ਪੱਖੋਂ ਦੋਵੇਂ ਕੇਂਦਰੀ ਤੇ ਸੂਬਾਈ ਪੱਧਰਾਂ ਉੱਤੇ ਅਨੇਕਾਂ ਤਬਦੀਲੀਆਂ ਆ ਚੁੱਕੀਆਂ ਹਨ। ਇਸ ਦੇ ਨਾਲ ਹੀ ਭਾਰਤ ਓਰਵੈੱਲ ਦਾ ਇੰਗਲੈਂਡ ਵੀ ਨਹੀਂ। ਭਾਰਤੀ ਪ੍ਰੈਸ ਕਿਤੇ ਜ਼ਿਆਦਾ ਸਮਝੌਤਾਵਾਦੀ ਹੈ। ਇਸ ਦੇ ਅਦਾਰੇ ਕਮਜ਼ੋਰ ਹਨ ਜਿਨ੍ਹਾਂ ਉੱਤੇ ਕਬਜ਼ਾ ਕੀਤਾ ਜਾ ਸਕਦਾ ਹੈ। ਇਥੋਂ ਦੇ ਸਿਆਸਤਦਾਨ ਵੀ ਲੋਕ ਹਿੱਤਾਂ ਦੀ ਥਾਂ ਖ਼ੁਦਗਰਜ਼ੀ ਨੂੰ ਅਗਾਂਹ ਰੱਖਦੇ ਹਨ।

ਜਦੋਂ ਮੈਂ ਇਸ ਕਾਲਮ ਦਾ ਖਰੜਾ ਤਿਆਰ ਕੀਤਾ ਤਾਂ ਪੁਲਵਾਮਾ ਹਮਲੇ ਨੂੰ ਪੂਰੇ ਦੋ ਹਫ਼ਤੇ ਲੰਘ ਚੁੱਕੇ ਸਨ। ਉਦੋਂ ਤੱਕ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਆਗੂਆਂ ਨਾਲ ਕੋਈ ਮੁਲਾਕਾਤ ਨਹੀਂ ਸੀ ਕੀਤੀ ਜਿਨ੍ਹਾਂ ਨੂੰ ਯਕੀਨਨ ਇਸ ਗੱਲ ਤੋਂ ਵਾਕਫ਼ ਕਰਵਾਇਆ ਜਾਣਾ ਚਾਹੀਦਾ ਸੀ ਕਿ ਉਹ (ਮੋਦੀ) ਤੇ ਉਨ੍ਹਾਂ ਦੀ ਸਰਕਾਰ ਦੇਸ਼ ਦੀ ਹਿਫ਼ਾਜ਼ਤ ਕਰਨ ਦਾ ਇਰਾਦਾ ਰੱਖਦੇ ਹਨ। ਇਸ ਦੇ ਉਲਟ, ਉਨ੍ਹਾਂ ਨੇ ਆਪਣੀ ਸਿਆਸਤ ਦੇ ਹਮਲਾਵਰ ਅੰਦਾਜ਼ (ਜਿਹੜਾ ਉਨ੍ਹਾਂ ਦਾ ਸੁਭਾਅ ਵੀ ਹੈ) ਦਾ ਮੁਜ਼ਾਹਰਾ ਕਰਦਿਆਂ ਦੇਸ਼ ਭਰ ਵਿਚ ਭਾਜਪਾ ਵਰਕਰਾਂ ਨਾਲ ਵੀਡੀਓ ਕਾਨਫਰੰਸ ਕੀਤੀ, ਜਿਸ ਦੌਰਾਨ ਮੋਦੀ ਨੇ ਵਿਰੋਧੀ ਪਾਰਟੀਆਂ ਨੂੰ ਭ੍ਰਿਸ਼ਟ ਤੇ ਮੌਕਾਪ੍ਰਸਤ ਆਖ ਕੇ ਉਨ੍ਹਾਂ ਦਾ ਮਜ਼ਾਕ ਉਡਾਇਆ।

ਅਜਿਹੇ ਦੌਰ ਵਿਚ ਇਕ ਲੇਖਕ ਜਾਂ ਰਿਪੋਰਟਰ ਦੀ ਕੀ ਜ਼ਿੰਮੇਵਾਰੀ ਹੈ? ਕੀ ਉਹ ਅੱਖਾਂ ਬੰਦ ਕਰ ਕੇ ਪੂਰੀ ਤਰ੍ਹਾਂ ਸਰਕਾਰੀ ਲੀਹ 'ਤੇ ਚੱਲਦਾ ਰਹੇ, ਕਿਉਂਕਿ ਸਾਡੇ ਕਿਸੇ ਗੁਆਂਢੀ ਮੁਲਕ ਨੇ ਸਾਡੇ ਖ਼ਿਲਾਫ਼ ਲੁਕਵੀਂ ਜੰਗ ਛੇੜੀ ਹੋਈ ਹੈ? ਕੀ ਉਸ ਨੂੰ ਉਸ ਸ਼ਖ਼ਸੀ ਪੂਜਾ ਦਾ ਮੁਰੀਦ ਬਣਨਾ ਚਾਹੀਦਾ ਹੈ ਜਿਸ ਨੂੰ ਪ੍ਰਧਾਨ ਮੰਤਰੀ ਦੇ ਕੈਬਨਿਟ ਸਾਥੀਆਂ ਅਤੇ ਮੀਡੀਆ ਦੇ ਉਸ ਹਿੱਸੇ ਜਿਸ ਨੂੰ ਅਕਸਰ ਵਾਜਬ ਢੰਗ ਨਾਲ 'ਗੋਦੀ ਮੀਡੀਆ' ਆਖਿਆ ਜਾਂਦਾ ਹੈ, ਵੱਲੋਂ ਸਿਰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਾਂ ਫਿਰ, ਕੀ ਸਾਨੂੰ ਸਰਕਾਰ ਨੂੰ ਉਸ ਦੀਆਂ ਨਾਕਾਮੀਆਂ ਅਤੇ ਗ਼ਲਤ-ਬਿਆਨੀਆਂ ਲਈ ਟੋਕਣਾ ਚਾਹੀਦਾ ਹੈ? ਕੀ ਸਾਨੂੰ ਇਹ ਸਵਾਲ ਨਹੀਂ ਕਰਨਾ ਚਾਹੀਦਾ ਕਿ ਸਾਡੀਆਂ ਖ਼ੁਫ਼ੀਆ ਏਜੰਸੀਆਂ ਪੁਲਵਾਮਾ ਹਮਲੇ ਦਾ ਅਗਾਊਂ ਪਤਾ ਲਾਉਣ ਵਿਚ ਨਾਕਾਮ ਕਿਉਂ ਰਹੀਆਂ। ਇਸ ਤੋਂ ਵੀ ਵੱਧ ਅਹਿਮ, ਜਿਵੇਂ ਜਾਪਦਾ ਹੀ ਹੈ, ਭਾਰਤ ਸਰਕਾਰ ਨੇ ਬਾਲਾਕੋਟ ਹਵਾਈ ਹਮਲੇ 'ਚ ਹੋਈਆਂ ਮੌਤਾਂ ਦੀ ਗਿਣਤੀ ਬਹੁਤ ਵਧਾ-ਚੜ੍ਹਾ ਕੇ ਕਿਉਂ ਪੇਸ਼ ਕੀਤੀ ਹੈ? ਕੀ ਸਾਨੂੰ ਪੱਖਪਾਤੀ ਮੰਤਵਾਂ ਨਾਲ ਕੀਤੇ ਗਏ ਝੂਠੇ ਦਾਅਵਿਆਂ ਦਾ ਪਰਦਾਫ਼ਾਸ਼ ਨਹੀਂ ਕਰਨਾ ਚਾਹੀਦਾ ਕਿਉਂਕਿ ਝੂਠੇ ਦਾਅਵਿਆਂ ਦਾ ਪਰਦਾਫ਼ਾਸ਼ ਕਰਨਾ ਹੀ ਦੇਸ਼ ਭਗਤੀ ਹੈ। ਇਸ ਤੋਂ ਵੀ ਅਗਾਂਹ, ਕੀ ਸਾਨੂੰ ਆਪਣੇ ਲੇਖਾਂ ਅਤੇ ਪ੍ਰੋਗਰਾਮਾਂ ਵਿਚ ਆਗਾਮੀ ਆਮ ਚੋਣਾਂ ਬਾਰੇ ਘੱਟ ਮਗਜ਼-ਖਪਾਈ ਕਰਦਿਆਂ ਵਧੇਰੇ ਤਵੱਜੋ ਇਸ ਗੱਲ ਨੂੰ ਦੇਣੀ ਚਾਹੀਦੀ ਹੈ ਕਿ ਭਾਰਤ ਕਿਵੇਂ ਦਹਿਸ਼ਤਗਰਦੀ ਨੂੰ ਨਕੇਲ ਪਾ ਸਕਦਾ ਹੈ?

ਇਨ੍ਹਾਂ ਸਵਾਲਾਂ ਦੇ ਜਵਾਬ ਸਿੱਧੇ-ਸਾਦੇ ਨਹੀਂ ਹੋ ਸਕਦੇ। ਇੰਨਾ ਹੀ ਬਹੁਤ ਹੈ ਕਿ ਅਸੀਂ ਇਨ੍ਹਾਂ ਬਾਰੇ ਜਾਗਰੂਕ ਹਾਂ ਅਤੇ ਅਸੀਂ ਇਨ੍ਹਾਂ ਨਾਲ ਆਪੋ-ਆਪਣੀ ਜ਼ਾਤੀ ਪਸੰਦ (ਅਤੇ ਜ਼ਮੀਰ ਦੀ ਆਵਾਜ਼) ਮੁਤਾਬਿਕ ਸਿੱਝਦੇ ਹਾਂ। ਕਿਸੇ ਦਾ ਆਪਣੇ ਦੇਸ਼-ਕੌਮ, ਸੱਭਿਆਚਾਰ ਅਤੇ ਹਮਵਤਨਾਂ ਨੂੰ ਪਿਆਰ ਕਰਨਾ ਕੁਦਰਤੀ ਅਤੇ ਚੰਗੀ ਗੱਲ ਹੈ। ਇਸ ਦੇ ਬਾਵਜੂਦ, ਜਦੋਂਕਿ ਅਸੀਂ ਸਾਰੇ ਦੇਸ਼ ਭਗਤ ਬਣਨ ਦੇ ਖ਼ਾਹਿਸ਼ਮੰਦ ਹਾਂ, ਜ਼ਰੂਰੀ ਹੈ ਕਿ ਸਾਨੂੰ ਲੇਖਕਾਂ (ਨਾਲ ਹੀ ਟੈਲੀਵਿਜ਼ਨ ਦੇ ਐਂਕਰਾਂ) ਨੂੰ ਹਰਗਿਜ਼ ਕਿਸੇ ਆਗੂ, ਪਾਰਟੀ ਜਾਂ ਸਰਕਾਰ ਦੇ ਪ੍ਰਚਾਰਕ ਨਹੀਂ ਬਣਨਾ ਚਾਹੀਦਾ।

## ਬਾਬਿਆਂ ਦੇ ਚਮਤਕਾਰ

ਇਹ ਡਰ ਪਿਆ ਰਹਿੰਦਾ ਹੈ ਕਿ ਕਿਤੇ ਮੈਂ ਦੁਬਾਰਾ ਉਸ ਜਗ੍ਹਾ ਤੇ ਵਾਪਸ ਨਾ ਪਹੁੰਚ ਜਾਵਾਂ, ਜਿੱਥੋਂ ਮੈਂ ਤਰੱਕੀ ਦਾ ਸਫਰ ਸ਼ੁਰੂ ਕੀਤਾ ਸੀ। ਇਸ ਲਈ ਉਹ ਹਮੇਸ਼ਾ ਕਿਸਮਤ ਹੋਰ ਚਮਕਾਉਣ ਦੇ ਚੱਕਰ ਵਿਚ ਰਹਿੰਦਾ ਹੈ। ਸਾਨੂੰ ਬਚਪਨ ਤੋਂ ਹੀ ਸਿਖਾਇਆ ਜਾਂਦਾ ਹੈ ਕਿ ਸਭ ਕੁਝ ਕਿਸਮਤ ਦੇ ਹੱਥ ਹੈ, ਮਤਲਬ ਮਿਹਨਤ ਦਾ ਕੋਈ ਮੁੱਲ ਹੀ ਨਹੀਂ ਹੈ। ਜ਼ਿਆਦਾਤਰ ਅਫਸਰ, ਰਾਜਨੀਤਕ ਅਤੇ ਅਮੀਰ ਲੋਕ ਕਿਸੇ ਨਾ ਕਿਸੇ ਜੋਤਸ਼ੀ-ਤਾਂਤਰਿਕ ਨੂੰ ਆਪਣਾ ਗੁਰੂ ਮੰਨਦੇ ਹਨ, ਉਸ ਨੂੰ ਪੁੱਛੇ ਬਗੈਰ ਬਾਥਰੂਮ ਵੀ ਨਹੀਂ ਜਾਂਦੇ। ਚੰਗੇ ਭਲੇ ਲੀਡਰ ਸਾਰੇ ਪਰਿਵਾਰ ਨੂੰ ਜੋਤਸ਼ੀ ਦੇ ਕਹਿਣ ਤੇ ਨਗਾਂ ਵਾਲੀਆਂ ਛਾਪਾਂ ਪਾਈ ਫਿਰਦੇ ਹਨ। ਇਲੈੱਕਸ਼ਨ ਵੇਲੇ ਜੋਤਸ਼ੀ ਦੇ ਕੱਢੇ ਸ਼ੁਭ ਮਹੂਰਤ 'ਤੇ ਹੀ ਕਾਗਜ਼ ਦਾਖਲ ਕੀਤੇ ਜਾਂਦੇ ਹਨ। ਭਾਰਤ ਦੇ ਇੱਕ ਦੱਖਣੀ ਰਾਜ ਦਾ ਮੁੱਖ ਮੰਤਰੀ ਤਾਂ ਜੋਤਸ਼ੀ ਦੇ ਕਹਿਣ 'ਤੇ ਮਾੜਾ ਸਮਾਂ ਟਾਲਣ ਲਈ ਫਰਸ਼ ਤੇ ਨੰਗਾ ਸੌਂਦਾ ਸੀ ਅਤੇ ਇੱਕ ਕੇਂਦਰੀ ਮੰਤਰੀ ਘੁਟਾਲੇ ਵਿਚ ਫਸਣ 'ਤੇ ਬੱਕਰੀ ਦੀ ਪੂਜਾ ਕਰਦਾ ਲੋਕਾਂ ਨੇ ਟੀਵੀ 'ਤੇ ਵੇਖਿਆ ਸੀ। ਪਰ ਉਹ ਗੱਲ ਵੱਖਰੀ ਹੈ ਕਿ ਨਾ ਨੰਗਪੁਣਾ ਕੰਮ ਆਇਆ ਅਤੇ ਨਾ ਬੱਕਰੀ, ਦੋਵਾਂ ਨੂੰ ਗੱਦੀ ਛੱਡਣੀ ਪਈ।

ਕਈ ਵਾਰ ਅੰਧਵਿਸ਼ਵਾਸ ਬੰਦੇ ਨੂੰ ਬੜੀ ਹਾਸੋਹੀਣੀ ਸਥਿਤੀ ਵਿਚ ਫਸਾ ਦੇਂਦੇ ਹਨ। ਸੰਨ 2002 ਦੀ ਇਲੈੱਕਸ਼ਨ ਵੇਲੇ ਪੰਜਾਬ ਦੀ ਇੱਕ ਨੈਸ਼ਨਲ ਲੈਵਲ ਦੀ ਪਾਰਟੀ ਦੇ ਨੇਤਾਗਣ ਟਿਕਟਾਂ ਲੈਣ ਲਈ ਦਿੱਲੀ ਡੇਰਾ ਲਾਈ ਬੈਠੇ ਸਨ। ਜਦੋਂ ਹਾਈਕਮਾਂਡ ਨੇ ਟਿਕਟਾਂ ਵੰਡਣ ਵਿਚ ਕਾਫੀ ਦੇਰ ਲਾ ਦਿੱਤੀ ਤਾਂ ਲੀਡਰ ਜੋਤਸ਼ੀਆਂ ਦੇ ਗੇੜੇ ਲਾਉਣ ਲੱਗ ਪਏ। ਪਾਰਟੀ ਦੇ ਇੱਕ ਸੀਨੀਅਰ ਲੀਡਰ (ਜਿਸ ਨੇ ਬਾਅਦ ਵਿਚ ਕਾਫੀ ਪਾਰਟੀਆਂ ਬਦਲੀਆਂ ਅਤੇ ਕਾਫੀ ਬੜਬੋਲਾ ਹੈ) ਨੂੰ ਇਕ ਜੋਤਸ਼ੀ ਨੇ ਸਲਾਹ ਦਿੱਤੀ ਕਿ ਰਾਤ 12 ਵਜੇ ਪਿੱਪਲ ਦੀਆਂ ਜੜ੍ਹਾਂ ਵਿਚ ਨੌਂ ਨਾਰੀਅਲ ਦੱਬੇ ਜਾਣ ਤਾਂ ਟਿਕਟ ਮਿਲ ਸਕਦੀ ਹੈ। ਹੁਣ ਦਿੱਲੀ ਵਰਗੇ ਸ਼ਹਿਰ ਵਿਚ ਪਿੱਪਲ ਕਿੱਥੋਂ ਲੱਭੇ? ਚਮਚਿਆਂ ਨੇ ਦਿੱਲੀ ਦੇ ਇਕ ਪਾਰਕ ਵਿਚ ਪਿੱਪਲ ਜਾ ਲੱਭਾ। ਜਦੋਂ ਰਾਤ ਨੂੰ ਕਹੀਆਂ ਬੇਲਚੇ ਖੜਕਣ ਲੱਗੇ ਤਾਂ ਕਲੋਨੀ ਵਾਲਿਆਂ ਨੇ ਬੰਬ ਦੱਬਦੇ ਅੱਤਵਾਦੀ ਸਮਝਕੇ ਪੁਲਿਸ ਨੂੰ ਬੁਲਾ ਲਿਆ। ਬੜੀ ਮੁਸ਼ਕਿਲ ਨਾਲ ਰਾਜਨੀਤਕ ਭਵਿੱਖ ਦਾ ਵਾਸਤਾ ਪਾ ਕੇ ਪੁਲਿਸ ਦੇ ਤਰਲੇ ਕੱਢ ਕੇ ਨਾਰੀਅਲ ਦੱਬੇ ਗਏ।ਹੈਰਾਨੀ ਦੀ ਗੱਲ ਹੈ ਕਿ ਪੜ੍ਹੇ ਲਿਖੇ ਲੋਕ ਵੀ ਇਸ ਚੱਕਰ ਵਿਚ ਪਏ ਹੋਏ ਹਨ। ਕਈ ਚੰਗੇ ਭਲੇ ਲੋਕ ਬੜੀ ਸ਼ਿਫਾਰਸ਼ ਨਾਲ ਜੇਲ੍ਹ ਅਤੇ ਥਾਣੇ ਤੋਂ ਰੋਟੀ ਮੰਗਵਾ ਕੇ ਖਾਂਦੇ ਹਨ। ਜੋਤਸ਼ੀ ਨੇ ਵਹਿਮ ਪਾਇਆ ਹੁੰਦਾ ਹੈ ਕਿ ਤੇਰੇ ਕਰਮਾਂ ਵਿਚ ਜੇਲ੍ਹ ਦੀ ਰੋਟੀ ਲਿਖੀ ਹੋਈ ਹੈ, ਚਾਹੇ ਅੰਦਰ ਜਾ ਕੇ ਖਾ ਲਵੀਂ ਜਾਂ ਬਾਹਰੋਂ ਹੀ ਖਾ ਕੇ ਮੁਕਾ ਲੈ।

ਵਿਗਿਆਨੀ, ਜਿਹਨਾਂ ਦਾ ਆਧਾਰ ਹੀ ਤਰਕ ਹੈ, ਉਹ ਵੀ ਇਸ ਤੋਂ ਅਛੂਤੇ ਨਹੀਂ ਹਨ। ਪਿੱਛੇ ਜਿਹੇ ਪੀਜੀਆਈ. ਵਾਲਿਆਂ ਨੇ ਇੱਕ ਮਸ਼ਹੂਰ ਜੋਤਸ਼ੀ (ਜਿਸ ਦਾ ਬੇਟਾ ਬਾਲੀਵੁੱਡ ਐਕਟਰ ਹੈ।) ਨੂੰ ਲੈਕਚਰ ਦੇਣ ਲਈ ਬੁਲਾਇਆ ਸੀ। ਇਸ ਸਮੇਂ ਬਹੁਤ ਹੋ-ਹੱਲਾ ਮਚਿਆ। ਜਦੋਂ ਉਹ ਜੋਤਸ਼ੀ ਆਪਣੇ ਲੈਕਚਰ ਵਿਚ ਜੋਤਿਸ਼ ਨੂੰ ਗਣਿਤ ਅਧਾਰਿਤ ਵਿਗਿਆਨ ਸਾਬਿਤ ਕਰ ਰਿਹਾ ਸੀ ਤਾਂ ਕੁਝ ਤਰਕਸ਼ੀਲ ਡਾਕਟਰਾਂ ਨੇ ਉਸ ਨੂੰ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ। ਜਦੋਂ ਉਸ ਨੂੰ ਇਹ ਪੁੱਛਿਆ ਗਿਆ ਕਿ ਦੱਸੋ ਫਲਾਣੇ ਮਰੀਜ਼ ਨੂੰ ਕੀ ਬਿਮਾਰੀ ਹੈ? ਤਾਂ ਉਸ ਨੂੰ ਮੰਨਣਾ ਪਿਆ ਕਿ ਇਹ ਦੱਸਣਾ ਨਾ ਮੁਮਕਿਨ ਹੈ। ਉਸ ਨੂੰ ਇਹ ਵੀ ਮੰਨਣਾ ਪਿਆ ਕਿ ਨਗਾਂ ਨਾਲ ਸਿਰਫ ਮਨ ਦੀ ਸ਼ਾਂਤੀ ਮਿਲਦੀ ਹੈ, ਫਾਇਦਾ ਕੋਈ ਨਹੀਂ ਹੁੰਦਾ। ਜਦੋਂ ਡਾਕਟਰਾਂ ਨੇ ਕੁਝ ਵਿਦਿਆਰਥੀ ਪੇਸ਼ ਕਰਕੇ ਪੁੱਛਿਆ ਕਿ ਦੱਸੋ ਕਿਹੜਾ ਕਿਸ ਬਿਮਾਰੀ ਦਾ ਸਪੈਸ਼ਲਿਸਟ ਬਣੇਗਾ ਤਾਂ ਉਸ ਨੂੰ ਲੈਕਚਰ ਵਿਚੇ ਛੱਡ ਕੇ ਭੱਜਣਾ ਪਿਆ।

ਅੱਜ ਕੱਲ੍ਹ ਪੰਜਾਬ ਵਿਚ ਪਾਖੰਡੀ ਡੇਰਿਆਂ ਦੀ ਭਰਮਾਰ ਹੈ। ਹਰ ਪਿੰਡ, ਸ਼ਹਿਰ, ਮੁਹੱਲੇ ਵਿਚ ਧੜਾ ਧੜ ਡੇਰੇ ਖੁੱਲ੍ਹ ਰਹੇ ਹਨ। ਪੜ੍ਹੇ ਲਿਖੇ, ਕਰੋੜਪਤੀ ਵਪਾਰੀ, ਨੇਤਾ, ਅਫਸਰ, ਮੋਹਤਬਰ, ਅਭਿਨੇਤਾ ਅਤੇ ਸਿਆਣੇ ਬਿਆਣੇ ਲੋਕ ਅਨਪੜ੍ਹ, ਨਸ਼ਈ, ਵਿਸ਼ਈ, ਲਾਲਚੀ, ਮੂਰਖ ਤੇ ਮਣ ਮਣ ਦੀਆਂ ਗਾਲ੍ਹਾਂ ਦੇਣ ਵਾਲੇ ਬਾਬਿਆਂ ਦੇ ਪੈਰ ਚੱਟਦੇ ਫਿਰਦੇ ਹਨ। ਵਹਿਮ ਭਰਮ ਸਾਡੇ ਵਿਚ ਬਚਪਨ ਤੋਂ ਹੀ ਕੁੱਟ ਕੁੱਟ ਕੇ ਭਰ ਦਿੱਤੇ ਜਾਂਦੇ ਹਨ। ਇਸ ਤੋਂ ਫਾਇਦਾ ਉਠਾਉਣ ਲਈ ਚਲਾਕ ਬਾਬੇ ਅਨੇਕਾਂ ਕਰਤੱਬ ਕਰਦੇ ਹਨ।ਕਈ ਲੋਕਾਂ ਨੂੰ ਲੁੱਟਣ ਲਈ ਚੌਂਕੀਆਂ ਲਗਾ ਕੇ ਪੁੱਛਾਂ ਦੇਂਦੇ ਹਨ, ਕਈਆਂ ਵਿਚ ਬਾਬਾ ਜਾਂ ਦੇਵੀ ਆਉਂਦੀ ਹੈ ਤੇ ਕਈ ਮਾਨਸਿਕ ਤੌਰ 'ਤੇ ਬਿਮਾਰ ਵਿਅਕਤੀਆਂ ਨੂੰ ਡਾਂਗ ਫੇਰ ਕੇ ਭੂਤ ਕੱਢਣ ਦਾ ਢੌਂਗ ਰਚਦੇ ਹਨ। ਕਈ ਪਾਪੀ ਤਾਂਤਰਿਕ ਤਾਂ ਕਸ਼ਟ ਟਾਲਣ ਦੇ ਨਾਮ 'ਤੇ ਬੱਚਿਆਂ ਦੀ ਬਲੀ ਤਕ ਦਿਵਾ ਦਿੰਦੇ ਹਨ।

ਅਨੇਕਾਂ ਥਾਵਾਂ 'ਤੇ ਪੁਰਾਣੇ ਦਰੱਖਤਾਂ ਅਤੇ ਖੰਡਰਾਂ ਨੂੰ ਪੱਕੇ ਕਿਹਾ ਜਾਂਦਾ ਹੈ, ਮਤਲਬ ਕਿ ਉੱਥੇ ਭੂਤਾਂ ਦਾ ਵਾਸ ਹੈ। ਵਹਿਮ ਇੰਨਾ ਵਧ ਗਿਆ ਹੈ ਕਿ ਭਾਵੇਂ ਮਕਾਨ ਡਿੱਗ ਜਾਵੇ, ਕੋਈ ਡਰ ਦਾ ਮਾਰਾ ਛੱਤ 'ਤੇ ਉੱਗਿਆ ਪਿੱਪਲ ਨਹੀਂ ਪੁੱਟਦਾ। ਘਟੀਆ ਤੋਂ ਘਟੀਆ ਬਾਬੇ ਦੇ ਡੇਰੇ ਅੱਗੇ ਵੀ ਲਾਲ-ਪੀਲੀਆਂ ਬੱਤੀਆਂ ਵਾਲੀਆਂ ਗੱਡੀਆਂ ਖੜ੍ਹੀਆਂ ਰਹਿੰਦੀਆਂ ਸਨ। ਕਈ ਅਫਸਰ ਤੇ ਨੇਤਾ ਤਾਂ ਉਹਨਾਂ ਨੂੰ ਪੁੱਛੇ ਬਗੈਰ ਬਾਥਰੂਮ ਵੀ ਨਹੀਂ ਜਾਂਦੇ। ਉਹਨਾਂ ਦੀਆਂ ਭਵਿੱਖਬਾਣੀਆਂ ਇਲਾਹੀ ਹੁਕਮ ਸਮਝੇ ਜਾਂਦੇ ਸਨ। ਪੰਜਾਬ ਦੀ ਬਦਕਿਸਮਤੀ ਹੈ ਕਿ ਇੱਥੇ ਧਾਰਮਿਕ ਕੁਰੀਤੀਆਂ, ਵਹਿਮ ਭਰਮ, ਕਰਮ ਕਾਂਡ ਅਤੇ ਪਾਖੰਡਾਂ ਵਿਚ ਦਿਨੋ ਦਿਨ ਇਜ਼ਾਫਾ ਹੀ ਹੋ ਰਿਹਾ ਹੈ। ਸਾਡੇ ਨੇਤਾ ਹੀ ਵੋਟਾਂ ਦੀ ਖਾਤਰ ਬਾਬਿਆਂ ਦੇ ਡੇਰਿਆਂ ਨੂੰ ਵੜ੍ਹਾਵਾ ਦੇ ਰਹੇ ਹਨ। ਕੋਈ ਕਿਸੇ ਬਾਬੇ ਦੇ ਗੋਡੇ ਘੁੱਟੀ ਜਾਂਦਾ ਹੈ ਤੇ ਕੋਈ ਕਿਸੇ ਦੇ। ਹਰੇਕ ਸਾਧ-ਬਾਬਾ ਆਪਣੇ ਡੇਰੇ ਨੂੰ ਚਮਕਾਉਣ ਖਾਤਰ ਕਿਸੇ ਨਾ ਕਿਸੇ ਚਮਤਕਾਰ ਜਾਂ ਵੱਡੇ ਵੀਆਈਪੀ. ਚੇਲੇ ਦੀ ਭਾਲ ਵਿਚ ਰਹਿੰਦਾ ਹੈ।

ਵੈਸੇ ਤਾਂ ਬਹੁਤੇ ਬਾਬਿਆਂ ਨੇ ਅਜਿਹੇ ਚੇਲੇ ਅਤੇ ਔਰਤਾਂ ਰੱਖੀਆਂ ਹੁੰਦੀਆਂ ਜੋ ਬਾਬੇ ਦੀਆਂ ਰਿੱਧੀਆਂ ਸਿੱਧੀਆਂ ਬਾਰੇ ਅਫਵਾਹਾਂ ਫੈਲਾ ਕੇ ਡੇਰੇ ਦੀ ਦੁਕਾਨਦਾਰੀ ਚਲਾਉਣ ਲਈ ਭੋਲੇ ਭਾਲੇ ਲੋਕਾਂ ਨੂੰ ਫਸਾਉਂਦੇ ਹਨ ਪਰ ਲੁਧਿਆਣੇ ਵਾਲੇ ਇਸ ਡੇਰੇ ਦਾ ਕੰਮ ਕਾਫੀ ਦੇਰ ਤੋਂ ਠੰਢਾ ਚੱਲ ਰਿਹਾ ਸੀ। ਕਈ ਸਾਲ ਬਾਅਦ ਬਣੇ ਡੇਰੇ ਸੇਲ ਪੱਖੋਂ ਉਸ ਤੋਂ ਬਹੁਤ ਅੱਗੇ ਲੰਘ ਗਏ ਸਨ। ਇੱਕ ਦਿਨ ਬਾਬਾ ਆਪਣੀ ਕੁਟੀਆ ਵਿਚ ਬੈਠਾ ਇੱਕ ਸ਼ਰਧਾਲੂ ਬੀਬੀ ਨੂੰ ਪੁੱਤਰ ਰਤਨ ਦੀ ਦਾਤ ਦੇਣ ਲਈ ਤਾਬੀਜ਼ ਤਿਆਰ ਕਰ ਰਿਹਾ ਸੀ ਕਿ ਉਸ ਦਾ ਵੱਡਾ ਚੇਲਾ ਸ਼ਿੰਦਾ ਭੱਜਾ ਭੱਜਾ ਆਇਆ। ਜੋਸ਼ ਕਾਰਨ ਉਸ ਦੇ ਮੂੰਹ ਵਿੱਚੋਂ ਸ਼ਬਦ ਨਹੀਂ ਨਿਕਲ ਰਹੇ ਸਨ, ਬਾਬਾ ਜੀ, ਬਾਬਾ ਜੀ, ਅੱਜ ਤਾਂ ਕਮਾਲ ਈ ਹੋ ਗਈ। ਹੁਣੇ ਹੁਣੇ ਦੋਵਾਂ ਲੱਤਾਂ ਤੋਂ ਅਪਾਹਜ ਇੱਕ ਵਿਅਕਤੀ ਆਪਣੇ ਡੇਰੇ ਆਇਆ। ਉਸ ਨੇ ਦਰਬਾਰ ਦੇ ਚੁਬੱਚੇ ਵਿਚ ਪੈਰ ਧੋਤੇ ਤੇ ਫਾਹੁੜੀਆਂ ਭਵਾਂ ਕੇ ਪਰ੍ਹਾਂ ਮਾਰੀਆਂ ...।'

ਬਾਬੇ ਦਾ ਚਿਹਰਾ ਖੁਸ਼ੀ ਨਾਲ ਲਾਲ ਹੋ ਗਿਆ। ਉਹ ਭੁੜਕ ਕੇ ਉੱਠਿਆ, ਚਮਤਕਾਰ! ਚਮਤਕਾਰ! ਸਵਾਦ ਆ ਗਿਆ। ਮੈਨੂੰ ਵਿਖਾ ਕਿੱਥੇ ਆ ਉਹ? ਹੁਣ ਚੱਲੂ ਆਪਣਾ ਡੇਰਾ। ਇਸ ਗੱਲ ਦਾ ਸੰਗਤ ਵਿਚ ਵੱਧ ਤੋਂ ਵੱਧ ਪ੍ਰਚਾਰ ਕਰੋ।'

ਜਦੋਂ ਦੋਵੇਂ ਭੱਜ ਕੇ ਚੁਬੱਚੇ ਲਾਗੇ ਪਹੁੰਚੇ ਤਾਂ ਉਹ ਵਿਅਕਤੀ ਧੌਣ ਪਰਨੇ ਚੌਫਾਲ ਡਿੱਗਾ ਪਿਆ ਸੀ। ਲੋਕ ਉਸ ਵਿਅਕਤੀ ਦੇ ਮੂੰਹ ਵਿਚ ਪਾਣੀ ਪਾ ਰਹੇ ਸਨ। ਬਾਬੇ ਨੇ ਕਸ ਕੇ ਇੱਕ ਕਰਾਰੀ ਚੁਪੇੜ ਚੇਲੇ ਦੇ ਮਾਰੀ, ਕਿਉਂਕਿ ਉਸ ਨੇ ਸਮਝਿਆ ਸੀ ਸ਼ਾਇਦ ਲੰਗੜਾ ਵਿਅਕਤੀ ਡੇਰੇ ਦੇ ਚਮਤਕਾਰੀ ਪਾਣੀ ਤੋਂ ਪੈਰ ਧੋ ਕੇ ਠੀਕ ਹੋ ਗਿਆ ਹੈ।

ਇਸ ਅੰਧਵਿਸ਼ਵਾਸ ਤੋਂ ਅਨੇਕਾਂ ਠੱਗ ਕਰੋੜਾਂ ਦਾ ਫਾਇਦਾ ਉਠਾ ਰਹੇ ਹਨ। ਇਸ ਤੋਂ ਲੱਖਾਂ ਲੋਕਾਂ ਦਾ ਰੋਜ਼ਗਾਰ ਚੱਲ ਰਿਹਾ ਹੈ। ਤਾਂਤਰਿਕਾਂ ਦੇ ਇਸ਼ਤਿਹਾਰ ਲਾ ਕੇ ਕਈ ਅਖਬਾਰਾਂ ਅਤੇ ਮੈਗਜ਼ੀਨ ਲੱਖਾਂ ਰੁਪਏ ਕਮਾ ਰਹੇ ਹਨ। ਨਗ ਵੇਚਣ ਵਾਲੇ, ਜੋਤਸ਼ੀ, ਤਾਂਤਰਿਕ, ਸ਼ਨੀ ਦੇ ਨਾਂ ਤੇ ਤੇਲ ਮੰਗਣ ਵਾਲੇ, ਕਿਸਮਤ ਬਦਲਾਊ ਯੰਤਰ ਵੇਚਣ ਵਾਲੇ, ਅਨੇਕਾਂ ਲੋਕ ਹਨ ਜੋ ਅੰਧਵਿਸ਼ਵਾਸ ਤੋਂ ਆਪਣਾ ਰੋਜ਼ਗਾਰ ਚਲਾ ਰਹੇ ਹਨ। ਜਿੰਨਾ ਚਿਰ ਲੋਕਾਂ ਦੇ ਦਿਮਾਗ ਵਿਚ ਗਿਆਨ ਦਾ ਦੀਵਾ ਨਹੀਂ ਬਲਦਾ, ਇਹ ਅੰਧਵਿਸ਼ਵਾਸ ਖਤਮ ਨਹੀਂ ਹੋ ਸਕਦਾ।

## ਖ਼ੁਸ਼ਹਾਲ ਪੰਜਾਬ ਪੰਜਾਬੀਆਂ ਦੀ ਉਮੰਗ

ਨੂੰ ਅਸੀਂ ਰਾਜਨੀਤੀ ਤੋਂ ਕੋਰਾ, ਅਨਾੜੀ ਅਤੇ ਬੇਸਮਝ ਨੇਤਾ ਸਮਝਦੇ ਹਾਂ। ਦਰਅਸਲ ਅਸੀਂ ਖ਼ੁਦ ਮੂਰਖਤਾ ਦੀ ਹੱਦ ਤੱਕ ਅਨਾੜੀ ਅਤੇ ਨਾਸਮਝ ਹਾਂ।

ਪੰਜਾਬ ਦੀ ਨਬਜ਼ ਕਹਿੰਦੀ ਹੈ ਕਿ ਪੰਜਾਬ ਨੂੰ ਸਮਝਿਆ ਜਾਵੇ। ਪੰਜਾਬ ਵੰਨ-ਸੁਵੰਨਤਾ ਅਤੇ ਸਾਂਝੀਵਾਲਤਾ ਦਾ ਧੁਰਾ ਹੈ ਅਤੇ ਨੇਕ ਲੋਕਾਂ ਦਾ ਹਰਮਨ ਪਿਆਰਾ ਖੇਤਰ ਹੈ। ਸਿੱਖ, ਹਿੰਦੂ, ਮੁਸਲਿਮ, ਬੋਧੀ, ਜੈਨੀ, ਇਸਾਈ, ਬਹੁ ਜਾਤਾਂ, ਗੋਤਾਂ, ਵਰਣਾਂ ਦੇ ਲੋਕ ਇਸਦਾ ਅਨਿੱਖੜ ਅੰਗ ਹਨ। ਗ਼ਰੀਬ, ਮੱਧ ਵਰਗੀ ਅਤੇ ਅਮੀਰ, ਕਿਰਤੀ, ਕਾਰੀਗਰ, ਕਿਸਾਨ, ਸਨਅਤੀ ਅਤੇ ਵਿਉਪਾਰੀ ਇੱਥੋਂ ਦੀ ਸ਼ਾਨ ਹਨ। ਸਭ ਦੀ ਬਿਹਤਰੀ, ਬੱਚਿਆਂ ਲਈ ਸਵੱਛਤਾ, ਦਿਲਖ਼ੁਸ਼ ਵਾਤਾਵਰਣ, ਵਿੱਦਿਆ ਤੇ ਆਸ਼ਿਆਂ ਦੀ ਪੂਰਤੀ ਲੋਕ ਅਭਿਲਾਸ਼ਾ ਹੈ। ਮਿੱਟੀ, ਪਾਣੀ ਤੇ ਰੁੱਖਾਂ ਦੀ ਸੰਭਾਲ, ਬਜ਼ੁਰਗਾਂ ਦਾ ਖ਼ਿਆਲ ਤੇ ਦੁੱਖਾਂ ਦਾ ਇਲਾਜ ਸਭ ਚਾਹੁੰਦੇ ਹਨ। ਲੜਕੀਆਂ ਅਤੇ ਔਰਤਾਂ ਦੀ ਸੁਰੱਖਿਆ, ਕੁਸ਼ਲ ਮੰਗਲ਼ ਵਾਤਾਵਰਣ, ਸਰਲ ਸੰਚਾਰ, ਸੁਖੈਨ ਅਤੇ ਨਿਸਚਿੰਤ ਆਵਾਜਾਈ ਦੀ ਸਖ਼ਤ ਜ਼ਰੂਰਤ ਹੈ। ਖ਼ੁਸ਼ਹਾਲ ਪੰਜਾਬ ਪੰਜਾਬੀਆਂ ਦੀ ਉਮੰਗ ਹੈ।

## 'ਜੰਗਬਾਜ਼' ਮੋਦੀ-ਮੀਡੀਆ ਦਾ ਫਿਰਕੂ 'ਤਾਂਡਵ'

ਮੀਡੀਆ ਦੇ ਇਕ ਹਿੱਸੇ ਨੇ ਵੀ ਆਪਣਾ ਯੋਗਦਾਨ ਪਾਇਆ ਪਰ ਇਹ ਬਹੁਤ ਥੋੜ੍ਹੀ ਗਿਣਤੀ ਵਿਚ ਵੇਖਣ ਨੂੰ ਮਿਲਿਆ। ਪਾਕਿਸਤਾਨ ਸਰਕਾਰ ਵੀ ਇਸ ਦੀ ਪਿੱਠ ਉਤੇ ਖੜ੍ਹੀ ਦਿਖਾਈ ਨਹੀਂ ਦਿੱਤੀ।

ਵਿਸ਼ਵ ਦੇ ਦੇਸ਼ਾਂ ਦੇ ਵੱਡੇ ਮੀਡੀਆ ਅਦਾਰਿਆਂ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਇਸ ਤਣਾਅ ਦੇ ਮਾਹੌਲ ਵਿਚ ਆਏ ਨਪੇ-ਤੁਲੇ ਸੰਤੁਲਿਤ ਬਿਆਨਾਂ ਦੀ ਤਾਰੀਫ ਕੀਤੀ ਹੈ। ਪਾਕਿਸਤਾਨ ਸਰਕਾਰ ਤਰਫੋਂ ਭਾਰਤੀ ਫੌਜ ਦੇ ਹਵਾਈ ਹਮਲੇ ਤੋਂ ਬਾਅਦ ਫੜੇ ਏਅਰ ਵਿੰਗ ਦੇ ਕਮਾਂਡੈਂਟ ਪਾਇਲਟ ਅਭਿਨੰਦਨ ਦੀ ਤੁਰੰਤ ਰਿਹਾਈ ਕਰ ਕੇ ਵੀ ਸਦਭਾਵਨਾ ਦਾ ਸਬੂਤ ਦਿੱਤਾ ਗਿਆ ਪਰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਤੋਂ ਬਾਅਦ ਵੀ "ਘੁਸ ਕੇ ਮਾਰੇਂਗੇ" ਵਰਗੇ ਭੜਕਾਊ ਬਿਆਨ ਦੇ ਰਹੇ ਹਨ। ਇਮਰਾਨ ਖਾਨ ਨੇ ਇਹ ਚੇਤਾਵਨੀ ਵੀ ਦਿੱਤੀ ਹੈ ਕਿ ਜੇਕਰ ਇਕ ਵਾਰ ਜੰਗ ਛਿੜ ਪਈ ਤਾਂ ਫਿਰ ਇਹ ਰੋਕਣੀ ਉਸ ਦੇ ਵੀ ਹੱਥ-ਵਸ ਵਿਚ ਨਹੀਂ ਹੋਵੇਗੀ ਪਰ ਭਾਰਤ ਵਾਲੇ ਪਾਸਿਓਂ ਫਿਰ ਵੀ ਹਰ ਰੋਜ਼ ਜੰਗ ਤੇ ਮਰਨ-ਮਾਰਨ ਦੀਆਂ ਡੀਂਗਾਂ ਮਾਰੀਆਂ ਜਾ ਰਹੀਆਂ ਹਨ। ਸਿਆਸੀ ਮਾਹਿਰ ਇਸ ਨੂੰ ਭਾਰਤ ਵਿਚ ਅਗਲੇ ਮਹੀਨਿਆਂ ਦੌਰਾਨ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਨਾਲ ਜੋੜ ਕੇ ਦੇਖ ਰਹੇ ਹਨ।

### ਵਿਦੇਸ਼ੀ ਮੀਡੀਆ ਨੇ ਖੋਲ੍ਹਿਆ ਭੇਦ-

ਸਰਜੀਕਲ ਸਟਰਾਈਕ ਤੋਂ ਬਾਅਦ ਭਾਰਤ ਦੇ ਵਿਕਾਊ ਮੀਡੀਆ ਨੂੰ ਸ਼ਾਇਦ ਸੁਫ਼ਨਾ ਆ ਗਿਆ ਕਿ ਹਮਲੇ ਵਿੱਚ 350 ਅੱਤਵਾਦੀ ਮਾਰ ਦਿੱਤੇ ਗਏ ਹਨ, ਜਦੋਂ ਕਿ ਨਾ ਵਿਦੇਸ਼ ਵਿਭਾਗ ਦੇ ਅਧਿਕਾਰੀ ਤੇ ਨਾ ਹੀ ਸੈਨਾ ਅਧਿਕਾਰੀਆਂ ਵੱਲੋਂ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਅਜਿਹਾ ਕੋਈ ਅੰਕੜਾ ਜਾਰੀ ਕੀਤਾ ਗਿਆ। ਵਿਦੇਸ਼ੀ ਮੀਡੀਆ ਨੇ ਘਟਨਾ ਵਾਲੀ ਥਾਂ ਦਾ ਦੌਰਾ ਕਰਨ ਤੋਂ ਬਾਅਦ ਜਿਹੜੀਆਂ ਰਿਪੋਰਟਾਂ ਪ੍ਰਕਾਸ਼ਤ ਕੀਤੀਆਂ ਹਨ, ਉਹ ਭਾਰਤੀ ਮੀਡੀਆ ਦੇ ਦਾਅਵਿਆਂ ਦੀ ਖਿੱਲੀ ਹੀ ਉਡਾਉਂਦੀਆਂ ਹਨ। ਕਤਰ ਦੇ ਨਿਊਜ਼ ਚੈਨਲ 'ਅਲ ਜਜ਼ੀਰਾ' ਨੇ ਦੱਸਿਆ ਕਿ ਹਮਲੇ ਵਾਲੀ ਥਾਂ ਉੱਤੇ ਜਾਣ ਤੋਂ ਬਾਅਦ ਦੇਖਿਆ ਗਿਆ ਹੈ ਕਿ ਪਾਕਿ ਦੇ ਜਾਬਾ ਸ਼ਹਿਰ ਦੇ ਬਾਹਰ ਜੰਗਲ ਵਿੱਚ 4 ਬੰਬ ਡਿੱਗੇ ਸਨ। ਉੱਥੇ ਇਨ੍ਹਾਂ ਬੰਬਾਂ ਨਾਲ ਪਏ ਟੋਏ, ਟੁੱਟੇ ਦਰੱਖਤ ਤੇ ਖਿਲਰੇ ਪਏ ਪੱਥਰ ਸਨ। ਕਿਸੇ ਮਲਬੇ ਜਾਂ ਜਾਨ-ਮਾਲ ਦੇ ਨੁਕਸਾਨ ਦਾ ਕੋਈ ਸਬੂਤ ਨਹੀਂ ਸੀ। ਨੇੜਲੇ ਹਸਪਤਾਲ ਦੇ ਅਧਿਕਾਰੀਆਂ ਮੁਤਾਬਕ ਉਨ੍ਹਾਂ ਕੋਲ ਕੋਈ ਲਾਸ਼ ਜਾਂ ਜ਼ਖ਼ਮੀ ਨਹੀਂ ਆਇਆ ਸੀ। ਇਸ ਤਰ੍ਹਾਂ ਦੀ ਹੀ ਰਿਪੋਰਟ ਬੀਬੀਸੀ ਤੇ ਬਰਤਾਨੀਆ ਦੀ ਨਿਊਜ਼ ਏਜੰਸੀ ਰਾਇਟਰਜ਼ ਨੇ ਜਾਬਾ ਦੇ ਦੌਰੇ ਤੋਂ ਬਾਅਦ ਪੇਸ਼ ਕੀਤੀ। ਰਾਇਟਰਜ਼ ਨੇ 15 ਸਥਾਨਕ ਲੋਕਾਂ ਦੇ ਹਵਾਲੇ ਨਾਲ ਕਿਹਾ ਕਿ ਕਿਸੇ ਵਿਅਕਤੀ ਦੇ ਵੀ ਮਾਰੇ ਜਾਣ ਦੀ ਕੋਈ ਖ਼ਬਰ ਨਹੀਂ ਹੈ। ਇਸ ਦੌਰਾਨ ਏਜੰਸੀ ਨੂੰ ਕੁਝ ਲੋਕਾਂ ਨੇ ਦੱਸਿਆ ਕਿ ਇੱਥੋਂ ਲੱਗਭੱਗ ਇੱਕ ਕਿਲੋਮੀਟਰ ਦੂਰ ਇੱਕ ਮਦਰੱਸਾ ਹੈ, ਜਿੱਥੇ ਜੈਸ਼-ਏ-ਮੁਹੰਮਦ ਦੀ ਮੌਜੂਦਗੀ ਹੈ। ਰਿਪੋਰਟ ਅਨੁਸਾਰ ਇਸ ਮਦਰੱਸੇ ਦੇ ਢਾਂਚੇ ਨੂੰ ਵੀ ਕੋਈ ਨੁਕਸਾਨ ਨਹੀਂ ਹੋਇਆ।

### ਨਫ਼ਰਤ ਫੈਲਾਉਣ ਦਾ ਖਤਰਨਾਕ ਖੇਲ ਜਾਰੀ-

ਕੇਂਦਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਦੇ ਸੱਤਾ ਵਿੱਚ ਆਉਣ ਦੇ ਤੁਰੰਤ ਬਾਅਦ ਹੀ ਭਾਰਤੀ ਮੀਡੀਏ ਦਾ ਵੱਡਾ ਹਿੱਸਾ ਅੰਧ-ਰਾਸ਼ਟਰਵਾਦੀ, ਹਿੰਦੂਤਵੀ ਤੇ ਫ਼ਿਰਕੂ ਪਾੜਾ ਪਾਉਣ ਵਾਲੀ ਇੱਕ ਫਾਸ਼ੀ ਵਿਚਾਰਧਾਰਾ ਨੂੰ ਪ੍ਰਚਾਰਨ ਦਾ ਸਾਧਨ ਬਣ ਗਿਆ ਸੀ। ਇਸ ਤਰ੍ਹਾਂ ਜਾਪਣ ਲੱਗ ਪਿਆ ਸੀ ਕਿ ਨਿਊਜ਼ ਚੈਨਲਾਂ, ਹਿੰਦੀ ਅਖ਼ਬਾਰਾਂ, ਆਰਐੱਸਐੱਸ, ਭਾਜਪਾ ਤੇ ਨਰਿੰਦਰ ਮੋਦੀ ਦਾ ਇੱਕ ਗੱਠਜੋੜ ਬਣ ਚੁੱਕਾ ਹੈ। ਪੱਤਰਕਾਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਲੋਕਾਂ ਦੇ ਮਸਲਿਆਂ ਪ੍ਰਤੀ ਸੱਤਾਧਾਰੀ ਆਗੂਆਂ ਨੂੰ ਸਵਾਲ ਕਰਨ, ਪਰ ਇਸ ਸਮੇਂ ਦੌਰਾਨ ਇਹ ਐਂਕਰ ਉਲਟਾ ਸੱਤਾਧਾਰੀਆਂ ਨੂੰ ਸਵਾਲ ਕਰਨ ਵਾਲਿਆਂ ਨੂੰ ਸਿਰਫ਼ ਸਵਾਲ ਹੀ ਨਹੀਂ ਕਰ ਰਹੇ, ਸਗੋਂ ਉਨ੍ਹਾਂ ਦੀ ਲਾਹ-ਪਾਹ ਕਰਨ ਤੱਕ ਵੀ ਚਲੇ ਜਾਂਦੇ ਰਹੇ ਹਨ।

ਕਹਿਣ ਨੂੰ ਬੇਸ਼ੱਕ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰਕੇ ਭਗਵਾਂ ਮੀਡੀਆ ਤੇ ਸਿਆਸੀ ਗਿੱਧ ਇਹ ਕਹੀ ਜਾਣ ਕਿ ਪਾਕਿਸਤਾਨ ਹਿੰਦੁਸਤਾਨ ਦੇ ਦਬਾਅ ਅੱਗੇ ਝੁਕ ਗਿਆ ਹੈ, ਡਰ ਗਿਆ ਹੈ, ਘਬਰਾ ਗਿਆ ਹੈ ਜਿਸ ਕਰਕੇ ਉਸ ਨੇ ਗ੍ਰਿਫਤਾਰ ਕੀਤੇ ਪਾਇਲਟ ਨੂੰ ਸਹੀ ਸਲਾਮਤ ਵਾਪਸ ਕਰ ਦਿੱਤਾ ਹੈ ਪਰ ਹਕੀਕਤ ਇਹ ਵੀ ਹੈ ਕਿ ਹਿੰਦੁਸਤਾਨ ਅਜੇ ਤੱਕ ਨਾ ਹੀ ਸੰਨ 1971 ਦੀ ਜੰਗ ਦੇ ਬਹੁਤ ਸਾਰੇ ਫੌਜੀਆਂ ਨੂੰ ਪਾਕਿਸਤਾਨ ਤੋਂ ਰਿਹਾਅ ਕਰਵਾ ਸਕਿਆ ਹੈ ਤੇ ਨਾ ਹੀ ਪੂਰਾ ਜ਼ੋਰ ਲਾਉਣ ਦੇ ਬਾਵਜੂਦ ਸਰਬਜੀਤ ਸਿੰਘ ਨੂੰ ਜ਼ਿੰਦਾ ਵਾਪਸ ਲਿਆ ਸਕਿਆ ਸੀ।

ਫਿਰਕੂ ਦੰਗੇ ਵੀ ਕਰਵਾ ਸਕਦੇ ਹਨ ਭਗਵੇਂਵਾਦੀ-

ਜਨਵਰੀ, 2019 ਵਿਚ ਹੀ ਅਮਰੀਕੀ ਖ਼ੁਫ਼ੀਆ ਏਜੰਸੀ ਨੇ ਅਮਰੀਕੀ ਸੰਸਦ ਨੂੰ ਭਾਰਤ ਵਿਚ ਫ਼ਿਰਕੂਵਾਦ ਕਰ ਕੇ ਚੋਣਾਂ ਤੋਂ ਪਹਿਲਾਂ ਫ਼ਿਰਕੂ ਹਾਦਸੇ-ਦੰਗੇ ਹੋਣ ਦੀ ਰੀਪੋਰਟ ਦਿੱਤੀ ਸੀ ਅਤੇ ਇਹ ਵੀ ਸੱਚ ਹੈ ਕਿ ਦੰਗੇ ਕਰਵਾਉਣ ਵਾਲੇ ਇਨ੍ਹਾਂ ਫ਼ਿਰਕੂ ਸੰਗਠਨਾਂ ਦੀ ਮਦਦ ਸੁਚੇਤ ਤੇ ਅਚੇਤ ਵਿਚ ਭਾਰਤ ਦਾ ਮੀਡੀਆ ਵੀ ਕਰ ਰਿਹਾ ਹੈ। ਕਿੰਨੇ ਕੁ ਮੀਡੀਆ ਹਾਊਸ ਹਨ ਜਿਨ੍ਹਾਂ ਨੇ ਸਰਹੱਦ ਉਤੇ ਵਸਦੇ ਲੋਕਾਂ ਦੀਆਂ ਚਿੰਤਾਵਾਂ ਉਤੇ ਵਿਚਾਰ ਕੀਤਾ ਹੈ, ਪੰਜਾਬ ਅਤੇ ਜੰਮੂ-ਕਸ਼ਮੀਰ ਉਤੇ ਇਸ ਦੇ ਅਸਰ ਦਾ ਫ਼ਿਕਰ ਕੀਤਾ ਹੈ, ਕਿੰਨਿਆਂ ਨੇ ਕਸ਼ਮੀਰੀ ਬੱਚਿਆਂ ਨਾਲ ਕੀਤੇ ਵਿਤਕਰੇ ਨੂੰ ਦੇਸ਼ ਧ੍ਰੋਹ ਕਰਾਰ ਦਿਤਾ ਹੈ?

### ਸ਼ੋਸ਼ਲ ਮੀਡੀਆ ਦੀ ਉਸਾਰੂ ਭੂਮਿਕਾ-

ਕੁਝ ਐਂਕਰ ਸਟੂਡੀਓ ਵਿਚ, ਰੋਹ ਵਿਚ ਬੈਠ ਕੇ ਤਰ੍ਹਾਂ-ਤਰ੍ਹਾਂ ਦੇ ਸੈੱਟ ਲਗਾ ਕੇ, ਫ਼ੌਜੀ ਪਹਿਰਾਵੇ ਪਾ ਕੇ ਲਗਾਤਾਰ ਜੰਗ ਦਾ ਰਾਗ ਅਲਾਪ ਰਹੇ ਹਨ ਤਾਂ ਸੋਸ਼ਲ ਮੀਡੀਆ ਅਮਨ ਸ਼ਾਂਤੀ ਦੇ ਹੱਕ ਵਿਚ ਭੁਗਤ ਰਿਹਾ ਹੈ। ਸੋਸ਼ਲ ਮੀਡੀਆ 'ਤੇ ਨਿਹਾਇਤ ਸਖ਼ਤ ਸ਼ਬਦਾਂ ਵਿਚ ਅਜਿਹੇ ਚੈਨਲਾਂ ਦੀ ਭੰਡੀ ਕੀਤੀ ਜਾ ਰਹੀ ਹੈ। ਸੋਸ਼ਲ ਮੀਡੀਆ 'ਤੇ ਵਾਰ-ਵਾਰ ਦੁਹਰਾਇਆ ਜਾ ਰਿਹਾ ਹੈ ਕਿ ਜੰਗ ਲਈ ਉਕਸਾਉਣ ਵਾਲੇ ਇਨ੍ਹਾਂ ਐਂਕਰਾਂ ਨੂੰ ਸਰਹੱਦ 'ਤੇ ਭੇਜਣਾ ਚਾਹੀਦਾ ਹੈ। ਕੁਝ ਚੈਨਲਾਂ, ਕੁਝ ਐਂਕਰਾਂ ਨੇ ਚੀਕ-ਚੀਕ ਕੇ ਜੰਗ ਦੀ ਨਾਅਰੇਬਾਜ਼ੀ ਕਰਕੇ ਮੀਡੀਆ ਨੂੰ ਤਮਾਸ਼ਾ ਬਣਾ ਦਿੱਤਾ ਹੈ। ਤਾਜ਼ੀ ਖ਼ਬਰ (ਬ੍ਰੇਕਿੰਗ ਨਿਊਜ਼) ਦੀਆਂ ਡਰਾਉਣੀਆਂ ਸੁਰਖੀਆਂ ਰਾਹੀਂ ਇਹ ਦਰਸ਼ਕਾਂ ਅੰਦਰ ਭੈਅ ਪੈਦਾ ਕਰਕੇ ਤਣਾਅ ਦਾ ਮਾਹੌਲ ਬਣਾਉਂਦੇ ਆ ਰਹੇ ਹਨ।

### ਨਰਿੰਦਰ ਮੋਦੀ ਬਨਾਮ ਗੋਦੀ ਮੀਡੀਆ

ਪਰ ਕਿਸੇ ਵੀ ਨਿਊਜ਼ ਚੈਨਲ ਨੇ ਸਰਕਾਰੀ ਅਧਿਕਾਰੀਆਂ ਤੋਂ ਇਸ ਸਬੰਧੀ ਕੋਈ ਸਵਾਲ ਹੀ ਨਹੀਂ ਪੁੱਛਿਆ।

26 ਫ਼ਰਵਰੀ ਨੂੰ ਭਾਰਤੀ ਹਵਾਈ ਫ਼ੌਜ ਵੱਲੋਂ ਬਾਲਾਕੋਟ ਵਿੱਚ ਕੀਤੀ ਸਰਜੀਕਲ ਸਟਰਾਈਕ ਬਾਅਦ ਇਹ ਨਿਊਜ਼ ਚੈਨਲ ਹੋਰ ਵੀ ਭੜਕਾਹਟਾਂ ਪੈਦਾ ਕਰਨ ਲੱਗ ਪਏ। ਜਦੋਂ ਦੁਨੀਆ ਭਰ ਦੇ ਅਮਨ ਪਸੰਦ ਲੋਕ ਇਹ ਚਰਚਾ ਕਰ ਰਹੇ ਸਨ ਕਿ ਭਾਰਤ-ਪਾਕਿ ਵਿੱਚ ਯੁੱਧ ਨਹੀਂ ਹੋਣਾ ਚਾਹੀਦਾ, ਤਦ ਭਾਰਤੀ ਨਿਊਜ਼ ਚੈਨਲ ਇਹ ਚਰਚਾ ਕਰ ਰਹੇ ਸਨ ਕਿ ਯੁੱਧ ਹੋਣਾ ਚਾਹੀਦਾ ਹੈ। ਨਿਊਜ਼ ਚੈਨਲਾਂ ਵਿੱਚ ਵਾਰ ਰੂਮ ਬਣਾ ਦਿੱਤੇ ਗਏ ਸਨ, ਵੱਡੀਆਂ-ਵੱਡੀਆਂ ਮੁੱਛਾਂ ਵਾਲੇ ਅਖੌਤੀ ਫ਼ੌਜੀ ਮਾਹਿਰ ਅੱਗ ਉਗਲ ਰਹੇ ਸਨ। ਵਿਕਾਊ ਐਂਕਰ 'ਘੁਸ ਕੇ ਮਾਰੋ, ਚੜ੍ਹ ਕੇ ਮਾਰੋ', ਇਸ ਤਰ੍ਹਾਂ ਕਹਿ ਰਹੇ ਸਨ, ਜਿਵੇਂ ਉਹ ਸਰਹੱਦ ਉਤੇ ਖੜੇ ਹੋਣ। ਚਾਹੀਦਾ ਤਾਂ ਇਹ ਸੀ ਕਿ ਮੀਡੀਆ ਲੋਕਾਂ ਨੂੰ ਜੰਗਾਂ ਦੇ ਨਤੀਜਿਆਂ ਬਾਰੇ ਜਾਗਰੂਕ ਕਰਦਾ, ਉਹ ਦੱਸਦਾ ਕਿ ਯੁੱਧ ਦੌਰਾਨ ਹਜ਼ਾਰਾਂ ਮਨੁੱਖੀ ਜਾਨਾਂ ਜਾਂਦੀਆਂ ਹਨ, ਪਰਿਵਾਰ ਤਬਾਹ ਹੁੰਦੇ ਹਨ ਤੇ ਬੱਚੇ ਅਨਾਥ ਹੋ ਜਾਂਦੇ ਹਨ, ਪਰ ਸ਼ਾਇਦ ਉਸ ਨੇ ਤਾਂ ਉਹੀ ਮੁਹਾਰਨੀ ਪੜ੍ਹਨੀ ਸੀ, ਜੋ ਸਿਆਸੀ ਤੌਰ ਉੱਤੇ ਸੱਤਾਧਾਰੀਆਂ ਨੂੰ ਫਾਇਦਾ ਪੁਚਾ ਸਕੇ। ਇਸੇ ਕਰਕੇ ਭਾਰਤ ਦੇ ਬਹੁਗਿਣਤੀ ਮੀਡੀਆ ਲਈ ਸੋਸ਼ਲ ਮੀਡੀਆ ਅਤੇ ਆਮ ਲੋਕਾਂ ਵਿਚ "ਗੋਦੀ ਮੀਡੀਆ" ਦਾ ਲਫ਼ਜ਼ ਵਰਤਿਆ ਜਾ ਰਿਹਾ ਹੈ। ਇਹ ਮੀਡੀਆ ਦੇ ਆਪਣੇ ਸਿਆਸੀ ਆਕਾਵਾਂ ਕੋਲ ਵਿਕ ਜਾਣ ਵੱਲ ਹੀ ਇਸ਼ਾਰਾ ਕਰਦਾ ਹੈ। ਕਈਆਂ ਨੇ ਤਾਂ ਭਾਰਤ ਦੇ ਜੰਗ-ਜੰਗ ਕੂਕ ਰਹੇ ਕੁਝ ਨਿਊਜ਼ ਐਂਕਰਾਂ ਦੀਆਂ ਤਸਵੀਰਾਂ ਲਗਾ ਕੇ ਉਨ੍ਹਾਂ ਨੂੰ "ਲਸ਼ਕਰ-ਏ-ਮੀਡੀਆ" ਦਾ ਨਾਮ ਦਿੱਤਾ ਹੈ।

### ਟਾਂਵਾ-ਟਾਂਵਾ ਦੀਪ ਜਗੇ...

ਦੀ ਭੂਮਿਕਾ ਨਿਭਾਉਣਾ ਚਾਹੁੰਦੇ ਹੋ ਤਾਂ ਨਿਊਜ਼ ਚੈਨਲ ਹੀ ਦੇਖਣੇ ਬੰਦ ਕਰ ਦਿਓ। ਉਨ੍ਹਾਂ ਲਿਖਿਆ ਹੈ, "ਜਦੋਂ ਪਾਕਿਸਤਾਨ ਨਾਲ ਤਣਾਅ ਨਹੀਂ ਹੁੰਦਾ ਤਾਂ ਇਹ ਮੰਦਿਰ ਨੂੰ ਲੈ ਕੇ ਤਣਾਅ ਪੈਦਾ ਕਰਦੇ ਹਨ। ਜਦੋਂ ਮੰਦਿਰ ਦਾ ਤਣਾਅ ਨਹੀਂ ਹੁੰਦਾ ਤਾਂ 'ਪਦਮਾਵਤੀ' ਫ਼ਿਲਮ ਨੂੰ ਲੈ ਕੇ ਤਣਾਅ ਪੈਦਾ ਕਰਦੇ ਹਨ।" ਉਨ੍ਹਾਂ ਅਪੀਲ ਕੀਤੀ ਕਿ ਘੱਟੋ-ਘੱਟ ਢਾਈ ਮਹੀਨੇ ਮੇਰੇ ਸਮੇਤ ਸਭ ਚੈਨਲ ਵੇਖਣੇ ਬੰਦ ਕਰ ਦਿਓ। ਨਿਊਜ਼ ਚੈਨਲਾਂ ਦਾ ਇਹੋ ਵਤੀਰਾ ਰਿਹਾ ਤਾਂ ਲੋਕਾਂ ਦਾ ਪੱਤਰਕਾਰਤਾ ਵਰਗੇ ਸਨਮਾਨਿਤ ਪੇਸ਼ੇ ਤੋਂ ਵਿਸ਼ਵਾਸ ਉਠ ਜਾਵੇਗਾ, ਇਹ ਪੱਤਰਕਾਰਤਾ ਦੀ ਮੌਤ ਹੋਵੇਗੀ।

## ਤਖ਼ਤ ਸ੍ਰੀ ਪਟਨਾ ਸਾਹਿਬ ਦੇ ਐਕਟਿੰਗ ਜਥੇਦਾਰ ਬਣੇ ਗਿ. ਰਾਜਿੰਦਰ ਸਿੰਘ

ਲਖਬੀਰ ਸਿੰਘ, ਤਰਲੋਚਨ ਸਿੰਘ, ਹਰਬੰਸ ਸਿੰਘ ਖਨੂਜਾ ਤੇ ਜਗਜੋਤ ਸਿੰਘ ਸੋਹੀ ਸਮੇਤ ਕੁੱਲ 15 ਮੈਂਬਰੀ ਕਮੇਟੀ ਵਿੱਚੋਂ 10 ਮੈਂਬਰ ਹਾਜ਼ਰ ਸਨ।ਦੱਸਿਆ ਗਿਆ ਹੈ ਕਿ ਗਿਆਨੀ ਇਕਬਾਲ ਸਿੰਘ ਉਪਰ ਲੱਗੇ ਦੋਸ਼ਾਂ ਦੀ ਜਾਂਚ ਕਰ ਰਹੀ ਜਾਂਚ ਕਮੇਟੀ ਦੀ ਪਹਿਲੀ ਰਿਪੋਰਟ ਦੇ ਆਧਾਰ 'ਤੇ ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਤੇ ਮੈਂਬਰ ਸਾਹਿਬਾਨ ਨੂੰ ਇੱਕ ਪੱਤਰ ਵਿੱਚ ਲਿਖ ਦਿੱਤਾ ਸੀ ਕਿ ਗਿਆਨੀ ਇਕਬਾਲ ਸਿੰਘ ਵਲੋਂ 3 ਮਾਰਚ 2019 ਨੂੰ ਦਿੱਤਾ ਅਸਤੀਫਾ ਪ੍ਰਵਾਨ ਕਰ ਲਿਆ ਜਾਏ ।ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਉਤੇ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਅਵਤਾਰ ਸਿੰਘ ਨੇ ਅਸਤੀਫਾ ਪ੍ਰਵਾਨ ਕਰਦਿਆਂ ਇਸ ਦੀ ਜਾਣਕਾਰੀ ਬੋਰਡ ਦੀ ਇਕੱਤਰਤਾ ਵਿਚ ਦਿੱਤੀ ਜਿਸ ਨੂੰ ਹਾਜ਼ਰ ਮੈਂਬਰਾਂ ਨੇ ਪ੍ਰਵਾਨਗੀ ਦੇ ਦਿੱਤੀ। ਇਕੱਤਰਤਾ ਨੇ ਗਿਆਨੀ ਇਕਬਾਲ ਸਿੰਘ ਦਾ ਜਾਨਸ਼ੀਨ ਲੱਭਣ ਲਈ ਕੋਈ ਕਾਹਲੀ ਨਹੀਂ ਵਿਖਾਈ ਬਲਕਿ ਤਖ਼ਤ ਸਾਹਿਬ ਵਿਖੇ ਮੁਖ ਗ੍ਰੰਥੀ ਦੀ ਸੇਵਾ ਨਿਭਾਅ ਰਹੇ ਭਾਈ ਰਜਿੰਦਰ ਸਿੰਘ ਨੂੰ ਅਗਲੇ ਹੁਕਮਾਂ ਤੀਕ ਅੰਦਰੂਨੀ ਸੇਵਾ ਸੰਭਾਲ ਦੀ ਜਿੰਮੇਵਾਰੀ ਸੌਂਪ ਦਿੱਤੀ ਹੈ।

ਪ੍ਰਬੰਧਕ ਕਮੇਟੀ ਦੇ ਫੈਸਲੇ ਬਾਰੇ ਜਾਰੀ ਬਿਆਨ ਵਿੱਚ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਪਸ਼ਟ ਕੀਤਾ ਹੈ ਕਿ ਗਿਆਨੀ ਇਕਬਾਲ ਸਿੰਘ ਖਿਲਾਫ ਲੱਗੇ ਦੋਸ਼ਾਂ ਦੀ ਜਾਂਚ ਜਾਰੀ ਰਹੇਗੀ। ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਲੋਂ ਜਾਰੀ ਪ੍ਰੈਸ ਰਿਲੀਜ਼ ਵਿਚ ਗਿਆਨੀ ਹਰਪ੍ਰੀਤ ਸਿੰਘ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ 'ਗਿਆਨੀ ਇਕਬਾਲ ਸਿੰਘ ਦੇ ਉੱਪਰ ਲੱਗੇ ਦੋਸ਼ਾਂ ਦੀ ਪੜਤਾਲ ਕਰਨ ਲਈ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ।ਇਸ ਪੜਤਾਲੀਆ ਕਮੇਟੀ ਵੱਲੋਂ ਕੀਤੀ ਗਈ ਸਿਫਾਰਸ਼ ਨੂੰ ਪ੍ਰਵਾਨ ਕਰਦਿਆਂ ਉਹਨਾਂ ਵੱਲੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪ੍ਰਬੰਧਕੀ ਬੋਰਡ ਨੂੰ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਦਾ ਅਸਤੀਫਾ ਪ੍ਰਵਾਨ ਕਰਨ ਦਾ ਆਦੇਸ਼ ਕੀਤਾ ਸੀ ਜਿਸ ਦੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪ੍ਰਬੰਧਕੀ ਬੋਰਡ ਨੇ ਪਾਲਣਾ ਕੀਤੀ ਹੈ।ਗਿਆਨੀ ਇਕਬਾਲ ਸਿੰਘ ਉੱਪਰ ਲੱਗੇ ਦੋਸ਼ਾਂ ਦੀ ਜਾਂਚ ਕਰ ਰਹੀ ਸੱਤ ਮੈਂਬਰੀ ਪੜਤਾਲੀਆ ਕਮੇਟੀ ਨੂੰ ਮੁੜ ਦੋਸ਼ਾਂ ਦੀ ਗੰਭੀਰਤਾ ਨਾਲ ਜਾਂਚ ਕਰਕੇ ਜਲਦੀ ਰਿਪੋਰਟ ਦੇਣ ਲਈ ਕਿਹਾ ਹੈ। ਪੜਤਾਲੀਆ ਕਮੇਟੀ ਵਿਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪ੍ਰਬੰਧਕੀ ਬੋਰਡ ਦੇ ਇੱਕ ਜਾਂ ਦੋ ਮੈਂਬਰ ਵੀ ਸ਼ਾਮਲ ਕੀਤੇ ਜਾਣਗੇ।ਜੇਕਰ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਉੱਪਰ ਲੱਗੇ ਦੋਸ਼ ਸਹੀ ਪਾਏ ਗਏ ਤਾਂ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਪ੍ਰਬੰਧਕੀ ਬੋਰਡ ਦੀ ਇਕੱਤਰਤਾ ਵਿੱਚ ਬੋਰਡ ਦੇ ਜਨਰਲ ਸਕੱਤਰ ਮਹਿੰਦਰ ਸਿੰਘ ਢਿਲੋਂ ਸ਼ਾਮਿਲ ਨਹੀ ਹੋਏ। ਗਿਆਨੀ ਇਕਬਾਲ ਸਿੰਘ ਵਲੋਂ ਦਿੱਤਾ ਅਸਤੀਫਾ ਜਨਰਲ ਸਕੱਤਰ ਦੇ ਨਾਮ ਸੀ , ਜੋ ਸ. ਢਿੱਲੋਂ ਨੇ ਇਹ ਕਹਿ ਕੇ ਰੱਦ ਕਰ ਦਿੱਤਾ ਸੀ ਕਿ ਉਨ੍ਹਾਂ ਨੂੰ ਸੰਗਤਾਂ ਵਲੋਂ ਆਦੇਸ਼ ਮਿਲੇ ਹਨ।

## ਪੰਜਾਬ ਪੁਲੀਸ ਕਰ ਰਹੀ ਹੈ ਮਨੁੱਖੀ ਹੱਕਾਂ ਦਾ ਘਾਣ

ਜੋ ਪਿਛਲੇ ਹਫ਼ਤੇ ਖਤਮ ਹੋਏ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਪੇਸ਼ ਕੀਤੀ ਗਈ ਸੀ। ਆਪਣੀ 19ਵੀਂ ਸਾਲਾਨਾ ਰਿਪੋਰਟ ਮੁਤਾਬਕ ਕਮਿਸ਼ਨ ਨੂੰ 2016-17 ਦੌਰਾਨ ਮਨੁੱਖੀ ਅਧਿਕਾਰਾਂ ਦੇ ਉਲੰਘਣ ਦੀਆਂ 10820 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਜਿਨ੍ਹਾਂ 'ਚੋਂ 55 ਫ਼ੀਸਦ ਸ਼ਿਕਾਇਤਾਂ ਹਿਰਾਸਤੀ ਮੌਤਾਂ, ਤਸ਼ੱਦਦ, ਪੁਲੀਸ ਤੇ ਜੇਲ੍ਹ ਅਧਿਕਾਰੀਆਂ ਵਲੋਂ ਝੂਠੇ ਕੇਸਾਂ ਵਿਚ ਫਸਾਉਣ ਦੇ ਸੰਗੀਨ ਮਾਮਲੇ ਸ਼ਾਮਲ ਹਨ। ਵਧੀਕੀਆਂ ਨਾਲ ਸਬੰਧਤ 52 ਫੀਸਦ ਸ਼ਿਕਾਇਤਾਂ (5647) ਇਕੱਲੀਆਂ ਪੰਜਾਬ ਪੁਲੀਸ ਨਾਲ ਸਬੰਧਤ ਹਨ। ਕਮਿਸ਼ਨ ਨੂੰ 28 ਫ਼ੀਸਦ (3015) ਸ਼ਿਕਾਇਤਾਂ ਮਿਲੀਆਂ ਹਨ ਕਿ ਪੁਲੀਸ ਨੇ ਬਣਦੀ ਕਾਨੂੰਨੀ ਕਾਰਵਾਈ ਨਹੀਂ ਕੀਤੀ। ਇਨ੍ਹਾਂ ਤੋਂ ਇਲਾਵਾ ਪੁਲੀਸ ਦੀ ਧੱਕੇਸ਼ਾਹੀ ਦੀਆਂ 1282 ਸ਼ਿਕਾਇਤਾਂ ਅਤੇ ਪੁਲੀਸ ਵਲੋਂ ਝੂਠੇ ਕੇਸਾਂ ਵਿਚ ਫਸਾਉਣ ਬਾਰੇ 741 ਸ਼ਿਕਾਇਤਾਂ ਵੀ ਮਿਲੀਆਂ ਹਨ। ਜੇਲ੍ਹ ਅਧਿਕਾਰੀਆਂ ਖ਼ਿਲਾਫ਼ ਨਿਆਇਕ ਹਿਰਾਸਤ ਦੌਰਾਨ ਮੌਤਾਂ ਬਾਰੇ 226 ਸ਼ਿਕਾਇਤਾਂ ਮਿਲੀਆਂ ਸਨ। ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਇਸ ਰੁਝਾਨ ਦੀ ਵੀ ਨਿਸ਼ਾਨਦੇਹੀ ਕੀਤੀ ਹੈ ਕਿ ਜਦੋਂ ਵੀ ਉਸ ਵਲੋਂ ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਸਬੰਧੀ ਦੋਸ਼ੀ ਪੁਲੀਸ ਅਫ਼ਸਰਾਂ ਤੇ ਮੁਲਾਜ਼ਮਾਂ ਖ਼ਿਲਾਫ਼ ਵਿਭਾਗੀ ਕਾਰਵਾਈ ਦੀ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਆਮ ਦੇਖਣ ਵਿਚ ਆਇਆ ਹੈ ਕਿ ਸੀਨੀਅਰ ਪੁਲੀਸ ਅਧਿਕਾਰੀ ਆਪਣੇ ਮਾਤਹਿਤ ਅਫ਼ਸਰਾਂ ਨੂੰ ਬਚਾਉਣ ਲਈ ਹਰ ਵਾਹ ਲਾਉਂਦੇ ਹਨ। ਲਿਹਾਜ਼ਾ ਕਮਿਸ਼ਨ ਨੇ ਕੁਝ ਕੇਸਾਂ ਵਿਚ ਆਪਣੇ ਤਹਿਕੀਕਾਤ ਵਿੰਗ ਰਾਹੀਂ ਅਜ਼ਾਦਾਨਾ ਜਾਂਚ ਕਰਵਾਈ ਹੈ। ਜ਼ਿਆਦਾਤਰ ਕੇਸਾਂ ਵਿਚ ਦੇਖਣ ਨੂੰ ਮਿਲਿਆ ਕਿ ਤਹਿਕੀਕਾਤ ਵਿੰਗ ਵਲੋਂ ਕੀਤੀ ਜਾਂਚ ਅਤੇ ਪੁਲੀਸ ਅਧਿਕਾਰੀਆਂ ਦੀ ਜਾਂਚ ਵਿਚਕਾਰ ਬਹੁਤ ਜ਼ਿਆਦਾ ਅੰਤਰ ਹੁੰਦਾ ਹੈ। ਜ਼ਿਲਾਵਾਰ ਲੇਖੇ ਜੋਖੇ ਮੁਤਾਬਕ ਸਭ ਤੋਂ ਵੱਧ 1442 ਸ਼ਿਕਾਇਤਾਂ ਲੁਧਿਆਣਾ ਜ਼ਿਲੇ ਵਿਚ ਅਤੇ ਉਸ ਤੋਂ ਬਾਅਦ 1393 ਸ਼ਿਕਾਇਤਾਂ ਅੰਮ੍ਰਿਤਸਰ, ਤਰਨ ਤਾਰਨ ਵਿਚ 709 ਅਤੇ ਬਠਿੰਡਾ ਵਿਚ 674 ਸ਼ਿਕਾਇਤਾਂ ਆਈਆਂ ਸਨ। ਇਸ ਦੌਰਾਨ, ਮਨੁੱਖੀ ਅਧਿਕਾਰਾਂ ਦੀਆਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਮੁੱਚਾ ਢਾਂਚਾ ਠੱਪ ਹੋ ਕੇ ਰਹਿ ਗਿਆ ਹੈ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਇਕ ਕਾਗਜ਼ੀ ਸੰਸਥਾ ਬਣ ਕੇ ਰਹਿ ਗਈ ਹੈ। ਕਮਿਸ਼ਨ ਆਮ ਤੌਰ 'ਤੇ ਪੁਲੀਸ ਖ਼ਿਲਾਫ਼ ਸ਼ਿਕਾਇਤਾਂ 'ਤੇ ਕਾਰਵਾਈ ਲਈ ਪੁਲੀਸ ਨੂੰ ਹੀ ਵਾਪਸ ਭੇਜ ਦਿੰਦਾ ਹੈ ਅਤੇ ਪੁਲੀਸ ਅਫ਼ਸਰ ਸਾਰੇ ਨੇਮ ਛਿੱਕੇ ਟੰਗ ਕੇ ਆਪਣੇ ਸਾਥੀ ਅਫ਼ਸਰਾਂ ਨੂੰ ਬਚਾਉਂਦੇ ਹਨ।

## 32ਵੀਂ ਸਿੱਖ ਪਰੇਡ ਸਬੰਧੀ ਜ਼ਰੂਰੀ ਮੀਟਿੰਗ 10 ਮਾਰਚ ਨੂੰ

ਫਲੋਟਾਂ ਅਤੇ ਪਰੇਡ ਰੂਟ, ਲੰਗਰ, ਮੁੱਖ ਮਹਿਮਾਨ (ਸਿਟੀ ਜਾਂ ਸਟੇਟ ਫੈਡਰਲ ਦੇ ਨੁਮਾਇੰਦਿਆਂ) ਨੂੰ ਸੱਦਾ ਪੱਤਰ ਭੇਜਣ ਬਾਰੇ, ਸਟੇਜ ਅਤੇ ਉਥੇ ਬੋਲਣ ਵਾਲੇ ਬੁਲਾਰਿਆਂ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ। ਜਿਨ੍ਹਾਂ ਨੇ ਪਰੇਡ ਤੇ ਲੰਗਰ ਲੈ ਕੇ ਆਉਣੇ ਹਨ, ਉਨ੍ਹਾਂ ਨੂੰ ਖਾਸ ਬੇਨਤੀ ਹੈ ਕਿ ਮੀਟਿੰਗ ਵਿਚ ਪਹੁੰਚ ਕੇ ਆਪਣੇ ਯੋਗ ਸੁਝਾਅ ਦੇਵੋ ਜੀ, ਤਾਂ ਜੋ ਪਿਛਲੀਆਂ ਪਰੇਡਾਂ ਵਿਚ ਰਹਿ ਗਈਆਂ ਤਰੁੱਟੀਆਂ ਨੂੰ ਦੂਰ ਕਰਦਿਆਂ ਇਸ ਪਰੇਡ ਨੂੰ ਹੋਰ ਵੀ ਸ਼ਾਨੋ ਸ਼ੌਕਤ ਨਾਲ ਸਜਾਇਆ ਜਾਵੇ। ਪਰੇਡ ਦੇ ਕੋਆਰਡੀਨੇਟਰ ਸ. ਗੁਰਦੇਵ ਸਿੰਘ ਕੰਗ, ਚੇਅਰਮੈਨ ਸ. ਸੁਰਜੀਤ ਸਿੰਘ ਮੁੰਧਲ, ਜਨਰਲ ਸਕੱਤਰ ਸ. ਭੁਪਿੰਦਰ ਸਿੰਘ ਅਟਵਾਲ, ਕੈਸ਼ੀਅਰ ਸ. ਬੂਟਾ ਸਿੰਘ ਚੀਮਾ ਵਲੋਂ ਸਭ ਨੂੰ ਇਸ ਮੀਟਿੰਗ ਵਿਚ ਪਹੁੰਚਣ ਲਈ ਬੇਨਤੀ ਕੀਤੀ ਗਈ ਹੈ। ਵਧੇਰੇ ਜਾਣਕਾਰੀ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ (3473242405), ਮੀਡੀਆ ਚੇਅਰਮੈਨ ਸ. ਸੁਖਜਿੰਦਰ ਸਿੰਘ ਨਿੱਝਰ (9174768888) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਭਾਰਤ-ਪਾਕਿ ਕਸ਼ੀਦਗੀ ਦਾ ਮਸਲਾ ਸਟੇਟ ਵਿਭਾਗ ਕੋਲ ਉਠਾਇਆ ਜਾਵੇ

ਪੱਤਰ ਵਿਚ ਕਿਹਾ ਹੈ ਕਿ ਇਸ ਵੇਲੇ ਹਾਲਤ ਬੜੇ ਸੰਵੇਦਨਸ਼ੀਲ ਬਣੇ ਹੋਏ ਹਨ। ਭਾਰਤ-ਪਾਕਿਸਤਾਨ ਦੀ ਸਰਹੱਦ ਸਿੱਖਾਂ ਦੀ ਬਹੁਗਿਣਤੀ ਵਾਲੇ ਸੂਬੇ ਪੰਜਾਬ ਨਾਲ ਲੱਗਦੀ ਹੈ ਤੇ ਪੰਜਾਬ ਦੀ ਸਰਹੱਦ ਦੇ ਨਾਲ ਨਾਲ ਜੰਗ ਵਾਲਾ ਮਾਹੌਲ ਹੈ, ਜਿਸ ਨਾਲ ਤਣਾਅ ਵਧ ਰਿਹਾ ਹੈ। ਜੇ ਜੰਗ ਛਿੜਦੀ ਹੈ ਤਾਂ ਪੰਜਾਬ ਦੀ ਬਹੁਤ ਤਬਾਹੀ ਹੋ ਸਕਦੀ ਹੈ। ਉਨਾਂ ਕਿਹਾ ਹੈ ਕਿ ਜੰਗ ਦਾ ਚੱਕਰਵਿਊ ਬੀਜੇਪੀ ਤੇ ਆਰਐਸਐਸ ਦਾ ਬੁਣਿਆ ਲਗਦਾ ਹੈ ਤਾਂ ਕਿ ਇਸ ਸਾਲ ਹੋਣ ਵਾਲੀਆਂ ਰਾਸ਼ਟਰੀ ਚੋਣਾਂ ਵਿਚ ਦੋਬਾਰਾ ਫਿਰ ਤੋਂ ਮੋਦੀ ਦੀ ਸਰਕਾਰ ਬਣ ਸਕੇ। ਜਨਾਬ ਗੈਰੀਮੈਂਡੀ, ਜੋ ਅਮਰੀਕੀ ਸਿੱਖ ਕਾਂਗਰੇਸ਼ਨਲ ਕਾਕਸ ਦੇ ਦੋ ਸਹਿ-ਮੁਖੀ ਹਨ, ਨੂੰ ਆਪਣਾ ਪ੍ਰਭਾਵ ਵਰਤ ਕੇ ਜੰਗ ਨੂੰ ਟਾਲਣ ਲਈ ਵਾਰ ਵਾਰ ਬੇਨਤੀ ਹੈ।

ਇਸ ਮੌਕੇ ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਹੈ ਕਿ ਜੰਗ ਦੋਵਾਂ ਦੇਸ਼ਾਂ ਲਈ ਬਹੁਤ ਜ਼ਿਆਦਾ ਤਬਾਹਕੁੰਨ ਹੋਵੇਗੀ, ਇਸ ਕਰਕੇ ਦੋਵਾਂ ਦੇਸ਼ਾਂ ਨੂੰ ਕੋਈ ਅਜਿਹੀ ਗੱਲ ਨਹੀਂ ਕਰਨੀ ਚਾਹੀਦੀ, ਜਿਸ ਨਾਲ ਪਹਿਲਾਂ ਤੋਂ ਵਿਗੜਿਆ ਮਾਹੌਲ ਹੋਰ ਭੜਕ ਜਾਵੇ ਤੇ ਹਾਲਾਤ ਸੰਭਾਲਣੇ ਮੁਸ਼ਕਲ ਹੋ ਜਾਣ। ਸਾਨੂੰ ਇਸ ਗੱਲ ਦੀ ਬਹੁਤ ਚਿੰਤਾ ਹੈ ਕਿ ਪੰਜਾਬ ਦੀ ਧਰਤੀ ਜੰਗ ਦਾ ਮੈਦਾਨ ਨਾ ਬਣੇ ਤੇ ਹੋਣ ਵਾਲੀ ਬਰਬਾਦੀ ਟਾਲੀ ਜਾਵੇ। ਇਸ ਕਰਕੇ ਦੋਵਾਂ ਦੇਸ਼ਾਂ ਨੂੰ ਅਮਨ ਪੂਰਬਕ ਸਾਰੇ ਮਸਲੇ ਹੱਲ ਕਰਨੇ ਚਾਹੀਦੇ ਹਨ।

## ਇਤਿਹਾਸ ਦੀ ਅਹਿਮੀਅਤ

ਏਹਨਾਂ ਖਿਆਲਾਂ ਤੋਂ ਤ੍ਰੰਗਤ ਹੋ ਕੇ ਮੈਂ ਯਤਨ ਕੀਤਾ ਸੀ ਕਿ ਪੰਜਾਬੀਆਂ ਦੀ ਰੁਚੀ ਪੰਜਾਬੀ ਇਤਿਹਾਸ ਵੱਲ ਕੀਤੀ ਜਾਏ। ਏਸੇ ਭਾਵ ਨਾਲ ਲਖਸ਼ਮੀ ਦੇਵੀ ਲਿਖੀ ਸੀ। ਜਦ ਮੈਂ ਵੇਖਦਾ ਹਾਂ ਕਿ ਸਾਡੇ ਗੱਭਰੂ ਮੁੰਡੇ ਆਪਣੇ ਲਈ ਚਾਨਣ ਢੂੰਡਣ ਦਾ ਯਤਨ ਕਰਦੇ ਹੋਏ ਆਪਣੇ ਦੇਸੀ ਇਤਿਹਾਸ ਨੂੰ ਬਿਲਕੁਲ ਛੱਡ ਕੇ ਚਲੇ ਜਾਂਦੇ ਨੇ, ਤਦ ਮੈਨੂੰ ਬੜੀ ਸ਼ਰਮ ਆਉਂਦੀ ਏ ਕਿ ਅਸੀਂ ਆਪਣਿਆਂ ਗੱਭਰੂਆਂ ਨੂੰ ਵਿਦਿਆ ਦਾ ਚਾਨਣਾ ਦੇਣ ਦੇ ਕੇਡੇ ਅਸਮਰੱਥ ਹਾਂ। ਸ਼ੇਕਸਪੀਅਰ ਦੇ ਡਰਾਮੇ ਤੇ ਬੇਕਨ ਦੇ ਲੇਖ ਉਨ੍ਹਾਂ ਲਈ ਵਿਦਿਆ ਦਾ ਭੰਡਾਰ ਨੇ ਪਰ ਭਾਈ ਗੁਰਦਾਸ ਦੀਆਂ ਵਾਰਾਂ ਤੇ ਸਵਯੇ ਓਨੇ ਸੁਆਦਲੇ ਨਹੀਂ। ਕੀ ਸਾਡੇ ਵਾਸਤੇ ਫਰਜ਼ ਨਹੀਂ ਕਿ ਅਸੀਂ ਆਪਣਿਆਂ ਇਤਿਹਾਸਕ ਵੀਰਾਂ ਦਿਆਂ ਚਰਿੱਤਰਾਂ ਨੂੰ ਓਸੇ ਰੰਗ ਨਾਲ ਸੁਆਦਲਾ ਬਣਾ ਕੇ ਗੱਭਰੂਆਂ ਤੇ ਮੁਟਿਆਰਾਂ ਦਿਆਂ ਵਿਦਿਆ-ਪ੍ਰੇਮੀ-ਚਿਤਾਂ ਲਈ ਬੁੱਧ-ਭੋਜਨ ਤਿਆਰ ਕਰੀਏ। ਆਪਣੀ ਅਲਪ ਸ਼ਕਤੀ ਦੇ ਅਨੁਸਾਰ ਮੈਂ ਇਸ ਆਹਰ ਵਿਚ ਲਖਸ਼ਮੀ ਦੇਵੀ ਨੂੰ ਛੱਡ ਕੇ ਦੋ ਨਾਟਕ ਲਿਖ ਚੁੱਕਾ ਹਾਂ, ਇਕ ਮਹਾਰਾਜ ਰਣਜੀਤ ਸਿੰਘ ਪਹਿਲਾ ਭਾਗ ਤੇ ਦੂਜਾ ਮਹਾਰਾਜ ਰਣਜੀਤ ਸਿੰਘ ਦੂਜਾ ਭਾਗ। ਮੇਰੇ ਤੋਂ ਵਧੇਰੇ ਵਿਦਵਾਨ ਪੁਰਖਾਂ ਦਾ ਵੀ ਧਰਮ ਹੈ ਕਿ ਉਹ ਵੀ ਇਤਿਹਾਸਕ ਵੀਰਾਂ ਦਿਆਂ ਚਰਿੱਤਰਾਂ ਨੂੰ ਲੋਕਾਂ ਤਕ ਪਹੁੰਚਾਉਣ ਦਾ ਯਤਨ ਕਰਨ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

## RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME
Premium Bifacial Thin Film Solar

Satnam Singh Khalsa
510-706-1300


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM